# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਮਾਸਟਰ ਆਫ਼ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ — ਸਮੈਸਟਰ ਦੂਜਾ

ਪੇਪਰ : **MLIS 208** — ਯੂਨਿਟ : 2

(ਇਨਫ਼ਰਮੇਸ਼ਨ ਐਂਡ ਲਿਟਰੇਚਰ ਸਰਵੇ ਇਨ ਸ਼ੋਸ਼ਲ ਸਾਇੰਸਿਜ਼)

ਮੀਡੀਅਮ : ਪੰਜਾਬੀ

ਪਾਠ ਨੰਬਰ :


2.1 : ਸੂਚਨਾ ਸ੍ਰੋਤ : ਸਮਾਜ ਵਿਗਿਆਨ ਵਿੱਚ ਦੂਜੇ ਅਤੇ ਤੀਜੇ ਦਰਜੇ ਦੇ ਮਹੱਤਵਪੂਰਣ ਸ੍ਰੋਤਾਂ ਦਾ ਮੁਲਾਂਕਣ

2.2 : ਡਾਟਾਬੇਸ : ਸਮਾਜ ਵਿਗਿਆਨ ਨੈਟਵਰਕ-ਕ੍ਰਿਤ ਅਤੇ ਵਰਗੀਕ੍ਰਿਤ

2.3 : ਵੈਬ ਆਧਾਰਿਤ ਸਾਧਨ ਅਤੇ ਸੇਵਾਵਾਂ : ਸਮਾਜ ਵਿਗਿਆਨ ਦੇ ਸੰਦਰਭ ਵਿੱਚ ਸੰਖੇਪ ਜਾਣਕਾਰੀ

2.4 : ਰਾਸ਼ਟਰੀ ਪੱਧਰ ਤੇ ਸਮਾਜ ਵਿਗਿਆਨ ਸੰਸਥਾਵਾਂ ਦੀ ਖੋਜ ਪ੍ਰਕਿਰਿਆ

2.5 : ਅੰਤਰਰਾਸ਼ਟਰੀ ਪੱਧਰ ਤੇ ਸਮਾਜ ਵਿਗਿਆਨ ਦੀਆਂ ਸੰਸਥਾਵਾਂ ਦੀਆਂ ਖੋਜ ਸਰਗਰਮੀਆਂ



***Department website : www.pbidde.org***

**ਪਾਠ ਨੰ. : 2.1** **ਲੇਖਕ : ਡਾ. ਕੁਲਵਿੰਦਰ ਸਿੰਘ**

## ਸੂਚਨਾ ਸ੍ਰੋਤ : ਸਮਾਜ ਵਿਗਿਆਨ ਵਿਚ ਸੂਚਨਾ ਦੇ ਦੂਜੇ ਅਤੇ ਤੀਜੇ ਕਿਸਮ ਦੇ ਮਹੱਤਵਪੂਰਣ ਸ੍ਰੋਤਾਂ ਦਾ ਮੁਲਾਂਕਣ (Information Sources : Evaluation of Important Secondary and Teritory Sources of Information in Social Sciences)

**ਬਣਤਰ**

7.0 ਉਦੇਸ਼
7.1 ਸੂਚਨਾ ਸ੍ਰੋਤ ਇਨ੍ਹਾਂ ਦਾ ਮੁਲਾਕਣ
7.2 ਇੰਡੀਆ : ਏ ਰੈਫਰੈਸ ਐਨਅੂਲ
7.3 ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ ਸ਼ੋਸ਼ਲ ਸਾਇੰਸਿਜ਼
7.4 ਇੰਡੀਅਨ ਕੋਸਲ ਆਫ ਸ੍ਰੋਸ੍ਰਲ ਸਾਇੰਸ ਰਿਸਰਚ
7.4.1 ਆਈ ਸੀ ਐਸ ਐਸ ਆਰ ਰੀਸਰਚ ਐਬਸਟ੍ਰੈਕਟ
7.4.2 ਇੰਡੀਅਨ ਸੋਸ਼ਲ ਸਾਇੰਸ ਰਿਵਿਊ
7.5 ਸੋਸ਼ਲ ਸਾਇੰਸ ਸਾਈਏਸ਼ਨ ਇੰਡੈਕਸ
7.6 ਵਰਲਡ ਡਾਇਰੈਕਟਰੀ ਆਫ ਸੋਸ਼ਲ ਸਾਇੰਸ
7.7 ਇੰਟਰਨੈਸ਼ਨਲ ਪੋਲਿਟਿਕਲ ਸਾਇੰਸ ਐਬਸਟ੍ਰੈਕਟਸ
7.8 ਸੋਸ਼ੋਲੋਜਿਕਲ ਐਬਸਟ੍ਰੈਕਟਸ
7.9 ਦੀ ਇਕਨਾਮਿਕ ਹਿਸਟਰੀ ਰਿਵਿਊ
7.10 ਬਿਬਲਿਓਗ੍ਰਾਫਿਕ ਇੰਡੈਕਸ

### 7.0 ਉਦੇਸ਼:

**ਇਸ ਪਾਠ ਦੇ ਅਧਿਐਨ ਨਾਲ ਤੁਹਾਨੂੰ ਇਨ੍ਹਾਂ ਗੱਲਾਂ ਦੀ ਮਦਦ ਮਿਲੇਗੀ :**

(1) ਸੂਚਨਾ ਦੇ ਮਹੱਤਵਪੂਰਨ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਸ੍ਰੋਤਾਂ ਦਾ ਅਧਿਐਨ;
(2) ਦੂਜੇ ਅਤੇ ਤੀਜੇ ਕਿਸਮ ਦੇ ਰਾਸ਼ਟਰੀ ਸ੍ਰੋਤਾਂ ਦਾ ਮੁਲਾਂਕਣ ਕਰਨ ਵਿੱਚ।

### 7.1 ਸੂਚਨਾ ਸ੍ਰੋਤ ਇਨ੍ਹਾਂ ਦਾ ਮੁਲਾਕਣ : Information Sources and Their Evaluation

ਸੂਚਨਾ ਦੇ ਸ੍ਰੋਤਾਂ ਦੀਆਂ ਪੁਸਤਕਾਂ ਕਾਫੀ ਵੱਡੀਆਂ ਹੁੰਦੀਆਂ ਹਨ ਅਤੇ ਕਈ ਅੰਕਾਂ ਵਿਚ ਵੀ ਹੁੰਦੀਆਂ ਹਨ। ਇਨਾਂ ਪੁਸਤਕਾਂ ਵਿਚ ਦਿੱਤੀ ਜਾਂਦੀ ਜਾਣਕਾਰੀ ਨੂੰ ਤਿਆਰ ਕਰਨ ਲਈ ਕਾਫੀ ਸਮਾਂ ਲਗ ਜਾਂਦਾ ਹੈ। ਸੰਦਰਭ ਲਾਇਬ੍ਰੇਰੀਅਨ ਨੂੰ ਇਹ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ ਕਿ ਕਿਹੜੇ ਸੂਚਨਾ ਦੇ ਸ੍ਰੋਤ ਚੰਗੇ ਹਨ, ਕਿਹੜੇ ਮਾੜੇ ਹਨ ਅਤੇ ਕਿਨ੍ਹਾਂ ਵਿਚੋਂ ਕਿਹੋ ਜਿਹੀ ਜਾਣਕਾਰੀ ਮਿਲਦੀ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਇਨ੍ਹਾਂ ਸੂਚਨਾ ਦੇ ਸ੍ਰੋਤਾਂ ਦਾ ਮੁਲਾਂਕਣ ਕਰਨਾ ਬਹੁਤ ਜ਼ਰੂਰੀ ਹੈ। ਇਨ੍ਹਾਂ ਪੁਸਤਕਾਂ ਦੀ ਚੋਣ ਬਹੁਤ ਹੀ ਸਾਵਧਾਨੀ, ਦੂਰ-ਦ੍ਰਿਸ਼ਟੀ ਤੇ ਧਿਆਨ ਨਾਲ ਕਰਨੀ ਚਾਹੀਦੀ ਹੈ।

ਇਹ ਅਜਿਹੇ ਸੂਚਨਾ ਦੇ ਸ੍ਰੋਤ ਹੁੰਦੇ ਹਨ ਜਿਨ੍ਹਾਂ ਤੋਂ ਹਰ ਪਾਠਕ ਜਾਂ ਖੋਜੀ ਆਪ ਵੀ ਲੋੜ ਅਨੁਸਾਰ ਸੂਚਨਾ ਹਾਸਲ ਕਰਦੇ ਹਨ। ਇਨ੍ਹਾਂ ਪੁਸਤਕਾਂ ਵਿਚ ਅੰਕਿਤ ਗਿਆਨ ਕਿਸੇ ਸ਼ੱਕ ਦੀ ਗੁੰਜਾਇਸ ਨਹੀਂ ਰੱਖਦਾ ਅਤੇ ਹਰ ਵਿਅਕਤੀ ਇਸ ਗਿਆਨ ਨੂੰ ਸਵੀਕਾਰ ਕਰ ਲੈਂਦਾ ਹੈ। ਉਪਰੋਕਤ ਗੱਲਾਂ ਨੂੰ ਧਿਆਨ ਵਿਚੋਂ ਰੱਖਣ ਤੋਂ ਬਾਅਦ ਸੂਚਨਾ ਦੇ ਸ੍ਰੋਤਾਂ ਦੀ ਪਰਖ ਕਰਨ ਲਈ ਕਿ ਚੰਗੇ ਹਨ ਜਾਂ ਮਾੜੇ ਹਨ, ਨੂੰ ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਕਰ ਸਕਦੇ ਹਨ:

**1. ਉਦੇਸ਼ (Purpose) :**

ਸੰਦਰਭ ਸ੍ਰੋਤ ਨੂੰ ਤਿਆਰ ਕਰਨ ਲਈ ਹਰ ਇਕ ਲੇਖਕ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਜਿਵੇਂ ਇਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸ ਨੂੰ ਲਿਖਣ ਦਾ ਉਦੇਸ਼ ਸਾਡੇ ਸਮਾਜਿਕ ਅਤੇ ਵਿਵਹਾਰਿਕ ਜੀਵਨ ਨੂੰ ਵੱਡੇ

ਪੱਧਰ ਤੇ ਉਲੀਕਿਆ ਗਿਆ ਹੈ। ਜਿਹੜਾ ਸੂਚਨਾ ਦਾ ਸ੍ਰੋਤ ਜਿਸ ਉਦੇਸ਼ ਨਾਲ ਲਿਖਿਆ ਗਿਆ ਹੈ ਜੇਕਰ ਉਸ ਵਿਚੋਂ ਉਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਤਾਂ ਉਹ ਸੰਦਰਭ ਸ੍ਰੋਤ ਪਾਠਕਾਂ ਦੀ ਕਸਵੱਟੀ ਤੇ ਪੂਰਾ ਉਤਰੇਗਾ। ਅਜਿਹਾ ਸੰਦਰਭ ਸ੍ਰੋਤ ਸਰਬ ਪ੍ਰਮਾਣਿਤ ਹੋਵੇਗਾ।

**2. ਅਧਿਕ੍ਰਿਤਤਾ (Authority) :**

ਅਧਿਕ੍ਰਿਤਤਾ ਭਾਵ ਸੰਦਰਭ ਸ੍ਰੋਤਾਂ ਜਾਂ ਪੁਸਤਕਾਂ ਦੀ ਸਰਪ੍ਰਸਤ ਸੰਸਥਾ ਕਿਹੜੀ ਹੈ। ਇਨ੍ਹਾਂ ਪੁਸਤਕਾਂ ਦਾ ਲੇਖਕ ਕੌਣ ਹੈ ਅਤੇ ਐਡੀਟਰ ਆਦਿ ਦੀਆਂ ਯੋਗਤਾਵਾਂ, ਤਜਰਬਾ ਤੇ ਮਸ਼ਹੂਰੀ ਤੋਂ ਹੀ ਪੜਚੋਲ ਕੀਤੀ ਜਾਂਦੀ ਹੈ। ਜਿਸ ਲੇਖਕ ਤੇ ਐਡੀਟਰ ਦਾ ਯੋਗਤਾ ਤੇ ਤਜਰਬਾ ਵੱਧ ਹੋਵੇਗਾ ਉਨ੍ਹਾਂ ਹੀ ਸੰਦਰਭ ਸ੍ਰੋਤ ਚੰਗਾ ਤੇ ਵੱਧ ਗਿਆਨ ਦੇਣ ਵਾਲਾ ਹੋਵੇਗਾ।

ਸੰਦਰਭ ਪੁਸਤਕਾਂ ਨੂੰ ਛਾਪਣ ਵਾਲੇ ਵੀ ਕਾਫੀ ਮਹੱਤਵਪੂਰਨ ਹੁੰਦੇ ਹਨ। ਨਾਮਵਰ ਪਬਲਿਸ਼ਰ ਹੀ ਚੰਗੀਆਂ ਪੁਸਤਕਾਂ ਤੇ ਸੰਦਰਭ ਸ੍ਰੋਤ ਛਾਪਦੇ ਹਨ। ਜਿਵੇਂ ਸਾਇੰਸ ਦੀਆਂ ਪੁਸਤਕਾਂ ਤੇ ਸੰਦਰਭ ਸ੍ਰੋਤਾਂ ਨੂੰ ਛਾਪਣ ਵਿਚੋਂ MC Graw Hill ਪਬਲਿਸ਼ਰ ਕਾਫੀ ਮਸ਼ਹੂਰ ਹੈ। ਜਿਹੜੀਆਂ ਪੁਸਤਕਾਂ MC/Graw Hill ਪਬਲਿਸ਼ਰ ਦੀਆਂ ਛਾਪੀਆਂ ਹੋਣਗੀਆਂ ਉਨ੍ਹਾਂ ਦਾ ਮਿਆਰ ਕਾਫੀ ਉੱਚਾ ਹੁੰਦਾ ਹੈ। ਸੰਦਰਭ ਸ੍ਰੋਤ ਚੰਗਾ ਜਾਂ ਮਾੜਾ ਹੋਣ ਦਾ ਅੰਦਾਜ਼ਾ ਉਸਦੇ ਲੇਖਕ, ਐਡੀਟਰ ਅਤੇ ਪਬਲਿਸ਼ਰ ਤੋਂ ਹੀ ਪਤਾ ਲਗ ਜਾਂਦਾ ਹੈ।

**3. ਕਾਰਜ-ਖੇਤਰ (Scope) :**

ਸੰਦਰਭ ਪੁਸਤਕਾਂ ਜਾਂ ਸ੍ਰੋਤਾਂ ਦਾ ਕਾਰਜ ਖੇਤਰ ਉਸ ਵਿਚੋਂ ਦਿੱਤੀ ਗਈ ਸਮੱਗਰੀ ਤੋਂ ਪਤਾ ਲੱਗਦਾ ਹੈ। ਸੰਦਰਭ ਪੁਸਤਕਾਂ ਨੂੰ ਲਿਖਣ ਦਾ ਕੀ ਉਦੇਸ਼ ਹੈ ਅਤੇ ਲੇਖਕ ਜਾਂ ਐਡੀਟਰ ਉਸ ਉਦੇਸ਼ ਦੀ ਪੁਸਤਕ ਵਿਚ ਕਿੰਨੀ ਕੁ ਪੂਰਤੀ ਕਰਦੇ ਹਨ। ਸੰਦਰਭ ਸ੍ਰੋਤ ਦਾ ਵਿਸ਼ਾ ਕਿਥੋਂ ਤੱਕ ਸੀਮਤ ਰੱਖਿਆ ਹੈ ਤੇ ਇਸ ਵਿਚ ਦਿੱਤੀ ਗਈ ਸਮੱਗਰੀ ਕਿੰਨ੍ਹੀ ਨਵੀਂ ਹੈ। ਸੰਦਰਭ ਪੁਸਤਕ ਵਿਚ ਲਏ ਗਏ ਵਿਸ਼ੇ ਦੇ ਸਾਰੇ ਪੱਖਾਂ ਤੇ ਰੋਸ਼ਨੀ ਪਾਈ ਹੈ ਜਾਂ ਨਹੀਂ।

**4. ਤਰਤੀਬ (Arrangement) :**

ਆਮ ਪੁਸਤਕਾਂ ਨਾਲੋਂ ਸੰਦਰਭ ਪੁਸਤਕਾਂ ਜਾਂ ਸ੍ਰੋਤਾਂ ਵਿਚ ਦਿੱਤੀ ਗਈ ਤਰਤੀਬ ਬਹੁਤ ਹੀ ਮਹੱਤਤਾ ਰੱਖਦੀ ਹੈ। ਸੰਦਰਭ ਪੁਸਤਕਾਂ ਕਾਫੀ ਵੱਡੀਆਂ ਤੇ ਕਈ ਅੰਕਾਂ ਵਿਚ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਜਾਣਕਾਰੀ ਲੱਭਣੀ ਕਾਫੀ ਔਖੀ ਹੁੰਦੀ ਹੈ। ਸੰਦਰਭ ਪੁਸਤਕਾਂ ਦੀ ਤਰਤੀਬ ਇਸ ਤਰੀਕੇ ਨਾਲ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਪਾਠਕ ਆਪਣੀ ਜਾਣਕਾਰੀ ਅਸਾਨੀ ਨਾਲ ਤੇ ਛੇਤੀ ਲੱਭ ਸਕੇ। ਸੰਦਰਭ ਪੁਸਤਕਾਂ ਦੀ ਤਰਤੀਬ ਵਰਗੀਕ੍ਰਿਤ, ਕਾਲ ਕ੍ਰਮ, ਭੂਗੋਲਿਕ, ਅੱਖਰਵਾਰ ਜਾਂ ਕੋਈ ਹੋਰ ਵੀ ਹੋ ਸਕਦੀ ਹੈ। ਸੰਦਰਭ ਪੁਸਤਕਾਂ ਦੇ ਅਖੀਰ ਵਿਚ ਇੰਡੈਕਸ ਦਿੱਤਾ ਹੁੰਦਾ ਹੈ ਜਿਸ ਵਿਚ ਪਾਠਕ ਲਈ ਲੋੜੀਂਦੀ ਜਾਣਕਾਰੀ ਦੀ ਥਾਂ ਬਾਰੇ ਦੱਸਿਆ ਹੁੰਦਾ ਹੈ ਕਿ ਇਹ ਕਿਹੜੇ ਪੰਨੇ ਤੇ ਉਪਲਬਧ ਹੈ। ਜਿਸ ਸੰਦਰਭ ਸ੍ਰੋਤ ਦੀ ਤਰਤੀਬ ਜਿੰਨ੍ਹੀ ਚੰਗੀ ਤੇ ਸੌਖੀ ਹੋਵੇਗੀ, ਉਹ ਸੰਦਰਭ ਪੁਸਤਕ ਉਨ੍ਹੀ ਹੀ ਪਾਠਕਾਂ ਲਈ ਲਾਹੇਵੰਦ ਹੋਵੇਗੀ।

**5. ਵਰਤਾਉ (Treatment) :**

ਸੰਦਰਭ ਪੁਸਤਕਾਂ ਵਿਚ ਦਿੱਤੀ ਗਈ ਜਾਣਕਾਰੀ ਪੂਰੀ ਅਤੇ ਭਰੋਸੇਯੋਗ ਹੋਣੀ ਚਾਹੀਦੀ ਹੈ। ਸੰਦਰਭ ਪੁਸਤਕ ਵਿਚ ਜਿਸ ਵਿਸ਼ੇ ਦੇ ਲੇਖ ਬਾਰੇ ਜਾਣਕਾਰੀ ਦਿੱਤੀ ਗਈ ਹੋਵੇ ਉਹ ਤੱਥਾਂ ਤੇ ਅੰਕੜਿਆਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਸੰਦਰਭ ਪੁਸਤਕਾਂ ਵਿਚ ਲੇਖ ਕਿਸੇ ਵਾਦ-ਵਿਵਾਦ ਵਾਲੇ ਨਹੀਂ ਹੋਣੇ ਚਾਹੀਦੇ। ਲੇਖਕ ਨੂੰ ਸੰਦਰਭ ਪੁਸਤਕਾਂ ਵਿਚ ਦਿੱਤੀ ਜਾਣਕਾਰੀ ਨਾਲ ਕੋਈ ਪੱਖਪਾਤ ਨਹੀਂ ਕਰਨਾ ਚਾਹੀਦਾ, ਸੱਚ ਤੇ ਸਹੀ ਪੱਖ ਹੀ ਪੇਸ਼ ਕਰਨਾ ਚਾਹੀਦਾ ਹੈ।

**6. ਬਣਤਰ (Format) :**

ਸੰਦਰਭ ਪੁਸਤਕ ਦੀ ਬਣਤਰ ਤੋਂ ਭਾਵ ਪੁਸਤਕ ਦੇ ਬਾਹਰੀ ਪੱਖ ਤੋਂ ਹੈ। ਇਸ ਵਿਚ ਪੁਸਤਕ ਦੀ ਜਿਲਤਬੰਦੀ, ਕਾਗਜ਼ ਦੀ ਕਿਸਮ, ਟਾਈਪ ਕੀਤੇ ਪੰਨੇ ਦੇ ਸਾਈਡਾਂ ਤੇ ਛੱਡੀ ਥਾਂ, ਉਦਾਹਰਨਾਂ ਅਤੇ ਨਕਸ਼ੇ ਆਦਿ ਸ਼ਾਮਲ ਹਨ। ਸੰਦਰਭ ਪੁਸਤਕਾਂ ਨੂੰ ਤਿਆਰ ਕਰਨ ਲਈ ਕਾਫੀ ਸਮਾਂ ਲਗਦਾ ਹੈ। ਇਹ ਕਾਫੀ ਕੀਮਤੀ ਵੀ ਹੁੰਦੀਆਂ ਹਨ। ਇਨ੍ਹਾਂ ਦੀ ਬਣਤਰ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।

**7. ਵਿਸ਼ੇਸ਼ ਲੱਛਣ ਤੇ ਕਮੀਆਂ (Special Features & Drawbads) :**

ਸੰਦਰਭ ਪੁਸਤਕਾਂ ਵਿਚ ਵਿਸ਼ੇਸ਼ ਲੱਛਣ ਹੋਣੇ ਚਾਹੀਦੇ ਹਨ। ਇਹ ਦੂਜੀਆਂ ਸੰਦਰਭ ਪੁਸਤਕਾਂ ਤੋਂ ਵੱਖਰੀਆਂ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਪੁਸਤਕਾਂ ਦੇ ਵਿਸ਼ੇਸ਼ ਗੁਣ ਦਰਸਾਉਣ ਲਈ ਅੰਤਿਕਾਵਾਂ ਦੇਣੀਆਂ ਚਾਹੀਦੀਆਂ ਹਨ। ਸੰਦਰਭ ਪੁਸਤਕਾਂ ਵਿਚ ਦਿੱਤੀ ਗਈ ਬਿਬਲਿਉਗ੍ਰਾਫੀ ਤਾਜੀ ਤੇ ਨਵੀਂ ਤੇ ਪਾਠਕਾਂ ਦੇ ਲਾਭਦਾਇਕ ਹੋਣੀ ਚਾਹੀਦੀ ਹੈ।

**8. ਸੱਜਰਾਪਣ (Recency or Upto Dateness) :**

ਸੰਦਰਭ ਪੁਸਤਕਾਂ ਦਾ ਲਗਾਤਾਰ ਸੁਧਾਈ ਅਤੇ ਮਿਤੀਅੰਤ ਕਰਨ ਨਾਲ ਹੀ ਇਸ ਦਾ ਸੱਜਰਾਪਣ ਰਹਿ ਸਕਦਾ ਹੈ। ਸੰਦਰਭ ਪੁਸਤਕਾਂ ਦਾ ਆਮ ਪੁਸਤਕਾਂ ਦੀ ਤਰ੍ਹਾਂ ਹਰ ਸਾਲ ਨਵਾਂ ਐਡੀਸ਼ਨ ਨਹੀਂ ਛਾਪਿਆ ਜਾ ਸਕਦਾ ਪਰ ਨਵੀਂ ਜਾਣਕਾਰੀ ਨੂੰ ਸ਼ਾਮਲ ਕਰਨ ਲਈ ਹਰ ਵਰ੍ਹੇ ਵਿਚ ਸਪਲੀਮੈਂਟ ਕੱਢਿਆ ਜਾਂਦਾ ਹੈ। ਜਿਸ ਨਾਲ ਸੰਦਰਭ ਪੁਸਤਕ ਵਿਚ ਨਵਾਂਪਣ ਅਤੇ ਨਵੀਂ ਜਾਣਕਾਰੀ ਸ਼ਾਮਲ ਹੋ ਜਾਂਦੀ ਹੈ। ਹੁਣ ਨਵੀਂ ਤਕਨਾਲੋਜੀ ਉਪਲਬਧ ਹੋਣ ਕਰਕੇ ਸੰਦਰਭ ਪੁਸਤਕਾਂ ਦੀ ਸੁਧਾਈ ਤੇਜ ਰਫਤਾਰ ਨਾਲ ਕੀਤੀ ਜਾ ਸਕਦੀ ਹੈ। Encyclopedia Americana ਆਪਣੇ ਮਹਾਨ ਕੋਸ਼ ਨੂੰ ਲਗਾਤਾਰ ਸੁਧਾਈ ਤੇ ਰੀਵੀਜਨ ਕਰਨ ਲਈ 1923 ਤੋਂ ਹਰ ਸਾਲ Americana Annual ਛਾਪਦੀ ਹੈ। ਇਸੇ ਤਰ੍ਹਾਂ New Encyclopaedia Brilannica, 1938 ਤੋਂ ਹਰ ਸਾਲ "Britannica book of the year ਛਾਪਦੀ ਹੈ। ਇਸੇ ਤਰ੍ਹਾਂ McGraw Hill Encyclopaedia of Science and Technology ਸੱਜਰਾਪਣ ਰੱਖਣ ਲਈ "McGraw Hill Year Book of Science and Technology" ਛਾਪਦੀ ਹੈ।

**9. ਸਾਰ (Conclusion) :**

ਸੰਦਰਭ ਪੁਸਤਕਾਂ ਦੇ ਅਖੀਰ ਵਿਚ ਲੇਖਕ ਜਾਂ ਐਡੀਟਰ ਆਪਣੀ ਸੰਦਰਭ ਪੁਸਤਕ ਦੀਆਂ ਵਿਸ਼ੇਸ਼ਤਾਵਾਂ ਅਤੇ ਚੰਗਿਆਈਆਂ ਬਾਰੇ ਸਾਰ ਦਿੰਦੇ ਹਨ। ਪਾਠਕਾਂ ਨੂੰ ਇਹ ਸਾਰ ਪੜ੍ਹਨ ਉਪਰੰਤ ਸੰਦਰਭ ਸ੍ਰੋਤ ਚੰਗੇਪਣ ਬਾਰੇ ਗਿਆਨ ਹੋ ਜਾਂਦਾ ਹੈ। ਜਿਹੜੀਆਂ ਸੰਦਰਭ ਪੁਸਤਕ ਵਿਚੋਂ ਸਾਰ ਦਿੱਤਾ ਹੁੰਦਾ ਹੈ ਉਹ ਚੰਗੀਆਂ ਮੰਨੀਆਂ ਜਾਂਦੀਆਂ ਹਨ।

**10. ਕੀਮਤ ਅਤੇ ਇੰਡੈਕਸ (Price and Index) :**

ਸੰਦਰਭ ਪੁਸਤਕਾਂ ਕਈ ਅੰਕਾਂ ਵਿਚ ਹੁੰਦੀਆਂ ਜਿਨ੍ਹਾਂ ਦੀ ਕੀਮਤ ਕਾਫੀ ਜਿਆਦਾ ਹੁੰਦੀ ਹੈ। ਸੰਦਰਭ ਪੁਸਤਕਾਂ ਕੀਮਤ ਆਮ ਪਾਠਕਾਂ ਦੀ ਪਹੁੰਚ ਤੱਕ ਹੋਣੀ ਚਾਹੀਦੀ ਹੈ। ਸੰਦਰਭ ਪੁਸਤਕਾਂ ਦੇ ਅਖੀਰ ਵਿਚੋਂ ਇੰਡੈਕਸ ਵੀ ਪਾਠਕਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ।

ਕੁਝ ਸੰਦਰਭ ਸ੍ਰੋਤਾਂ ਦੀਆਂ ਪੁਸਤਕਾਂ, ਇੰਡੈਕਸ, ਰੀਵਿਊ, ਐਬਸਟਰੈਕਟ ਅਤੇ ਡਾਇਰੈਕਟਰੀਆਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

**7.2 ਇੰਡੀਆ: ਏ ਰੈਫਰੈਂਸ ਐਨੂਅਲ ( India: A Reference Annual complied by the Research and Reference Division, Ministy of Information and Broadcasting, Govt of India, New Delhi: 1953:**

ਇੰਡੀਆ : ਏ ਰੈਫਰੈਂਸ ਐਨੂਅਲ 1953 ਤੋਂ ਲਗਾਤਾਰ ਛੱਪਣ ਵਾਲੀ ਸੰਦਰਭ ਪੁਸਤਕ ਹੈ। ਇਸ ਵਿੱਚ ਭਾਰਤ ਦੇ 32 ਰਾਜਾਂ ਅਤੇ ਯੂਨੀਅਨ ਟੈਰਾਟੈਰੀ ਸਾਡੇ ਰਾਸ਼ਟਰੀ ਜੀਵਨ ਦੇ ਵੱਖ-ਵੱਖ ਪੱਖਾਂ ਦੀ ਜਾਣਕਾਰੀ ਜਿਹੜੀ ਕਿ ਸਰਕਾਰੀ ਅਤੇ ਦੂਜੀ ਅਧਿਕ੍ਰਿਤ ਸੋਮਿਆਂ ਤੋਂ ਇਕੱਤਰ ਕੀਤੀ ਜਾਂਦੀ ਹੈ, ਦਿੰਦੀ ਹੈ। ਇਸ ਪੁਸਤਕ ਦਾ ਹਰ ਅੰਕ ਭਾਰਤ ਦੇ ਲੋਕਾਂ, ਸਰਕਾਰਾਂ, ਸਿੱਖਿਆ, ਰੱਖਿਆ, ਸਭਿਆਚਾਰ, ਪ੍ਰਕ੍ਰਿਆਵਾਂ, ਵਿਗਿਆਨੀ ਖੋਜ, ਵਿੱਤ, ਵਪਾਰ, ਯੋਜਨਾ, ਖੇਤੀ, ਸਿੰਜਾਈ ਅਤੇ ਪਿਛਲੇ ਸਾਲ ਵਿੱਚ ਲੋਕ ਸਭਾ ਦੁਅਰਾ ਪਾਸ ਕੀਤੇ ਗਏ ਨਿਯਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਦੇਸ਼ ਦੇ ਵਿਭਿੰਨ ਰਾਜਾਂ ਬਾਰੇ ਤੱਥਾਂ ਅਤੇ ਅੰਕੜਿਆਂ ਦੀ ਜਾਣਕਾਰੀ ਦਿੰਦੀ ਹੈ। ਸਭ ਤੋਂ ਅਧਿਕ ਮਹੱਤਤਾ ਵਾਲੀ ਗੱਲ ਪਿਛਲੇ ਸਾਲ ਦੀਆਂ ਘਟਨਾਵਾਂ ਦੀ ਮਿਤੀ ਅਨੁਸਾਰ ਸੂਚੀ ਦੀ ਹੋਂਦ ਹੈ। ਇਸ ਦਾ ਹਰ ਅੰਕ ਪਹਿਲੇ ਅੰਕ ਦਾ ਸੋਧਿਆ ਹੋਇਆ ਰੂਪ ਹੈ। ਸਾਲ ਵਿੱਚ ਘਟਣ ਵਾਲੀਆਂ ਘਟਨਾਵਾਂ ਦੀ ਮਹੱਤਤਾ ਅਨੁਸਾਰ ਪੁਸਤਕ ਵਿਚ ਜਾਣਕਾਰੀ ਦੇ ਸ਼ਾਮਿਲ ਵਿਸ਼ਿਆਂ ਦੇ ਜੋਰ ਦਾ ਰੁੱਖ ਹਰ ਸਾਲ ਬਦਲਦਾ ਰਹਿੰਦਾ ਹੈ। ਸਰਕਾਰੀ ਪਬਲੀਕੇਸ਼ਨ ਹੋਣ ਕਰਕੇ ਇਸ ਵਿੱਚਲੇ ਤੱਥ ਅਤੇ ਅੰਕੜੇ ਭਰੋਸੇਯੋਗ ਅਤੇ ਪ੍ਰਮਾਣਿਕ ਮੰਨੇ ਜਾਂਦੇ ਹਨ।

ਇੰਡੀਆ: ਏ ਰੈਫਰੈਂਸ ਐਨੂਅਲ ਸੰਦਰਭ ਪੁਸਤਕ ਵਿੱਚ ਅਨੇਕ ਅੰਤਿਕਾਵਾਂ ਹਨ। ਜਿਨ੍ਹਾਂ ਵਿੱਚ ਸਰਕਾਰੀ ਅਫਸਰਾਂ, ਸੰਸਦ ਦੇ ਮੈਂਬਰਾਂ ਬਾਰੇ, ਸੰਸਥਾਵਾਂ ਦੇ ਪੁਰਸਕਾਰ (ਕਿਹੜਾ ਪੁਰਸਕਾਰ ਕਿਸਨੂੰ ਮਿਲਿਆ) ਭਾਰਤ ਵਿੱਚ ਯੂਨੀਵਰਸਿਆਂ, ਵਿਦੇਸ਼ੀ ਰਾਜਦੂਤ, ਭਾਰਤੀ ਰਾਜਦੂਤ ਵਿਦੇਸ਼ਾਂ ਵਿਚ ਅਤੇ ਡਾਕ ਪਤੇ ਆਦਿ ਬਾਰੇ ਜਾਦਕਾਰੀ ਸ਼ਾਮਲ ਕੀਤੀ ਗਈ ਹੈ।

ਇਸ ਸੰਦਰਭ ਪੁਸਤਕ ਵਿੱਚ ਇਕ ਲੰਮੀ ਅਤੇ ਵਿਆਪਕ ਗ੍ਰੰਥ-ਸੂਚੀ ਵੀ ਦਿੱਤੀ ਗਈ ਹੈ ਜਿਸ ਦਾ ਅਨੇਕ ਪਾਠਕਾਂ ਨੂੰ ਅਗਲੇਰੀ ਜਾਣਕਾਰੀ ਹਿਤ ਲਾਭ ਪਹੁੰਚ ਸਕਦਾ ਹੈ। ਇਹ ਸੂਚੀ ਭਾਰਤ ਦੇ ਕਿਸੇ ਪਹਿਲੂ ਤੇ ਖੋਜ ਕਰ ਰਹੇ

ਖੋਜਾਰਥੀਆਂ ਲਈ ਵੀ ਸਹਾਈ ਹੁੰਦੀ ਹੈ। ਆਖੀਰ ਵਿੱਚ ਵਿਸਤ੍ਰਿਤ ਅਨੁਕ੍ਰਮਣਿਕਾ ਦੀ ਦਿੱਤੀ ਗਈ ਹੈ ਜਿਸ ਨਾਲ ਢੁੱਕਵੀਂ ਅਤੇ ਲੋੜੀਂਦੀ ਸੂਚਨਾ ਲੱਭਣਾ ਅਸਾਨ ਹੋ ਜਾਂਦਾ ਹੈ।

ਇੰਡੀਆ: ਏ ਰੈਫਰੈਂਸ ਐਨੂਅਲ ਦਾ 56ਵਾਂ ਐਡੀਸ਼ਨ 2012 ਵਿਚ ਛੱਪ ਚੁੱਕਿਆ ਹੈ। ਇਸ ਵਿੱਚ Census 2011 ਦੀ ਜਨਸੰਖਿਆ ਬਾਰੇ ਪੂਰੇ ਵੇਰਵੇ ਦਿੱਤੇ ਹੋਏ ਹਨ। ਭਾਰਤ ਬਾਰੇ ਉਪਲਬਧ ਸੰਦਰਭ ਸ੍ਰੋਤਾਂ ਵਿੱਚੋਂ ਇਹ ਇਕ ਵਧੀਆ ਸ੍ਰੋਤ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਅਨੇਕ ਪ੍ਰਕਾਰ ਦੀ ਜਾਣਕਾਰੀ ਮਿਲ ਜਾਂਦੀ ਹੈ। ਇਸ ਸੰਦਰਭ ਪੁਸਤਕ ਦੀ ਪਬਲੀਕੇਸ਼ਨ ਸਮੇਂ ਵਧੀਆ ਕਾਗਜ ਅਤੇ ਬਾਈਡਿੰਗ ਆਦਿ ਚੰਗੀ ਹੈ ਜਿਹੜੀ ਕਿ ਪਾਠਕਾਂ ਦੇ ਵਾਰ-ਵਾਰ ਵਰਤੋਂ ਕਰਨ ਦੇ ਯੋਗ ਵੀ ਹੈ। ਸਰਕਾਰੀ ਪਬਲੀਕੇਸ਼ਨ ਹੋਣ ਕਾਰਨ ਇਸ ਦੀ ਕੀਮਤ ਵੀ ਘੱਟ ਹੀ ਰੱਖੀ ਗਈ ਹੈ। ਹੁਣ ਹਰ ਸਾਲ ਅੰਗਰੇਜੀ ਤੇ ਹਿੰਦੀ ਵਿੱਚ ਲਗਭਗ ਇਸ ਦੀਆਂ 67000 ਕਾਪੀਆਂ ਛੱਪਦੀਆਂ ਹਨ। ਆਉਣ ਵਾਲੇ ਸਮੇਂ ਵਿੱਚ ਨਵੀਂ ਤਕਨਾਲੋਜੀ ਨਾਲ ਇਹ ਪ੍ਰਕਾਸ਼ਿਤ ਰੂਪ, ਸੀ.ਡੀ. ਅਤੇ ਬਿਜਲਾਣੀ ਰੂਪ ਵਿੱਚ ਵੀ ਉਪਲਬਧ ਹੋਇਆ ਕਰੇਗੀ।

**7.3 ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸਿਜ਼, ਸੰਪਾਦਕ ਡੇਵਿਡ ਐਲ ਮਿੱਲਜ, ਨਿਊਯਾਰਕ, ਮੈਕਮਿਲਨ ਕੰਪਨੀ ਐਂਡ ਫਰੀ ਪ੍ਰੈਸ, 1968, 17 ਜਿਲਣਾਂ+18 ਵੀ ਜਿਲਦ ਜੀਵਨੀ ਪੂਰਵਕ ਹੈ।**

ਇਸ ਦੇ ਪਹਿਲੇ ਸੰਸਕਰਣ ਨੂੰ ਸਮਾਜ ਵਿਗਿਆਨ ਦਾ ਵਿਸ਼ਵਕੋਸ਼ ਕਿਹਾ ਜਾਂਦਾ ਸੀ। ਪਰ ਇਹ ਨਵਾਂ ਵਿਸ਼ਵਕੋਸ਼ ਉਪਰੋਕਤ ਵਿਸ਼ਵਕੋਸ਼ ਦੀ ਸੁਧਾਈ ਨਾਲੋਂ ਵੀ ਕਾਫੀ ਕੁਝ ਜਿਆਦਾ ਹੈ। ਇਹ ਵਿਸ਼ਵਕੋਸ਼ 1960 ਦੇ ਦਹਾਕੇ ਵਿੱਚ ਜਦੋਂ ਕਿ ਸਮਾਜ ਵਿਗਿਆਨ ਅਕਾਦਮਿਕ ਦਿਲਚਸਪੀ ਦਾ ਕੇਂਦਰ ਬਣਕੇ ਪ੍ਰਫੁੱਲਿਤ ਹੋਣ ਲੱਗਾ, ਇਸ ਦੀ ਦਸ਼ਾ ਨੂੰ ਦਰਸਾਉਣ ਦੇ ਮੰਤਵ ਨਾਲ ਲਿਖਿਆ ਗਿਆ ਸੀ।

ਇਹ ਸਮਾਜ ਵਿਗਿਆਨੀਆਂ ਦੀ ਚੰਗੀ ਰਚਨਾ ਹੈ। ਇਸ ਨੂੰ ਦੁਨੀਆ ਦੇ ਉੱਘੇ ਸਮਾਜ ਵਿਗਿਆਨਆਂ ਨੇ ਤਿਆਰ, ਨਿਰਦੇਸ਼ਿਤ ਅਤੇ ਸੰਪਾਦਿਤ ਕੀਤਾ ਹੈ। ਇਹ ਸਮਾਜ ਵਿਗਿਆਨ ਦੇ ਖੇਤਰ ਵਿੱਚ ਜਾਣਕਾਰੀ ਦੇਣ ਵਾਲਾ ਵੱਡਮੁੱਲਾ ਸ੍ਰੋਤ ਹੈ। ਦੁਨੀਆ ਦੇ ਲਗਭਗ 1500 ਤੋਂ ਵੱਧ ਵਿਦਵਾਨਾਂ ਅਤੇ ਸਮਾਜ ਵਿਗਿਆਨੀਆਂ ਨੇ ਇਸ ਵਿਸ਼ਵਕੋਸ਼ ਵਾਸਤੇ ਸਮਾਜਿਕ ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਉਪਰ ਤੁਲਨਾਤਮਕ ਅਤੇ ਬਹੁਪੱਖੀ ਸੁਲੇਖ ਲਿਖੇ ਹਨ। ਇਸ ਵਿੱਚ ਸੋਸ਼ਿਆਲੋਜੀ, ਅਰਥ ਵਿਗਿਆਨ, ਰਾਜਨੀਤੀ ਵਿਗਿਆਨ, ਕਾਨੂੰਨ, ਇਤਿਹਾਸ ਆਦਿ ਸ਼ੁੱਧ ਸਮਾਜ ਵਿਗਿਆਨ ਬਾਰੇ ਜਾਣਕਾਰੀ ਦਿੱਤੀ ਹੈ। ਇਸ ਵਿੱਚ ਸਮਾਜ ਸਾਸ਼ਤਰ ਸਿੱਖਿਆ, ਮਨੋਵਿਗਿਆਨ ਅਤੇ ਦਰਸ਼ਨ, ਭੂਗੋਲ, ਜੀਵ ਵਿਗਿਆਨ ਅਤੇ ਚਿਕਿਤਸਾ ਵਿਗਿਆਨ ਆਦਿ ਅਰਥ ਸਮਾਜਿਕ ਵਿਗਿਆਨ ਵੀ ਦਿੱਤੇ ਗਏ ਹਨ। ਸੁਲੇਖ ਬਹੁਤੇ ਕਰਕੇ ਹਸਤਾਖਰਿਤ ਹਨ। ਇਸ ਵਿੱਚ ਪ੍ਰਸਿੱਧ ਸਮਾਜ ਵਿਗਿਆਨੀਆਂ ਦੀ ਸੰਖੇਪ ਜੀਵਨੀ ਵੀ ਦਿੱਤੀ ਗਈ ਹੈ। ਜੀਵਨ ਲੇਖ 600 ਸ਼ਬਦਾਂ ਤੱਕ ਹੀ ਸੀਮਿਤ ਰੱਖੇ ਗਏ ਹਨ।

ਇਸ ਦੀ ਤਰਤੀਬ ਅੱਖਰ-ਕ੍ਰਮ ਅਨੁਸਾਰ ਹੈ ਅਤੇ ਕਾਫੀ ਗਿਣਤੀ ਵਿੱਚ ਅੰਤਰ ਹਵਾਲੇ ਦਿੱਤੇ ਗਏ ਹਨ। ਵਿਸ਼ੇ ਲੰਮੇ ਵਰਣਾਤਮਕ ਲੇਖਾਂ ਅਤੇ ਲੋੜ ਅਨੁਸਾਰ ਛੋਟੇ ਲੇਖਾਂ ਵਿੱਚ ਦਿੱਤੇ ਗਏ ਹਨ। ਜਾਣਕਾਰੀ ਅਸਾਨੀ ਨਾਲ ਪ੍ਰਾਪਤ ਕਰਨ ਲਈ ਆਖਰੀ ਜਿਲਤ ਵਿੱਚ ਨਾਮ ਅਤੇ ਵਿਸ਼ਿਆਂ ਦਾ ਵਿਸਤ੍ਰਿਤ ਇੰਡੈਕਸ ਹੈ।

ਇਸ ਦੇ ਪੁਸਤਕ ਰੂਪ ਵਿੱਚ 26 ਭਾਗਾਂ ਅਤੇ ਆਨਲਾਈਨ-ਐਡੀਸ਼ਨਾਂ ਵਿੱਚ ਉਪਲਬਧ ਹੈ। ਇਹ ਸਮਾਜਿਕ ਅਤੇ ਵਿਵਹਾਰਿਕ-ਵਿਗਿਆਨਾਂ ਦੇ ਸਾਰੇ ਖੇਤਰਾਂ ਦੇ ਪਾਠਕਾਂ ਲਈ ਉਪਯੋਗੀ ਹੈ। ਇਸ ਵਿਸ਼ਵਕੋਸ਼ ਦਾ ਜੀਵਨੀਆਂ ਬਾਰੇ 820 ਪੰਨਿਆਂ ਦਾ ਇਕ ਬਾਇਗ੍ਰਾਫੀਕਲ ਸਪਲੀਮੈਂਟ 1979 ਵਿੱਚ ਛਪਿਆ ਸੀ। ਇਸ ਪੁਸਤਕ ਦੀ ਬਾਈਡਿੰਗ ਅਤੇ ਕਾਗਜ ਵਧੀਆ ਹੈ। ਪੁਸਤਕ ਵਿੱਚ ਲੋੜ ਅਨੁਸਾਰ ਚਿੱਤਰਾਂ ਸਹਿਤ ਬਿਰਤਾਂਤ ਵੀ ਦਿੱਤਾ ਹੈ। ਇਸ ਪ੍ਰਕਾਰ ਇਨ੍ਹਾਂ ਸਾਰੀਆਂ ਵਿਸ਼ੇਸ਼ਤਾਈਆਂ ਕਰਕੇ ਇਸ ਦਾ ਪ੍ਰਯੋਗ ਅਸਾਨੀ ਨਾਲ ਹੋ ਸਕਦਾ ਹੈ।

**7.4 ਇੰਡੀਅਨ ਕੋਸਲ ਆਫ ਸ਼ੋਸ਼ਲ ਸਾਇੰਸ ਰਿਸਰਚ (ICSSR) (Indian Council of Social Science Research) – JNU Institutional Area, Aruna Asif Ali Marg, New Delhi.**

ਭਾਰਤ ਦੇ ਸਾਰੇ ਦੇਸ਼ ਅੰਦਰ ਸਮਾਜ ਵਿਗਿਆਨ ਦੇ ਖੇਤਰ ਵਿਚ ਖੋਜ ਕਾਰਜ ਨੂੰ ਉਤਸ਼ਾਹਿਤ ਕਰਨ ਲਈ ਭਾਤਰ ਸਰਕਾਰ ਨੇ 1969 ਵਿਚ ਇੰਡੀਅਨ ਕੌਂਸਲ ਆਫ ਸ਼ੋਸ਼ਲ ਸਾਇੰਸ ਰਿਸਰਚ ਦੀ ਸਥਾਪਨਾ ਕੀਤੀ। ਜਿਸ ਦਾ ਮੁੱਖ ਦਫਤਰ ਨਵੀਂ ਦਿੱਲੀ ਵਿਖੇ ਸਥਿਤ ਹੈ। ਦੇਸ਼ ਭਰ ਵਿਚ ਸਮਾਜ ਵਿਗਿਆਨ ਦੇ ਖੇਤਰ ਵਿਚ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਇੰਡੀਅਨ ਕੌਂਸਲ ਆਫ ਸ਼ੋਸ਼ਲ ਸਾਇੰਸ ਰਿਸਰਚ ਨੇ 27 ਖੋਜ ਸੰਸਥਾਵਾਂ ਅਤੇ 6 ਖੇਤਰੀ ਸੈਂਟਰ ਖੋਲ੍ਹੇ ਹੋਏ ਹਨ ਜਿਹੜੇ ਕਿ ਭਾਰਤ ਦੇ ਵੱਖ ਵੱਖ ਖੇਤਰਾਂ ਵਿਚ ਕਾਰਜ ਕਰ ਰਹੇ ਹਨ। ਕੌਂਸਲ ਨੇ ਰਿਸਰਚ ਸਰਵੇ ਅਤੇ

ਪਬਲੀਕੇਸ਼ਨ ਡਵੀਜ਼ਨ ਦੀ ਸਥਾਪਨਾ ਵੀ ਕੀਤੀ ਹੋਈ ਹੈ। ਜਿਹੜੀ ਕਿ ਕੌਂਸਲ ਦੀ ਪ੍ਰਕਾਸ਼ਨਾਵਾਂ ਦਾ ਖਿਆਲ ਰੱਖਦੀ ਹੈ। ਕੁਝ ਮਹੱਤਵਪੂਰਨ ਪ੍ਰਕਾਸ਼ਨਾਵਾਂ ਹੇਠ ਲਿਖੇ ਅਨੁਸਾਰ ਹਨ:

**7.4.1 ਆਈ ਸੀ ਐਸ ਐਸ ਆਰ ਰਿਸਰਚ ਐਬਸਟ੍ਰੈਕਟ :** ਰਿਸਰਚ ਸਰਵੇ ਐਂਡ ਪਬਲਿਕੇਸ਼ਨ ਡਵੀਜ਼ਨ (ਆਰ ਐਸ ਪੀ), ਆਈ ਸੀ. ਐਸ ਐਸ ਆਰ, 1999, ਛਿਮਾਹੀ।

ਰਿਸਰਚ ਸਰਵੇ ਅਤੇ ਪਬਲਿਕੇਸ਼ਨ ਡਵੀਜ਼ਨ (ਆਰ.ਐਸ.ਪੀ.), ਕੌਂਸਲ ਦੇ ਖੋਜ ਸਰਵੇ ਪ੍ਰੋਗਰਾਮਾਂ ਅਤੇ ਪ੍ਰਕਾਸ਼ਨਾਵਾਂ ਦਾ ਕੰਮ ਕਰਦੀ ਹੈ। ਸਮਾਜ ਵਿਗਿਆਨ ਦੇ ਖੇਤਰ ਵਿਚ ਖੋਜ ਗਤੀਵਿਧੀਆਂ ਦੀ ਤਰੱਕੀ ਲਈ ਪ੍ਰਕਾਸ਼ਨ ਦਾ ਇਕ ਅਹਿਮ ਰੋਲ ਅਦਾ ਹੁੰਦਾ ਹੈ। ਕੌਂਸਲ ਕੋਲ ਪ੍ਰਕਾਸ਼ਕ ਦਾ ਇਕ ਵੱਡਾ ਪ੍ਰੋਗਰਾਮ ਹੈ।

ਸਮਾਜ ਵਿਗਿਆਨ ਵਿਚ ਜਿੰਨੀ ਕੁ ਖੋਜ ਆਪਣੇ ਆਪ ਵਿਚ ਅਹਿਮ ਹੈ ਉਨੀ ਹੀ ਖੋਜ ਦੇ ਵਿਕਾਸ ਦੀ ਨਿਗਰਾਨੀ ਰੱਖਣੀ ਵੀ ਮਹੱਤਵਪੂਰਨ ਹੁੰਦੀ ਹੈ। ਇਸ ਮੁੱਢਲੀ ਸੱਚਾਈ ਨੂੰ ਮਹਿਸੂਸ ਕਰਦੇ ਹੋਏ, ਕੌਂਸਲ ਨੇ ਈਮਾਨਦਾਰੀ ਨਾਲ ਸਮਾਜ ਵਿਗਿਆਨ ਦੇ ਵੱਖ ਵੱਖ ਖੇਤਰਾਂ ਵਿਚ ਵਿਕਾਸ ਦੇ ਸਰਵੇਖਣ ਸਬੰਧੀ ਕਾਰਜ ਆਰੰਭ ਦਿੱਤੇ ਹਨ, ਜੋ ਕਿ ਅਰਥਸ਼ਾਸਤਰ, ਭੂਗੋਲ, ਰਾਜਨੀਤੀ ਵਿਗਿਆਨ, ਮਨੋਵਿਗਿਆਨ, ਸਮਾਜ ਸ਼ਾਸਤਰ ਅਤੇ ਸਮਾਜਿਕ ਮਾਨਵ ਵਿਗਿਆਨ ਅਤੇ ਉਸਦੇ ਖੋਜ ਸਰਵੇ ਪ੍ਰੋਗਰਾਮਾਂ ਆਦਿ ਜਿਹੇ ਵਿਸ਼ਿਆਂ ਦੇ ਐਬਸਟ੍ਰੈਕਟਾਂ ਦੇ ਜਰਨਲ ਅਤੇ ਰੀਵਿਊ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ।

ਇਸ ਤੋਂ ਇਲਾਵਾ, ਹੋਰ ਵੀ ਕਈ ਕਾਰਜ ਹਨ, ਜਿਨ੍ਹਾਂ ਵਿਚ ਸਲਾਨਾ ਵਿਕਾਸ ਸਾਰਾਭਾਈ ਮੈਮੋਰੀਅਲ ਐਵਾਰਡ ਅਤੇ ਲੈਕਚਰ ਦਾ ਪ੍ਰਬੰਧ ਕਰਨਾ ਸਮਾਜ ਵਿਗਿਆਨ ਨਾਲ ਸਬੰਧਿਤ ਵਿਵਸਾਇਕ ਸੰਗਠਨਾਂ ਨੂੰ ਜਾਂ ਤਾਂ ਅੰਸ਼ਿਕ ਰੂਪ ਵਿਚ ਆਪਣੇ ਰੋਜ਼ਾਨਾ ਪ੍ਰਬੰਧ ਅਤੇ ਵਿਕਾਸ ਦੇ ਖਰਚੇ ਪੂਰੇ ਕਰਨ ਲਈ ਗਰਾਟਾਂ ਮੁਹੱਈਆ ਕਰਵਾਉਣਾ ਜਾਂ ਉਨ੍ਹਾਂ ਦੇ ਜਰਨਲਾਂ/ਰਸਾਲਿਆਂ ਨੂੰ ਪ੍ਰਕਾਸ਼ਿਤ ਕਰਨਾ, ਆਈ ਸੀ ਐਸ ਐਸ ਆਰ ਦੀਆਂ ਪ੍ਰਕਾਸ਼ਨਾਵਾਂ ਨੂੰ ਵੇਚਣਾ ਅਤੇ ਵੰਡਣਾ, ਉਨ੍ਹਾਂ ਪ੍ਰਕਾਸ਼ਕਾਂ ਨੂੰ ਮਾਲੀ ਸਹਾਇਤਾ ਪ੍ਰਦਾਨ ਕਰਨਾ, ਜਿਹੜੇ ਆਈ ਸੀ ਐਸ ਐਸ ਆਰ ਆਦਿ ਵੱਲੋਂ ਪ੍ਰਵਾਨਿਤ ਖੋਜ ਨਿਬੰਧ ਅਤੇ ਹੋਰ ਖਰੜੇ ਛਾਪਦੇ ਹਨ।

**ਪ੍ਰਕਾਸ਼ਨਾਵਾਂ :**

ਕੌਂਸਲ ਹੁਣ ਤੱਕ ਰਸਾਲਿਆਂ ਤੋਂ ਇਲਾਵਾ 350 ਪੁਸਤਕਾਂ, ਕਿਤਾਬਚੇ ਅਤੇ ਮੋਨੋਗ੍ਰਾਫ ਛਾਪ ਚੁਕੀ ਹੈ, ਕੌਂਸਲ ਦੇ ਵੱਖ ਵੱਖ ਪ੍ਰੋਗਰਾਮਾਂ ਦੇ ਨਤੀਜੇ ਵੱਜੋਂ ਪ੍ਰਕਾਸ਼ਨਾਵਾਂ ਸਾਹਮਣੇ ਆਈਆਂ ਹਨ, ਜਿਵੇਂ ਕਿ, ਸਰਵੇ ਆਫ ਰਿਸਰਚ ਇਨ ਸੋਸ਼ਲ ਸਾਇੰਸ, ਸਟੱਡੀਜ਼ ਆਨ ਆਲਟਰਨੇਟਿਵਜ਼ ਇਨ ਡਿਵੈਲਪਮੈਂਟ, ਖੋਜ ਪ੍ਰਾਜੈਕਟ, ਸਪਾਂਸਰ ਪ੍ਰੋਗਰਾਮ, ਫੈਲੋਸ਼ਿੱਪਾਂ, ਕਾਨਫਰੰਸਾਂ, ਵਰਕਸ਼ਾਪਾਂ, ਸੈਮੀਨਾਰ, ਅੰਤਰਰਾਸ਼ਟਰੀ ਸਹਿਯੋਗ ਆਦਿ।

**ਐਬਸਟ੍ਰੈਕਟਾਂ ਅਤੇ ਰਿਵਿਊਆਂ ਸਬੰਧੀ ਜਰਨਲ :**

ਆਈ ਸੀ ਐਸ ਐਸ ਆਰ (ICSSR), ਪੰਜ ਅਨੁਸ਼ਾਸਨਾਂ ਮਸਲਨ : ਅਰਥ ਸ਼ਾਸਤਰ, ਭੂਗੋਲ, ਰਾਜਨੀਤੀ-ਵਿਗਿਆਨ, ਮਨੋਵਿਗਿਆਨ, ਸਮਾਜ ਸ਼ਾਸਤਰ ਅਤੇ ਸਮਾਜਿਕ ਮਾਨਵ-ਵਿਗਿਆਨ, ਦੇ ਐਬਸਟ੍ਰੈਕਟਾਂ ਅਤੇ ਰਿਵਿਊਆਂ ਸਬੰਧੀ ਛੇਮਾਹੀ ਜਰਨਲ ਛਾਪਦਾ ਹੈ। ਦੋ ਤ੍ਰੈਮਾਸਿਕ ਰਸਾਲਿਆਂ : ਡਾਕੂਮੈਂਟੇਸ਼ਨ ਇਨ ਪਬਲਿਕ ਐਡਮਿਲਿਸਟ੍ਰੇਸ਼ਨ ਅਤੇ ਵਿਕਲਪਾਂ ਦੇ ਪ੍ਰਕਾਸ਼ਨ ਵਿਚ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ ਆਈ ਐਮ) ਨਵੀਂ ਦਿੱਲੀ ਇੰਡੀਅਨ ਇੰਨਸਟੀਚਿਊਟ ਆਫ ਮੈਨੇਜਮੈਂਟ (ਆਈ ਆਈ ਐਮ), ਅਹਿਮਦਾਬਾਦ ਦੀ ਸਹਾਇਤਾ ਵੀ ਕਰਦਾ ਹੈ।

**7.4.2 ਇੰਡੀਅਨ ਸੋਸ਼ਲ ਸਾਇੰਸ ਰਿਵਿਊ (ਆਈ ਐਸ ਐਸ ਆਰ)** (ISSR)**:**

ਕੌਂਸਲ ਦਾ ਜਰਨਲ, 'ਇਡੀਆ ਸੋਸ਼ਲ ਸਾਇੰਸ ਰਿਵਿਊ', ਸਮਾਜ ਵਿਗਿਆਨ ਦੇ ਭਾਈਚਾਰੇ ਲਈ ਇਕ ਅਤਿ-ਮਹੱਤਵਪੂਰਣ ਮੰਚ/ਪਲੇਟਫਾਰਮ ਪ੍ਰਦਾਨ ਕਰਦਾ ਹੈ, ਤਾਂਕਿ ਸਮਾਜ ਵਿਗਿਆਨ ਨਾਲ ਸਬੰਧਿਤ ਨੁਕਤਿਆਂ ਨੂੰ ਵਿਚਾਰਿਆ ਜਾ ਸਕੇ। ਜਨਵਰੀ, 1999 ਤੋਂ ਲਗਾਤਾਰ ਛਪ ਰਿਹਾ ਹੈ। ਇਹ ਸਹੀ ਰਸਾਲਿਆਂ ਵਿਚ ਨਵਾਂ ਬਹੁ-ਅਨੁਸ਼ਾਸਨੀ ਅਤੇ ਅੰਤਰ-ਅਨੁਸ਼ਾਸਨੀ ਜਰਨਲ ਬਣ ਰਿਹਾ ਹੈ। ਇਸਦੀ ਵਿਸ਼ਾਲ ਬਹੁ-ਪੱਖੀ ਪਹੁੰਚ, ਹੁਣ ਤੱਕ ਛੱਪ ਚੁੱਕੇ ਅੰਕਾਂ ਦੇ ਤਤਕਰਿਆਂ ਤੋਂ ਪਤਾ ਚਲ ਜਾਂਦੀ ਹੈ।

**ਖੋਜ - ਸਰਵੇਖਣ :**

ਇਹ ਕਈ ਸਾਲਾਂ ਤੋਂ ਕੌਂਸਲ ਦੇ ਮੁੱਖ ਕਾਰਜਾਂ ਵਿਚੋਂ ਇਕ ਹੈ। ਇਸ ਪ੍ਰਕਿਰਿਆ ਵਿਚ ਉਨ੍ਹਾਂ ਅਣਗੌਲੇ ਵਿਸ਼ਿਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਵਲ ਵਧੇਰੇ ਧਿਆਨ ਦੇਣ ਦੀ ਲੋੜ ਸੀ ਅਤੇ ਇਹ ਯਤਨ ਕੀਤੇ ਗਏ ਹਨ, ਕਿ ਇਸ ਘਾਟ ਨੂੰ ਦੂਰ ਕਰਨ ਲਈ ਖੋਜ ਦੀ ਵਿਸ਼ੇਸ਼ ਕਿਸਮ ਲਈ ਸਪਾਂਸਰ ਕੀਤਾ ਜਾ ਸਕੇ। ਇਸ ਖੋਜ-ਸਰਵੇਖਣ ਪ੍ਰੋਗਰਾਮ ਅਧੀਨ, ਜਿਹੜੇ ਵਿਸ਼ੇ

ਆਉਂਦੇ ਹਨ, ਉਹ ਇਸ ਪ੍ਰਕਾਰ ਹਨ : ਅਰਥ ਸ਼ਾਸਤਰ ਅਤੇ ਸਮਾਜਿਕ ਮਾਨਵ-ਵਿਗਿਆਨ। ਸਾਰੇ ਸਰਵੇਖਣ ਜਾਂ ਤਾ ਕੌਂਸਲ ਨੇ ਖੁਦ ਪ੍ਰਕਾਸ਼ਿਤ ਕੀਤੇ ਹਨ ਜਾਂ ਕੁਝ ਕਮਰਸ਼ਲ ਪ੍ਰਕਾਸ਼ਕਾਂ ਦੁਆਰਾ ਪ੍ਰਕਾਸ਼ਿਤ ਕਰਵਾਏ ਹਨ।

**ਕਦੀ-ਕਦਾਈ ਛਪਣ ਵਾਲੀ ਮੋਨੋਗ੍ਰਾਫ ਸੀਰੀਜ਼ :**

'ਕਦੀ-ਕਦਾਈ ਛੱਪਣ ਵਾਲੀ ਮੋਨੋਗ੍ਰਾਫ ਸੀਰੀਜ਼' ਅਧੀਨ, ਆਈ ਸੀ ਐਸ ਐਸ ਆਰ, ਸਮਕਾਲੀ ਪ੍ਰਾਸੰਗਿਕਤਾ ਅਤੇ ਕੌਮੀ ਮਹੱਤਤਾ ਦੇ ਵਿਸ਼ਿਆਂ ਉੱਤੇ ਕਦੀ-ਕਦਾਈ ਮੋਨੋਗ੍ਰਾਫ ਛਪਵਾਉਂਦਾ ਹੈ। ਹੁਣ ਤੱਕ ਚਾਰ ਮਨੋਗ੍ਰਾਫ ਜਾਰੀ ਹੋ ਚੁੱਕੇ ਹਨ, ਜਿਨ੍ਹਾਂ ਵਿਚ : ਸਸਟੇਨੇਬਾਲ-ਕਲਸੰਪਸ਼ਨ : ਇਸ਼ੂਜ਼ ਆਫ ਏ ਪੈਰਾਡਾਈਸ ਸ਼ਿਫਟ ਰਚਿਤ ਡਾ. ਮੁਰਲੀ ਮਨੋਹਰ ਜੋਸ਼ੀ, ਸਾਬਕਾ ਮੰਤਰੀ ਐਚ ਆਰ ਡੀ ਵਿਗਿਆਨ ਅਤੇ ਤਕਨਾਲੋਜੀ ਅਤੇ ਸਮੁੰਦਰੀ ਵਿਕਾਸ ਭਾਰਤ ਸਰਕਾਰ, "ਫਿਫਟੀ ਈਅਰਜ਼ ਆਫ ਡਿਵੈਲਪਮੈਂਟ ਸਟਰੱਗਲ : ਸਮਰਿਫਲੈਕਸ਼ਨਜ਼" ਰਚਿਤ ਡਾ. ਵੀ. ਆਰ. ਪੰਚਮੁੱਖੀ, ਚੇਅਰਮੈਨ, ਆਈ ਸੀ ਐਸ ਐਸ ਆਰ ਕਨਸੈਪਟ ਆਫ ਗੁੱਡ ਗਵਰਨੈਂਸ, ਅਤੇ "ਕੌਟੱਲਿਆਜ਼ ਅਰਥਸ਼ਾਸਤਰਾ" ਰਚਿਤ ਪ੍ਰੋ. ਸੁਭਾਸ਼. ਸੀ. ਕੈਸ਼ਿਅਪ ਆਨਰੇਰੀ ਪ੍ਰੋਫੈਸਰ, ਸੈਂਟਰ ਫਾਰ ਪਾਲਿਸੀ ਰਿਸਰਚ, ਨਵੀਂ ਦਿੱਲੀ, "ਰੂਰਲ ਐਜੂਕੇਸ਼ਨ : ਸਟੇਟੱਸ ਐਂਡ ਟਰੈਂਡਜ਼-ਏ ਗਲੋਬਲ-ਸਿਨਾਰੀਓ" ਰਚਿਤ ਭਾਸਕਰ ਚੈਟਰਜੀ, ਮੈਂਬਰ ਸਕੱਤਰ, ਆਈ ਸੀ ਐਸ ਐਸ ਆਰ ਅਤੇ ਸ੍ਰੀ ਕੁਤੁਬ ਖਾਨ, ਪ੍ਰੋਗਰਾਮ ਵਿਸ਼ੇਸ਼ੱਗ, ਯੂਨੈਸਕੋ, ਨਵੀਂ ਦਿੱਲੀ।

**ਪ੍ਰਮੁੱਖ ਰਿਪੋਰਟਾਂ :**

ਆਈ ਸੀ ਐਸ ਐਸ ਆਰ, ਪ੍ਰਮੁੱਖ ਫੈਲੋਸ਼ਿੱਪ ਅਤੇ ਖੋਜ ਪ੍ਰਾਜ਼ੈਕਟ ਰਿਪੋਰਟਾ ਛਾਪਦਾ ਹੈ, ਕੌਮੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਦੀਆਂ ਕਾਰਵਾਈਆਂ, ਸਰਵੇਖਣ ਕਾਰਜ ਅਤੇ ਪ੍ਰਲੇਖਨ ਕਾਰਜ, ਜਾਂ ਕੋਈ ਹੋਰ ਖਰੜਾ, ਜਿਹੜਾ ਪ੍ਰਕਾਸ਼ਨ ਲਈ ਬਹੁਮੁੱਲਾ ਹੋਵੇ।

**ਪ੍ਰਕਾਸ਼ਨ ਲਈ ਅਨੁਦਾਨ :**

ਆਈ ਸੀ ਐਸ ਐਸ ਆਰ (ICSSR) ਪ੍ਰਕਾਸ਼ਕਾਂ ਨੂੰ ਪੀ. ਐਚ. ਡੀ. ਖੋਜ-ਪ੍ਰਬੰਧ, ਖੋਜ ਰਿਪੋਰਟਾਂ, ਸੈਮੀਨਾਰ ਕਾਰਵਾਈਆਂ ਅਤੇ ਕਿਤਾਬਾਂ ਛਾਪਣ ਲਈ ਅਨੁਦਾਨ ਦਿੰਦਾ ਹੈ। ਪਰਵਾਨਤ ਪੀ. ਐਚ. ਡੀ. ਦੇ ਖੋਜ-ਪ੍ਰਬੰਧ ਜਾਂ ਖੋਜ-ਰਿਪੋਰਟਾਂ, ਛਾਪਣਯੋਗ ਸੂਰਤ ਵਿਚ ਹੀ ਅਨੁਦਾਨ ਦੇ ਯੋਗ ਹੁੰਦੀਆਂ ਹਨ। ਕਈ ਵਾਰੀ ਆਈ ਸੀ ਐਸ ਐਸ ਆਰ ਕਿਸੇ ਖਰੜੇ ਦੀ ਛਾਪਣ ਸਬੰਧੀ ਸਾਰੀ ਜ਼ਿੰਮੇਵਾਰੀ ਕਿਸੇ ਕਮੱਰਸ਼ਲ ਪ੍ਰਕਾਸ਼ਕ ਦੇ ਸਹਿਯੋਗ ਰਾਹੀਂ ਖੁੱਦ ਲੈ ਲੈਂਦਾ ਹੈ।

**ਵਿਕਰੀ ਅਤੇ ਵੰਡ :**

ਆਈ ਸੀ ਐਸ ਐਸ ਆਰ ਦਾ ਕੇਵਲ ਇਹੀ ਅਧਿਕਾਰ ਨਹੀਂ ਕਿ ਉਹ ਸਮਾਜ ਵਿਗਿਆਨ ਦੀ ਤਰੱਕੀ ਸਬੰਧੀ ਹੀ ਕਾਰਵਾਈਆਂ ਕਰੇ, ਸਗੋਂ ਹੋਰਾਂ ਦੇ ਸਹਿਯੋਗ ਨਾਲ ਖੋਜ ਸਬੰਧੀ ਹੋਏ ਕਾਰਜਾਂ ਦਾ ਪ੍ਰਸਾਰ ਵੀ ਕਰੇ। ਇਹ ਜ਼ਿੰਮੇਵਾਰੀ ਆਈ ਸੀ ਐਸ ਐਸ ਆਰ ਦੀ ਸੇਲ ਯੂਨਿਟ ਨਿਭਾਉਂਦੀ ਹੈ, ਜੋ ਕਿ 35, ਫਿਰੋਜ਼ਸ਼ਾਹ ਰੋਡ, ਨਵੀਂ ਦਿੱਲੀ-110001 ਵਿਖੇ ਸਥਿਤ ਹੈ।

ਆਈ ਸੀ ਐਸ ਐਸ ਆਰ (ICSSR) ਕਈ ਸਾਲਾਂ ਤੋਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੁਸਤਕ-ਮੇਲਿਆਂ ਵਿਚ ਵੀ ਹਿੱਸਾ ਲੈਂਦਾ ਹੈ। ਇਸਦਾ ਮਨੋਰਥ ਕਮਰਸ਼ਲ ਨਹੀਂ ਹੁੰਦਾ, ਸਗੋਂ ਲੋਕਾਂ ਨੂੰ ਆਪਣੇ ਵੱਲੋਂ ਤਿਆਰ ਕੀਤੀਆਂ ਪੁਸਤਕਾਂ ਤੋਂ ਜਾਣੂ ਕਰਵਾਉਂਦਾ ਹੁੰਦਾ ਹੈ ਕਿ ਉਹ ਕਿਸ ਪ੍ਰਕਾਰ ਦੀ ਖੋਜ ਵਿਕਾਸ ਦਾ ਕਾਰਜ ਕਰ ਰਿਹਾ ਹੈ ਅਤੇ ਇਸ ਖੋਜ ਕਾਰਜ ਨੂੰ ਵੱਡੇ ਪੈਮਾਨੇ ਤੇ ਲੋਕਾਂ ਤੱਕ ਪਹੁੰਚਾਉਣਾ ਹੁੰਦਾ ਹੈ। (ਹੋਰ ਜਾਣਕਾਰੀ ਲਈ www.icssr.org ਵੈਬਸਾਈਟ ਦੇਖੋ)।

**7.5 ਸਮਾਜ ਵਿਗਿਆਨ ਸਾਈਟੇਸ਼ਨ ਇੰਡੈਕਸ :** ਸਮਾਜ ਵਿਗਿਆਨ ਸਾਈਟੇਸ਼ਨ ਇੰਡੈਕਸ, ਆਨਲਾਈਨ ਵਾਇਆ ਸੋਸ਼ਲ ਸਾਇੰਸ ਸਰਚ, ਇੰਟਰਨੈੱਟ ਐਂਡ ਇੰਟਰਨੈਟ ਵਾਇਆ ਵੈਬ ਆਫ ਸਾਇੰਸ।

ਨਵੀਨ ਹਫਤਾਵਰੀ; ਪਿੱਛਲੀਆਂ ਫਾਈਲਾਂ (ਐਸ ਐਸ ਸੀ ਆਈ) ਅਤੇ ਸਮਾਜ ਵਿਗਿਆਨ ਖੋਜ, ਪੁਸਤਕ-ਸੂਚੀ ਸਬੰਧੀ ਸੂਚਨਾ ਦੀ ਨਵੀਨ ਅਤੇ ਪੁਰਾਤਨ ਜਾਣਕਾਰੀ ਪ੍ਰਦਾਨ ਕਰਦੇ ਹਨ। ਇਨ੍ਹਾਂ ਵਿਚ ਦੁਨੀਆਂ ਦੇ ਸਿਰਕੱਢ ਤੇ ਅਹਿਮ ਸਮਾਜ ਵਿਗਿਆਨ ਦੇ 2474 ਜਰਨਲਾਂ ਵਿਚੋਂ 50 ਤੋਂ ਵਧੇਰੇ ਅਨੁਸ਼ਾਸਨਾਂ ਦੇ ਹਵਾਲੇ, ਅਤੇ ਲੇਖਕ ਐਬਸਟ੍ਰੈਕਟ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚ ਦੁਨੀਆਂ ਦੇ ਲਗਭਗ 3300 ਸਿਰਕੱਢ ਵਿਗਿਆਨ ਅਤੇ ਤਕਨਾਲੋਜੀ ਦੇ ਜਰਨਲਾਂ ਵਿਚੋਂ ਵਿਅਕਤੀਗਤ ਚੁਣੀ ਹੋਈ ਅਤੇ ਉਚਿੱਤ ਸੂਚਨਾ ਸੰਮਿਲਿਤ ਕੀਤੀ ਗਈ ਹੁੰਦੀ ਹੈ।

**ਲੱਛਣ : ਪ੍ਰਮੁੱਖ ਲਾਭ ਅਤੇ ਯੋਗਤਾਵਾਂ :**

ਇਹ ਖੋਜੀਆਂ ਨੂੰ ਉਹ ਸਰਬਪੱਖੀ-ਖੋਜ ਪ੍ਰਦਾਨ ਕਰਦੇ ਹਨ, ਜਿਸ ਨਾਲ ਉਹਨਾਂ ਨੂੰ ਉਹ ਸਾਰੀ ਲੋੜੀਂਦੀ ਸੂਚਨਾ ਮਿਲ ਜਾਂਦੀ ਹੈ, ਜਿਹੜੀ ਉਨ੍ਹਾਂ ਨੂੰ ਚਾਹੀਦੀ ਹੁੰਦੀ ਹੈ। ਇਹ ਟੁਕਾਂ ਵਾਲੇ ਹਵਾਲੇ ਪ੍ਰਦਾਨ ਕਰਦੇ ਹਨ। ਸਰਬੋਤਮ ਆਈ ਐਸ ਆਈ ਖੋਜ ਅਤੇ ਦਰੁੱਸਤੀ ਵਾਲੇ ਤੱਤ ਮੁਹੱਈਆ ਕਰਦੇ ਹਨ, ਜਿਸ ਨਾਲ ਪਾਠਕ ਅਗਲੇਰਾ ਜਾਂ ਪਿਛਲੇਰਾ ਸਹਿਤ ਲੱਭ ਸਕਦਾ ਹੈ ਅਤੇ ਡਾਟਾਬੇਸ ਦੇ ਰਾਹੀਂ ਉਹ ਅਨੁਸ਼ਾਸਨੀ ਅਤੇ ਭੂਗੋਲਿਕ ਸੀਮਾਵਾਂ ਨੂੰ ਵੀ ਤੋੜ ਸਕਦਾ ਹੈ। ਉਹ ਖੋਜੀਆਂ ਨੂੰ ਬਹੁਅਨੁਸ਼ਾਸਨੀ ਖੋਜਾਂ ਦੇ ਕਾਬਿਲ ਬਣਾਉਂਦਾ ਹੈ, ਤਾਂਕਿ ਉਹ ਵਿਸ਼ਿਆਂ ਦੇ ਲੁਕੇ ਹੋਏ ਆਂਤਰਿਕ ਸਬੰਧਾਂ ਨੂੰ ਲੱਭ ਸਕਣ।

**ਫਾਰਮੈਟ ਅਤੇ ਡਲਿਵਰੀ ਵਿਕਲਪ:**

ਇੰਟਰਨੈੱਟ ਅਤੇ ਇੰਟਰਨੈੱਟ ਵਾਇਆ ਵੈੱਬ ਸਾਇੰਸ, ਨਵੀਨ ਹਫਤਾਵਰੀ, 1956 ਤੱਕ ਦੀਆਂ ਪਿਛਲੀਆਂ ਫਾਈਲਾਂ, ਸੀ ਡੀ ਰੋਮ - ਲੇਖਕ ਐਬਸਟ੍ਰੈਕਟਾਂ ਸਹਿਤ : ਨਵੀਨ, ਮਾਸਿਕ, ਇਕ ਡਿਸਕ ਉੱਤੇ ਸਲਾਨਾ ਇਕੱਤਰੀਕਰਣ ਸ਼ਾਮਿਲ ਹੈ, 1981 ਤੱਕ ਉਪਲੱਬਧ, ਨੈਟੱਵਰਕਿੰਗ ਵਿਕਲਪ ਉਪਲਬਧ ਹਨ।

ਆਨਲਾਈਨ ਵਾਇਆ ਸੋਸ਼ਲ ਸਰਚ - ਨਵੀਨ, ਹਫਤਾਵਰੀ, ਪਿਛਲੀਆਂ ਫਾਈਲਾਂ 1972 ਤੱਕ ਉਪਲੱਬਧ ਹਨ। ਨੈੱਟਵਰਕ ਵਿਕਲਪ ਉਪਲੱਬਧ ਹੈ। ਆਨਲਾਈਨ ਵਾਇਆ ਡਿਸਟਰੀਬਿਊਸ਼ਨ ਪਾਰਟਨਰਜ਼, ਨਵੀਨ, ਹਫਤਾਵਾਰੀ। ਸਾਇੰਸਸਰਚ ਵਾਇਆ ਡਾਇਆਲਾਗ, ਡੀ. ਆਈ ਐਸ ਡੀ ਆਈ, ਐਸ ਟੀ ਐਨ 1972/1973 ਦੀਆਂ ਪਿਛਲੀਆਂ ਫਾਈਲਾਂ ਉਪਲੱਬਧ ਹਨ।

**ਡਾਟਾ ਬੇਸ ਵਿਵਰਣ :**

ਸਮਾਜ ਵਿਗਿਆਨ ਹਵਾਲਾ ਇੰਡੈਕਸ ਵਿਚ ਲੱਖਾਂ ਜਰਨਲਾਂ ਦੇ ਲੇਖ ਸ਼ਾਮਿਲ ਹਨ, ਜਿਹੜੇ ਸਾਰੇ ਖੇਤਰਾਂ ਅਤੇ ਭਾਸ਼ਾਵਾਂ ਦੇ ਹਨ। ਉਸ ਦੀ ਖਾਸ ਵਿਸ਼ੇਸ਼ਤਾਂ ਹੈ, ਉਸਦੀ ਉਧਰਣ ਇੰਡੈਕਸਿੰਗ। ਖੋਜੀ ਕਿਸੇ ਪੁਰਾਤਨ ਕਾਰਜ ਨੂੰ ਪਛਾਣ ਕੇ ਨਵੇਂ ਲੇਖਾਂ ਨੂੰ ਲੱਭ ਸਕਦੇ ਹਨ ਅਤੇ ਉਸ ਕਾਰਜ ਨੂੰ ਆਪਣੀ ਪੁਸਤਕ-ਸੂਚੀ ਵਿਚ ਸ਼ਾਮਿਲ ਕਰ ਸਕਦੇ ਹਨ। ਇਸ ਗੁਣ ਨਾਲ ਸੂਚਨਾ ਨਵੀਨ ਬਣਾਈ ਜਾ ਸਕਦੀ ਹੈ। ਕਾਫੀ ਸਾਰੀਆਂ ਟੂਕਾਂ ਦੇ ਹਵਾਲੇ ਨਾਲ, ਕਿਸੇ ਪਹਿਲਾਂ ਛਪੇ ਲੇਖ ਜਾਂ ਕਿਤਾਬ ਦੀ ਪ੍ਰਸਿੱਧੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਐਸ ਐਸ ਸੀ ਆਈ (SSCI), ਯੂਨੀਵਰਸਿਟੀ ਆਫ ਮਿਸ਼ੀਗਨ ਕੈਂਪਸ ਵਿਖੇ **ਵਰਲਡ ਵਾਈਡ ਵੈੱਬ ਇਕ ਪੇਪਰ** ਅਤੇ **ਸੀ. ਡੀ. ਰੋਮ** ਤੇ ਉਪਲੱਬਧ ਹੈ।

## 7.6 ਸਮਾਜ ਵਿਗਿਆਨ ਦੀ ਵਿਸ਼ਵ ਡਾਇਰੈਕਟਰੀ :

**ਵਰਲਡ ਡਾਇਰੈਕਟਰੀ ਆਫ ਸੋਸ਼ਲ ਸਾਇੰਸਿਜ਼ ਇੰਨਟੀਚਿਊਸ਼ਨਜ਼: ਪੈਰਿਸ: ਯੂਨੈਸਕੋ, 1990:** ਤੁਹਾਡੀ ਖੋਜ ਲਈ ਨਿਮਨ ਲਿਖਤ ਪੁਸਤਕਾਂ ਆਰੰਭਲੀਆਂ ਪੁਸਤਕਾਂ ਹਨ ਅਤੇ ਇਹ ਕਿਸੇ ਪ੍ਰਕਾਰ ਵੀ ਸਰਬਪੱਖੀ ਨਹੀਂ ਹਨ। ਇਹ ਆਮ ਹਵਾਲਾ ਪੁਸਤਕਾਂ ਹਨ, ਜਿਵੇਂ : ਇਨਸਾਈਕਲੋਪੀਡੀਆ, ਡਿਕਸ਼ਨਰੀ, ਹੈਂਡਬੁਕਸ ਅਤੇ ਡਾਇਰੈਕਟਰੀਆਂ, ਇਹ ਕਿਸੇ ਖਾਸ ਪ੍ਰਸ਼ਨ ਦਾ ਤੁਰੰਤ ਉੱਤਰ ਦਿੰਦੀਆਂ ਹਨ ਅਤੇ ਪਿਛੋਕੜ ਬਾਰੇ ਸੂਚਨਾ ਦਿੰਦੀਆਂ ਹਨ।

**ਡਾਇਰੈਕਟਰੀਆਂ :**

ਡਾਇਰੈਕਟਰੀਆਂ, ਸੰਸਥਾਵਾਂ ਜਾਂ ਵਿਅਕਤੀਆਂ ਬਾਰੇ ਸੰਪਰਕ ਸੂਚਨਾ ਅਤੇ ਮੁੱਢਲੇ ਵਿਚਾਰ ਦਿੰਦੇ ਹਨ। ਇਥੇ ਚੁਣੀਆਂ ਹੋਈਆਂ ਡਾਇਰੈਕਟਰੀਆਂ ਵਿਚ ਸਮਾਜ-ਸ਼ਾਸਤਰ, ਸੰਸਥਾਵਾਂ, ਐਸੋਸੀਏਸ਼ਨਾਂ ਅਤੇ ਅਕਾਦਮਿਕ ਵਿਭਾਗਾਂ ਬਾਰੇ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ।

"ਗਾਈਡ ਟੂ ਗ੍ਰੈਜੁਏਟ ਡਿਪਾਰਟਮੈਂਟਸ ਆਫ ਸੋਸ਼ੋਲਜੀ, (ਵਾਸ਼ਿੰਗਟਨ : ਅਮੈਰਿਕਨ ਸੋਸ਼ੋਲੋਜਿਕਲ ਐਸੋਸੀਏਸ਼ਨ, 1972)", ਜੇ ਐਫ ਐਮ 97-11 ਸਮਾਜ ਸ਼ਾਸਤਰ ਵਿਚ ਮੁੱਖ ਗ੍ਰੈਜੁਏਟ ਪ੍ਰੋਗਰਾਮਾਂ ਦੀ ਸਲਾਨਾ ਗਾਈਡ। ਇਸਦਾ ਕੇਂਦਰ ਅਮਰੀਕੀ ਯੂਨੀਵਰਸਿਟੀਆਂ ਹਨ ਪਰੰਤੂ ਇਸ ਵਿਚ ਕਨੇਡਾ ਅਤੇ ਬ੍ਰਿਟਿਸ਼ ਪ੍ਰੋਗਰਾਮ ਵੀ ਸ਼ਾਮਿਲ ਹਨ, ਇਸ ਵਿਚ ਅਧਿਆਪਕਾਂ ਅਤੇ ਗ੍ਰੇਜੂਏਟਾਂ ਦੇ ਖੋਜ ਪ੍ਰਬੰਧਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ।

"ਰਿਸਰਚ ਸੈਂਟਰਜ਼ ਡਾਇਰੈਕਟਰੀ (ਡੈਟਰੋਇਟ : ਗੇਲ ਰਿਸਰਚ, 1965)" ਨਵੀਂ ਕਾਪੀ ਪਬਲਿਕ ਕੈਟਾਲਾਗ. ਵਿਚ ਨੰਬਰ 80-910, ਪੁਰਾਣੀਆਂ ਕਾਪੀਆਂ ਜੇ ਐਫ ਐਮ (JFM) 00-117 ਵਿਚ। ਖੋਜ ਸੰਸਥਾਵਾਂ ਦੀ ਵੱਖ ਵੱਖ ਖੇਤਰਾਂ ਵਿਚ ਅੰਤਰਰਾਸ਼ਟਰੀ ਕਵਰੇਜ ਕੀਤੀ ਜਾਂਦੀ ਹੈ, ਜਿਸ ਵਿਚ ਵਿਵਹਾਰਿਕ ਅਤੇ ਸਮਾਜਿਕ ਵਿਗਿਆਨ, ਸਰਕਾਰ ਅਤੇ ਜਨਤਕ ਮਾਮਲੇ, ਅਤੇ ਕਿਰਤ ਤੇ ਉਦਯੋਗਿਕ ਸਬੰਧ ਸ਼ਾਮਿਲ ਹਨ।

"ਵੈੱਬ, ਵਿਲਿਅਮ ਐਚ, ਸੋਰਸਿਜ਼ ਆਫ ਇਨਫਰਮੇਸ਼ਨ ਇਨ ਦੀ ਸੋਸ਼ਲ ਸਾਇੰਸਿਜ਼ : ਏ ਗਾਈਡ ਟੂ ਲਿਟਰੇਚਰ, (ਸ਼ਿਕਾਗੋ : ਅਮਰੀਕਨ ਲਾਇਬ੍ਰੇਰੀ ਐਸੋਸੀਏਸ਼ਨ, 1986) ਆਰ ਬੀ ਐਸ 87-475." ਹਵਾਲਾ ਸ੍ਰੋਤਾਂ ਦੀ ਟਿੱਪਣੀ ਸ਼ਹਿਰੀ ਪੁਸਤਕ-ਸੂਚੀ ਸ਼ਾਮਿਲ ਹੈ, ਜਿਸ ਵਿਚ ਸਮਾਜ ਸ਼ਾਸਤਰ ਨੂੰ ਇਕ ਖੇਤਰ ਦੇ ਤੌਰ ਤੇ ਵਿਸ਼ਾਲ ਦ੍ਰਿਸ਼ਟੀਕੋਣ ਪ੍ਰਦਾਨ ਕਰਦੇ ਹਨ ਅਤੇ ਇਸਨੂੰ ਚੰਗੇਰਾ ਪਰਿਪੇਖ ਪ੍ਰਾਪਤ ਕਰਨ ਲਈ ਸਮਾਜ ਸ਼ਾਸਤਰ ਦੇ ਲੇਖਕਾਂ ਅਤੇ ਬੌਧਿਕ ਲਹਿਰਾਂ ਉੱਤੇ ਵੀ ਵਰਤ ਸਕਦੇ ਹਾਂ।

"ਗੋਡੋਨ ਸਕਾੱਟ, ਦੀ ਹਿਸਟਰੀ ਐਂਡ ਫਿਲਾਸਪੀ ਆਫ ਸੋਸ਼ਲ ਸਾਇੰਸਿ, (ਨਿਊ ਯਾਰਕ : ਰਾਉਟਲੇਜ਼, 1991) ਆਰ ਐਸ ਏ ਬੀ - 92-8627"

ਕਲਾਸੀਕਲ ਅਤੇ ਗਿਆਨ ਭਰਪੂਰ ਵਿਚਾਰਾਂ ਤੋਂ ਬਾਹਰ ਸਮਾਜ ਵਿਗਿਆਨ ਦੇ ਵਿਕਾਸ ਸਬੰਧੀ ਇਤਿਹਾਸਕ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ।

"ਲੇਵੀਨ, ਡੋਨਾਲਡ ਨਾਥਨ, ਵਿਯਨਜ਼ ਆਫ ਦੀ ਸੋਸ਼ਿਆਲੋਜਿਕਲ ਟਰੈਡਿਸ਼ਨ (ਸ਼ਿਕਾਗੋ: ਯੂਨੀਵਰਸਿਟੀ ਆਫ ਸ਼ਿਕਾਗੋ ਪ੍ਰੈਸ, 1995) ਜੇ ਐਫ ਈ 96-1114"

ਇਸ ਵਿਚ ਸਿਧਾਂਤਕ ਪਰਿਪੇਖਾਂ ਉੱਤੇ ਕੇਂਦ੍ਰਿਤ ਕੀਤਾ ਗਿਆ ਹੈ ਅਤੇ ਸਮਾਜ ਸ਼ਾਸਤਰ ਦੇ ਇਤਹਾਸ ਨਾਲ ਬਰਾਬਰੀ ਦੇ ਸਬੰਧਾਂ ਨੂੰ ਦਰਸਾਇਆ ਗਿਆ ਹੈ।

"ਰੋਜ, ਡੌਰਥੀ , ਦੀ ਓਰਿਜਨਜ ਆਫ ਅਮਰੀਕਨ ਸੋਸ਼ਲ ਸਾਇੰਸ (ਨਿਊ ਯਾਰਕ : ਕੈਂਬਰਿੱਜ ਯੂਨੀਵਰਸਿਟੀ ਪ੍ਰੈਸ, 1990) ਆਰ. ਐਸ. ਏ ਬੀ 90-12945"

ਅਮਰੀਕਾ ਦੇ ਸਮਾਜ ਵਿਗਿਆਨ ਦਾ ਇਤਹਾਸ ਜੋ ਕਿ ਸਮਾਜ ਸ਼ਾਸਤਰ ਤੇ ਕੇਂਦ੍ਰਿਤ ਹੈ ਅਤੇ ਅਮਰੀਕਾ ਦੀ ਆਧੁਨਿਕਤਾ ਅਤੇ ਰਾਜਨੀਤੀ ਦੇ ਸੰਕਟ ਨਾਲ ਇਨ੍ਹਾਂ ਨੂੰ ਸਬੰਧਿਤ ਕਰਦਾ ਹੈ।

**ਸਮਾਜਿਕ ਸਿਧਾਂਤ :**

ਏ ਗਾਈਡ ਟੂ ਸੈਂਟਰਲ ਥਿੰਕਰਜ਼, ਸਪਾ. ਪੀਟਰ ਬੀਲਹਰਜ਼ (ਨਾਰਥ ਸਿਡਨੀ : ਐਲਨ ਐਂਡ ਆਨਵਿਨ, 1991) ਆਰ ਐਸ ਏ ਬੀ -93-1581. ਸਮਾਜ ਵਿਗਿਆਨ ਦੇ ਚੋਣਵੇਂ ਸਿਧਾਂਤਕਾਰਾਂ ਅਤੇ ਵਿਚਾਰਧਾਰਾ ਦੇ ਸਕੂਲ ਸਬੰਧੀ ਰਿਵਿਊ ਸ਼ਾਮਿਲ ਹਨ। ਇਸ ਵਿਚ ਮੁੱਢਲੇ ਅਤੇ ਦੂਜੇ ਕਿਸਮ ਦੇ ਸੋਮਿਆਂ ਦੀ ਜੀਵਨੀ ਅਤੇ ਪੁਸਤਕ ਸੂਚੀ ਵੀ ਸ਼ਾਮਿਲ ਹੈ।

ਸਵਿੰਗਵੁੱਡ, ਐਲਨ, ਏ ਸ਼ਾਰਟ ਹਿਸਟਰੀ ਆਫ ਸੋਸ਼ਿਆਲੋਜਿਕਲ ਥਾੱਟ, (ਨਿਊ ਯਾਰਕ: ਸੇਂਟ ਮਾਰਟਿਨਜ਼ ਪ੍ਰੈਸ, 2000) ਜੇ ਐਫ ਈ 00-5193

ਇਸ ਖੇਤਰ ਸਬੰਧੀ ਬੜੇ ਸਪੱਸ਼ਟ ਅਤੇ ਸੰਬਿਧਤ ਵਿਚਾਰ ਦਰਜ ਹਨ। ਮੌਜੂਦਾ ਵਿਕਾਸ ਸਬੰਧੀ ਸੂਝਵਾਨ ਸੋਮੇ ਸ਼ਾਮਿਲ ਹਨ। ਵੈੱਸਟਬੀ ਡੇਵਿਡ ਐਲ (Westby David L), ਦੀ ਗਰੋਥ ਆਫ ਸੋਸ਼ਿਆਲੋਜ਼ਿਕਲ ਥਿਊਰੀ : ਹਿਓਮਨ ਨੇਚਰ (Human Nature), ਨਾਲੇਜ਼ ਐਂਡ ਸੋਸ਼ਲ ਚੇਂਜ (ਏਂਜਲਵੁੱਡ ਕਲਿੱਫਸ, ਐਨ. ਜੇ: ਪਰੈਂਟਿਸ ਹਾਲ (NJ: Prentice), 1991) ਜੇ ਐਫ ਈ 92-6938 18ਵੀਂ ਤੋਂ 20ਵੀਂ ਸਦੀ ਦੇ ਆਰੰਭ ਤੱਕ ਦੇ ਸਮਾਜ ਸ਼ਾਸਤਰੀ ਵਿਚਾਰਾਂ ਦੇ ਵਿਕਾਸ ਦਾ ਵਿਸ਼ਲੇਸ਼ਣ।

**7.7 ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਦੇ ਐਬਸਟ੍ਰੈਕਟ :** "ਇੰਟਰਨੈਸ਼ਨਲ ਪੁਲੀਟੀਕਲ ਸਾਇੰਸ ਐਬਸਟ੍ਰੈਕਟਸ, ਇੰਟਰਨੈਸ਼ਨਲ ਪੁਲੀਟੀਕਲ ਸਾਇੰਸ ਐਸੋਸੀਏਸ਼ਨ 1989 - ਦੋਮਾਸਿਕ ਹੁਣ ਤੱਕ ਉਪਲਬੱਧ।"

ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਐਬਸਟ੍ਰੈਕਟ ਇਕ ਬਿਬਲਿਓਗ੍ਰਾਫਿਕਲ ਡਾਟਾਬੇਸ ਹੈ ਜੋ ਕਿ ਰਾਜਨੀਤੀ ਵਿਗਿਆਨ, ਅੰਤਰਰਾਸ਼ਟਰੀ ਸਬੰਧਾਂ ਲੋਕ ਪ੍ਰਸ਼ਾਸਨ ਅਤੇ ਲੋਕ ਕਾਨੂੰਨ ਜਿਹੇ ਖੇਤਰਾਂ ਦੇ ਲਗਭਗ 900 ਜਰਨਲਾਂ ਅਤੇ ਈਅਰ ਬੁੱਕਾਂ ਦੇ ਸਾਰ ਪ੍ਰਦਾਨ ਕਰਦਾ ਹੈ। ਇੰਟਰਨੈੱਟ ਵਰਜ਼ਨ, 1989 ਤੋਂ ਹੁਣ ਤੱਕ ਦੀ ਸੂਚਨਾ ਨੂੰ ਕਵਰ ਕਰਦਾ ਹੈ। ਬਹੁਤੇ ਕੇਸਾਂ ਵਿਚ ਐਬਸਟ੍ਰੈਕਟ ਅੰਗ੍ਰੇਜ਼ੀ ਵਿਚ ਹਨ, ਪਰ ਕੁਝ ਗੈਰ ਅੰਗ੍ਰੇਜ਼ੀ ਫਰੈਂਚ ਵਿਚ ਹਨ। ਜਿਥੇ ਮੂਲ-ਲੇਖ ਅੰਗ੍ਰੇਜ਼ੀ ਵਿਚ ਨਹੀਂ ਹੈ, ਉਥੇ ਰਿਕਾਰਡ ਵਿਚਲਾ ਟਾਈਟਲ ਆਪਣੀ ਭਾਸ਼ਾ, ਅੰਗ੍ਰੇਜ਼ੀ ਅਤੇ ਫਰੈਂਚ ਵਿਚ ਹੈ।

**ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਐਬਸਟ੍ਰੈਕਟ, 1951 :**

ਸ੍ਰੋਤ: ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਐਸੋਸੀਏਸ਼ਨ, ਰਾਜਨੀਤੀ ਵਿਗਿਆਨ ਖੋਜ ਲਈ ਗਲੋਬਲ ਸਟੈਂਡਰਡ : ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਐਸੋਸੀਏਸ਼ਨ ਦੁਆਰਾ ਛਪਣ ਵਾਲਾ ਪ੍ਰਮਾਣਕ ਡਾਟਾਬੇਸ, ਦੁਨੀਆ ਭਰ ਦੇ ਗਿਆਨ ਭਰਪੂਰ ਜਰਨਲਾਂ ਅਤੇ ਈਅਰ ਬੁੱਕਸ ਵਿਚ ਰਾਜਨੀਤੀ ਵਿਗਿਆਨ ਦੇ ਛਪੇ ਲੇਖਾਂ ਦੇ ਸਾਰ ਮੁਹੱਈਆ ਕਰਦਾ ਹੈ। ਇਨ੍ਹਾਂ ਮਜ਼ਮੂਨਾਂ ਵਿਚ ਵਿਧੀ ਅਤੇ ਸਿਧਾਂਤ ਰਾਜਨੀਤਕ ਵਿਚਾਰਕ ਅਤੇ ਉਨ੍ਹਾਂ ਦੇ ਵਿਚਾਰ, ਰਾਜਨੀਤਕ ਅਤੇ ਪ੍ਰਬੰਧਕੀ ਸੰਸਥਾਵਾਂ,

ਰਾਜਨੀਤਕ, ਪ੍ਰਕਿਰਿਆ (ਲੋਕ-ਰਾਇ, ਰੁਝਾਨ, ਪਾਰਟੀਆਂ, ਸ਼ਕਤੀਆਂ, ਗਰੁੱਪ ਅਤੇ ਚੋਣਾਂ), ਅੰਤਰਰਾਸ਼ਟਰੀ ਸਬੰਧ ਅਤੇ ਕੌਮੀ ਤੇ ਖੇਤਰੀ ਅਧਿਐਨ। ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਐਬਸਟ੍ਰੈਕਟ ਵਿਸ਼ੇ ਦੀ ਵਿਦਵਤਾ ਭਰਪੂਰ ਖੋਜ ਲਈ ਇਕ ਗਲੋਬਲ ਸਟੈਂਡਰਡ ਹੈ।

ਰਿਕਾਰਡ ਦਾ ਲਗਭਗ 95% ਐਬਸਟ੍ਰੈਕਟਾਂ ਵਿਚ ਹੈ, ਜਿਹੜਾ ਬਹੁਤ ਕਰਕੇ ਅੰਗ੍ਰੇਜ਼ੀ ਵਿਚ ਹੈ। ਬਾਕੀ ਦੇ ਐਬਸਟ੍ਰੈਕਟ ਲਗਭਗ 75% ਫਰੈਂਚ ਵਿਚ ਹਨ। (ਉਨ੍ਹਾ ਲੇਖਾਂ ਲਈ ਜਿਨ੍ਹਾਂ ਦੀ ਭਾਸ਼ਾ ਅੰਗ੍ਰੇਜ਼ੀ ਨਹੀਂ ਹੈ)। ਦੂਜੀਆਂ ਭਾਸ਼ਾਵਾਂ ਦੇ ਟਾਈਟਲਾਂ ਨੂੰ ਹਮੇਸ਼ਾ ਅੰਗ੍ਰੇਜ਼ੀ ਵਿਚ ਉਲਥਾਇਆ ਜਾਂਦਾ ਹੈ।

ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਐਸੋਸੀਏਸ਼ਨ ਇਹ ਵਿਸ਼ੇਸ਼ ਯਤਨ ਕਰਦੀ ਹੈ, ਤਾਂਕਿ ਸੁਨਿਸਚਿਤ ਹੋ ਸਕੇ ਕਿ ਉਨ੍ਹਾਂ ਦੇਸ਼ਾਂ ਦੇ ਲੇਖਾਂ ਨੂੰ ਜਰੂਰ ਸ਼ਾਮਿਲ ਕੀਤਾ ਜਾਵੇ, ਜਿਨ੍ਹਾਂ ਦੇਸ਼ਾਂ ਬਾਰੇ ਘੱਟ ਸੂਚਨਾ ਉਪਲਬੱਧ ਹੋਵੇ। ਸੰਨ 2007 ਤੋਂ ਇੰਟਰਨੈਸ਼ਨਲ ਪੁਲਿਟੀਕਲ ਸਾਇੰਸ ਐਬਸਟਰੈਕਟ ਨੂੰ ਛਾਪਣ ਦਾ ਕੰਮ ਸੇਜ ਪਬਲੀਕੇਸ਼ਨ ਕੋਲ ਆ ਗਿਆ ਹੈ। (ਹੋਰ ਜਾਣਕਾਰੀ ਲਈ www.ipsa.org ਵੈਬਸਾਈਟ ਦੇਖੋ)

**7.8 ਸ਼ੋਸ਼ੀਆਲੋਜੀਕਲ ਐਬਸਟ੍ਰੈਕਟ :**

"ਸ਼ੋਸ਼ੀਆਲੋਜੀਕਲ ਐਬਸਟ੍ਰੈਕਟ, ਬੇਥੇਸਡਾ, ਐਮ ਡੀ: ਕੈਬਰਿੱਜ ਸਾਇੰਟਿਫਿਕ ਐਬਸਟ੍ਰੈਕਸ – 1963"

ਐਬਸਟ੍ਰੈਕਸ ਅਤੇ ਇੰਡੈਕਸਾਂ ਦੇ ਵੇਰਵੇ : ਸਮਾਜ ਸ਼ਾਸਤਰ ਅਤੇ ਸਮਾਜ ਵਿਵਹਾਰਕ ਵਿਗਿਆਨਾਂ ਨਾਲ ਸਬੰਧਿਤ ਵਿਸ਼ਿਆਂ ਸਬੰਧੀ ਅੰਤਰਰਾਸ਼ਟਰੀ ਸਾਹਿਤ। ਡਾਟਾ-ਬੇਸ 1963 ਤੋਂ ਹੁਣ ਤੱਕ ਦੇ ਜਰਨਲਾਂ ਦੇ ਹਵਾਲੇ ਤੇ ਟੂਕਾਂ ਜਿਵੇਂ: ਲੇਖ, ਕਿਤਾਬਾਂ ਦੇ ਰੀਵਿਊ, ਪੁਸਤਕਾਂ, ਪੁਸਤਕਾਂ ਦੇ ਕਾਂਡ, ਖੋਜ-ਨਿਬੰਧ ਅਤੇ ਕਾਨਫਰੰਸ-ਪੇਪਰ ਮੁਹੱਈਆ ਕਰਦਾ ਹੈ। 1974 ਤੋਂ ਬਾਅਦ ਦੇ ਇਕੱਤਰ ਕੀਤੇ ਜਰਨਲਾਂ ਦੇ ਲੇਖਾਂ ਦਾ ਰਿਕਾਰਡ ਗਹਿਰਾਈ ਵਾਲੇ ਐਬਸਟ੍ਰੈਕਟਾਂ ਵਿਚ ਮਿਲਦਾ ਹੈ। ਇਸ ਵਿਚ ਕਵਰ ਕੀਤੇ ਗਏ ਮੁੱਖ ਖੇਤਰ ਇਸ ਪ੍ਰਕਾਰ ਹਨ: ਸਭਿਆਚਾਰ ਅਤੇ ਸਮਾਜਿਕ ਬਣਤਰ, ਜਨ-ਅੰਕੜਾ ਵਿਗਿਆਨ ਅਤੇ ਜੀਵ-ਵਿਗਿਆਨ, ਆਰਥਿਕ-ਵਿਕਾਸ, ਮਾਹੌਲ ਦਾ ਪ੍ਰਭਾਵ, ਖੋਜ-ਮੁਲਾਂਕਣ, ਪਰਿਵਾਰ ਅਤੇ ਸਮਾਜ-ਭਲਾਈ, ਸਿਹਤ, ਚਿਕਤਸਾ ਅਤੇ ਕਾਨੂੰਨ, ਇਤਿਹਾਸ ਅਤੇ ਸਮਾਜ-ਸ਼ਾਸਤਰ ਸਿਧਾਂਤ, ਮੈਨੇਜਮੈਂਟ ਅਤੇ ਗੁੰਝਲਦਾਰ ਸੰਸਥਾਵਾਂ ਸਮੂਹ ਵਰਤਾਰਾ ਅਤੇ ਰਾਜਨੀਤਕ ਪ੍ਰਭਾਵ, ਕਾਰਜ-ਵਿਧੀ ਅਤੇ ਖੋਜ ਤਕਨਾਲੋਜੀ ਨੀਤੀ, ਯੋਜਨਾ, ਭਵਿੱਖਬਾਣੀ ਅਤੇ ਅਨੁਮਾਨ, ਮੁੱਢਲਾ ਸਮਾਜ ਸ਼ਾਸਤਰ, ਧਰਮ ਅਤੇ ਵਿਗਿਆਨ, ਪੇਂਡੂ ਅਤੇ ਸ਼ਹਿਰੀ ਸਮਾਜ ਸ਼ਾਸਤਰ, ਸਮਾਜਿਕ ਵਿਕਾਸ, ਸਮਾਜਿਕ ਵਖਰੇਂਵੇ, ਸਮਾਜਿਕ ਮਨੋਵਿਗਿਆਨ ਅਤੇ ਸਮੂਹਕ ਪ੍ਰਭਾਵ, ਕਲਾਵਾਂ ਦਾ ਸਮਾਜ ਸ਼ਾਸਤਰ, ਵਪਾਰ, ਸਿੱਖਿਆ, ਹਿੰਸਾ ਅਤੇ ਸ਼ਕਤੀ ਦਾ ਅਧਿਐਨ ਵਸਤੂ, ਉਸਦੀ ਦੁਰਵਰਤੋਂ ਅਤੇ ਆਦਤਾਂ, ਭਲਾਈ ਸੇਵਾਵਾਂ, ਔਰਤਾਂ ਬਾਰੇ ਅਧਿਐਨ।

**ਕੁੰਜੀ ਸ਼ਬਦ (Key Words) :** ਦੁਰਵਰਤੋਂ ਕਰਨਾ ਅਤੇ ਅਣਗੌਲਿਆ ਕਰਨਾ, ਕਾਲ-ਪ੍ਰਭਾਵਨ (Ageing), ਮਾਨਵ-ਵਿਗਿਆਨ, ਅਪਰਾਧ ਵਿਗਿਆਨ, ਸੰਕਟ-ਦਖਲ, ਜਨ-ਅੰਕੜਾ ਵਿਗਿਆਨ, ਵਿਕਾਸ-ਨੀਤੀ, ਸਿੱਖਿਆ, ਕਾਨੂੰਨ ਅਤੇ ਦੰਡ-ਸ਼ਾਸਤਰ, ਜਾਤੀ ਸਬੰਧ, ਸਮਾਜਿਕ-ਮਨੋਵਿਗਿਆਨ, ਸਮਾਜ-ਸ਼ਾਸਤਰ, ਸ਼ਹਿਰੀ ਵਿਕਾਸ, ਸ਼ਹਿਰਾਂ ਸਬੰਧੀ ਅਧਿਐਨ, ਹਿੰਸਾ।

**ਮਾਸਿਕ ਨਵੀਨੀਕਰਣ :**

ਸਮਾਜ-ਸ਼ਾਸਤਰ ਦੇ ਐਬਸਟ੍ਰੈਕਟਾਂ ਦੁਆਰਾ ਮੁਹੱਈਆ ਕੀਤੇ ਨੋਟਸ ਦੇ ਤੱਤ :- ਇਕ ਡਾਟਾਬੇਸ, ਕੈਂਬਰਿੱਜ ਐਬਸਟ੍ਰੈਕਟਸ ਇੰਟਰਨੈਂਟ ਡਾਟਾ ਬੇਸ ਸਰਵਿਸ ਤੋਂ ਹਾਸਿਲ ਹੋਇਆ ਹੈ। ਸ੍ਰੋਤ ਕਿਸਮ ਦੀ ਇੰਡੈਕਸਿੰਗ ਅਤੇ ਐਬਸਟ੍ਰੈਕਟਿੰਗ ਸੇਵਾ। ਕੰਟਿਰੀਬਿਊਟਰਜ਼, ਸਪਾਂਸਰਜ਼, ਪ੍ਰੋਵਾਈਡਰਜ਼ ਕੈਂਬਰਿੱਜ ਸਾਇੰਟਿਫਿਕ-ਐਬਸਟ੍ਰੈਕਟਸ, ਇੰਟਰਨੈਟ ਡਾਟਾਬੇਸ ਸਰਵਿਸ ਸੋਸ਼ੋਲੋਜਿਕਲ ਐਬਸਟ੍ਰੈਕਟਸ, ਵਿਕਲਪ ਟਾਈਟਲ ਸੀ ਐਸ ਏ ਸੋਸ਼ੋਲੋਜਿਕਲ ਐਬਸਟ੍ਰੈਕਟਸ ਸੀ ਐਲ ਆਈ ਓ ਸਮਾਜ ਸ਼ਾਸਤਰ ਵਿਚ ਖੋਜ ਸਬੰਧਿਤ ਵਿਸ਼ਾ।

**ਸਮਾਜ ਸ਼ਾਸਤਰ :**

ਸਮਾਜ-ਸ਼ਾਸਤਰੀ-ਐਬਸਟ੍ਰੈਕਟ : ਪਬਲਿਕ ਵੈਲਫੇਅਰ ਹਿਊਮਨ ਸਰਵਿਸਿਜ਼ ਸੋਸ਼ਲ ਸਰਵਿਸ।

ਹਵਾਲਾ ਇਵੇਂ ਹੈ: ਸੋਸ਼ਿਓਲੋਜੀਕਲ ਐਬਸਟ੍ਰੈਕਟਸ ਬੇਥੇਸਡਾ, ਐਮ ਡੀ: ਕੈਬਰਿੱਜ ਸਾਇੰਟਿਫਿਕ ਐਬਸਟ੍ਰੈਕਟਸ। ਹੋਰ ਟਾਟੀਟਲ : ਸੀ ਐਸ ਏ ਸੋਸ਼ਿਓਲੋਜਿਕਲ ਐਬਸਟ੍ਰੈਕਸ।

ਕੋਲੰਬੀਆ ਯੂ ਆਰ ਐਲ: http : // www.columbia. edu./cgi-bin/cul/resolve? ATG 2613

ਪਹੁੰਚ ਰੋਕ : ਇਹ ਸੋਮੇ ਕੇਵਲ ਕੋਲੰਬੀਆ ਯੂਨੀਵਰਸਿਟੀ ਦੇ ਅਧਿਆਪਕਾਂ, ਅਮਲੇ ਅਤੇ ਵਿਦਿਆਰਥੀਆਂ ਲਈ ਹਨ।

**7.9 ਦੀ ਇਕਨਾਮਿਕ ਹਿਸਟਰੀ ਰਿਵਿਊ :** "ਇਕਨਾਮਿਕ ਹਿਸਟਰੀ ਸੋਸਾਇਟੀ। ਬਲੈਕਵੱਲ ਪਬਲਿਸ਼ਿੰਗ। ਸੰਪਾਦਕ : ਰਿਚਰਡ ਸਮਿੱਥ ਅਤੇ ਜੇਨ ਹੰਫਰੀਜ਼ 1927."

ਦੀ ਇਕਨਾਮਿਕ ਰਿਵਿਊ ਤ੍ਰੈਮਾਸਿਕ ਹੈ ਅਤੇ ਹਰੇਕ ਅੰਕ ਦੇ 800 ਪੰਨੇ ਹੁੰਦੇ ਹਨ। ਇਹ ਇਕ ਬਹੁਮੁੱਲਾ ਸੂਚਨਾ-ਸ੍ਰੋਤ ਹੈ ਅਤੇ ਇਕਨਾਮਿਕ ਹਿਸਟਰੀ ਸੋਸਾਇਟੀ ਦੇ ਮੈਂਬਰਾਂ ਨੂੰ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਇਹ ਪੁਸਤਕਾਂ ਰਸਾਲਿਆਂ ਅਤੇ ਸੂਚਨਾ ਤਕਨਾਲੋਜੀ ਦੇ ਰਿਵਿਊ ਛਾਪਦਾ ਹੈ। ਰਿਵਿਊ ਪੜ੍ਹਕੇ ਪਾਠਕ ਦੀ ਰੁਚੀ ਹੋ ਜਾਂਦੀ ਹੈ ਕਿ ਉਹ ਵਿਸ਼ੇ ਦੇ ਨਵੀਨ ਵਿਕਾਸ ਦੇ ਨਾਲ ਨਾਲ ਆਰਥਿਕ ਅਤੇ ਸਮਾਜਿਕ ਇਤਿਹਾਸ ਬਾਰੇ ਵੀ ਜਾਣੇ। ਇਸਦਾ ਮੁੱਖ ਉਦੇਸ਼ ਹੁੰਦਾ ਹੈ ਕਿ ਆਰਥਿਕ ਅਤੇ ਸਮਾਜਿਕ ਤਬਦੀਲੀਆਂ ਵਾਲੇ ਵਿਸ਼ਿਆਂ ਨੂੰ ਵੱਡੇ ਪੱਧਰ ਤੇ ਕਵਰ ਕੀਤਾ ਜਾਵੇ ਜਿਸ ਵਿਚ ਇਨ੍ਹਾਂ ਤਬਦੀਲੀਆਂ ਦੇ ਬੌਧਿਕ, ਰਾਜਨੀਤਕ ਅਤੇ ਸਭਿਆਚਾਰਕ ਭਾਵ ਵੀ ਸ਼ਾਮਿਲ ਹੋਣ।

ਇਨਕਾਮਿਕ ਹਿਸਟਰੀ-ਰਿਵਿਊ, ਆਰਥਿਕ ਅਤੇ ਸਮਾਜਿਕ ਇਤਹਾਸ ਦੇ ਸਾਰੇ ਪੱਖਾਂ ਉੱਤੇ ਅਸਲ ਖੋਜ ਤੇ ਆਧਾਰਿਤ ਲੇਖ ਛਾਪਦਾ ਹੈ। ਇਹ ਰਿਵਿਊ ਇਕਨਾਮਿਕ ਹਿਸਟਰੀ ਸੋਸਾਇਟੀ ਦੇ ਵਾਸਤੇ, ਸਿਰਕੱਢ ਵਿਦਵਾਨਾਂ ਵੱਲੋਂ ਸੰਪਾਦਿਤ ਕੀਤੇ ਜਾਂਦੇ ਹਨ। ਇਹ 1927 ਤੋਂ ਛੱਪ ਰਿਹਾ ਹੈ ਅਤੇ ਇਸ ਖੇਤਰ ਦਾ ਸਿਰਕੱਢ ਜਰਨਲ ਹੈ। ਇਹ ਰਿਵਿਊ ਜਰਨਲ ਆਰਥਿਕ ਅਤੇ ਸਮਾਜਿਕ ਇਤਿਹਾਸਕਾਰਾਂ ਦੁਆਰਾ ਵੱਡੇ ਪੱਧਰ ਤੇ ਅਪਣਾਈਆਂ ਗਈਆਂ ਕਾਰਜ-ਵਿਧੀਆਂ ਤੇ ਆਧਾਰਿਤ, ਲੇਖਾਂ ਦੀ ਮੰਗ ਕਰਦਾ ਹੈ। ਇਸਦੇ ਨਾਲ ਹੀ ਦੁਨੀਆਂ ਦੇ ਕਿਸੇ ਵੀ ਖੇਤਰ ਦੇ ਆਰਥਿਕ ਅਤੇ ਸਮਾਜਿਕ ਇਤਹਾਸ ਸਬੰਧੀ ਉੱਚ-ਪੱਧਰੀ ਖੋਜ ਨੂੰ ਖੁਸ਼ੀ ਨਾਲ ਛਾਪਦਾ ਹੈ। ਆਰਥਿਕ ਅਤੇ ਸਮਾਜਿਕ ਤਬਦੀਲੀਆਂ ਵਾਲੇ ਵਿਸ਼ਿਆਂ ਨੂੰ ਵੱਡੇ ਪੱਧਰ ਤੇ ਕਵਰ ਕਰਨ ਉਤੇ ਬੱਲ ਦਿੱਤਾ ਜਾਂਦਾ ਹੈ, ਇਸ ਵਿਚ ਉਨ੍ਹਾਂ ਦੇ ਬੌਧਿਕ, ਰਾਜਨੀਤਕ ਅਤੇ ਸਭਿਆਚਾਰ ਭਾਵਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਨਿਯਮਿਤ ਪੇਪਰਾਂ ਤੋਂ ਇਲਾਵਾ ਕੁਝ ਅੰਕਾਂ ਵਿਚ ਸਰਵੇਜ਼ ਐਂਡ ਸਪੈਕੂਲੇਸ਼ਨਜ਼ ਨੂੰ ਲੜੀਵਾਰ ਛਾਪਿਆ ਗਿਆ ਹੈ, ਜਿਹੜੇ ਕਿ ਸਰਵੇ ਸਬੰਧੀ ਬੜੇ ਵਿਚਾਰ-ਭਰਪੂਰ ਲੇਖ ਹਨ। ਕਾਫੀ ਵਰ੍ਹੇ ਪਹਿਲਾਂ, ਗ੍ਰੇਟ-ਬ੍ਰਿਟੇਨ ਅਤੇ ਆਇਰਲੈਂਡ ਦੇ ਆਰਥਿਕ ਅਤੇ ਸਮਾਜਿਕ ਇਤਿਹਾਸ ਬਾਰੇ ਇਕ ਸਰਬਪੱਖੀ ਸਾਲਾਨਾ-ਸੂਚੀ ਛਪੀ ਸੀ। ਹਰੇਕ ਅੰਕ ਅੰਦਰ ਕਾਫੀ ਮਾਤਰਾ ਵਿਚ ਪੁਸਤਕ-ਰਿਵਿਊ ਵੀ ਹੁੰਦੇ ਹਨ।

ਜੇ ਐਸ ਟੀ ਓ ਆਰ (JSTOR), ਇਕਨਾਮਿਕ ਹਿਸਟਰੀ ਰਿਵਿਊ ਦੇ ਛਪੇ ਰੂਪ ਦੇ ਡਿਜਿਟਲ ਇਤਹਾਸਕ ਦਸਤਾਵੇਜ਼ ਪ੍ਰਦਾਨ ਕਰਦਾ ਹੈ। ਇਕਨਾਮਿਕ ਹਿਸਟਰੀ ਰਿਵਿਊ ਦਾ ਇਲੈਕਟਰਾਨਿਕ ਰੂਪ http : // www.blackwel-synergy.com ਤੇ ਉਪਲਬਧ ਹੈ। ਅਧਿਕਾਰਿਤ ਪਾਠਕ ਇਸ ਸਾਈਟ ਤੇ ਮੁਕੰਮਲ ਟੈਕਸਟ ਵਾਲੇ ਲੇਖ ਪ੍ਰਾਪਤ ਕਰ ਸਕਦੇ ਹਨ। ਆਈ.ਐਸ ਐਸ ਐਨ : 00130117 ਓ ਸੀ ਐਲ ਸੀ: 47075644, ਐਲ ਸੀ ਸੀ ਐਨ : 2001-227195

## 7.10 ਬਿਬਲਿਓਗ੍ਰਾਫਿਕ ਇੰਡੈਕਸ : ਬਿਬਲਿਓਗ੍ਰਾਫੀ ਆਫ ਬਿਬਲਿਓਗ੍ਰਾਫੀਜ਼ ਐਚ.ਡਬਲਿਊ. ਵਿਲਸਨ (H.W. Wilson), ਨਿਊ ਯਾਰਕ. 1938 – VI

ਬਿਬਲਿਓਗ੍ਰਾਫਿਕ ਇੰਡੈਕਸ, 60 ਸਾਲਾਂ ਤੋਂ ਵਧੇਰੇ ਸਮੇਂ ਤੋਂ ਇੱਕ ਪ੍ਰਮਾਣਿਕ ਹਵਾਲਾ ਪੁਸਤਕ ਹੈ, ਇਹ ਹੁਣ ਬਿਬਲਿਓਗ੍ਰਾਫਿਕ ਇੰਡੈਕਸ ਪਲੱਸ ਬਣ ਗਈ ਹੈ। ਇਸ ਵਿਚ ਦੇਸ਼-ਵਿਦੇਸ਼ ਦੇ ਵੱਖ ਵੱਖ ਵਿਸ਼ਿਆਂ ਦੇ ਲਗਭਗ 1700 ਰਸਾਲਿਆਂ ਦੀ ਟੈਕਸਟ ਪੁਸਤਕ-ਸੂਚੀ ਦਿੱਤੀ ਜਾਂਦੀ ਹੈ। ਸਾਰੇ ਖੇਤਰਾਂ ਦੇ ਵਿਭਿੰਨ ਖੋਜ-ਪ੍ਰਸ਼ਨਾਂ ਦੇ ਆਸਾਨ ਉੱਤਰਾਂ ਲਈ ਬਿਬਲਿਓਗ੍ਰਾਫੀਆਂ ਦੀ ਇਸ ਸਮੁੱਚੀ ਬਿਬਲਿਓਗ੍ਰਾਫੀ ਨੂੰ ਵਾਚਿਆ ਜਾ ਸਕਦਾ ਹੈ। ਇਸ ਵਿਚ ਅੰਗ੍ਰੇਜ਼ੀ, ਜਰਮਨ, ਡੱਚ, ਸ਼ਕੈਂਡੇਨੇਵੀਅਨ, ਸਲੈਵਿਕ ਆਦਿ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਬਿਬਲਿਓਗ੍ਰਾਫੀਆਂ ਦੇ 350,000 ਤੋਂ ਵਧੇਰੇ ਇੰਦਰਾਜ ਦਰਜ ਹਨ, ਜਿਨ੍ਹਾਂ ਦੀ ਡੂੰਘੀ ਖੋਜ ਨੂੰ ਦੇਖਕੇ ਖੋਜੀ ਪ੍ਰਸੰਨ ਹੋਏ ਬਿਨਾਂ ਨਹੀਂ ਰਹਿ ਸਕਦੇ। ਇਨ੍ਹਾਂ ਤੋਂ ਅਤਿਰਿਕਤ ਲਗਭਗ 100,000 ਮੁਕੰਮਲ ਟੈਕਸਟ ਵਾਲੀਆਂ ਪੁਸਤਕ-ਸੂਚੀਆਂ ਪ੍ਰਦਾਨ ਕੀਤੀਆਂ ਗਈਆਂ ਹਨ।

ਵਿਸ਼ੇਸ਼ੱਗ-ਵਿਲਸਨ ਹਰ ਸਾਲ ਲਗਭਗ 2800 ਰਸਾਲਿਆਂ ਅਤੇ 5,000 ਪੁਸਤਕਾਂ ਵਿਚੋਂ ਬਿਬਲਿਓਗ੍ਰਾਫੀਆਂ ਦੇ ਇੰਡੈਕਸ ਤਿਆਰ ਕਰਦਾ ਹੈ। ਵਿਲਸਨ ਦੇ ਹੋਰ ਇੰਡੈਕਸਾਂ ਦੁਆਰਾ ਲਗਭਗ 1700 ਰਸਾਲਿਆਂ ਵਿਚੋਂ ਕਰੀਬ 100,000 ਮੁਕੰਮਲ ਟੈਕਸਟ ਵਾਲੀਆਂ ਬਿਬਲਿਓਗ੍ਰਾਫੀਆਂ ਤਿਆਰ ਕੀਤੀਆਂ ਗਈਆਂ ਹਨ।

ਬਿਬਲਿਓਗ੍ਰਾਫੀ ਸਬੰਧੀ ਨਿਬੰਧ, ਸਾਹਿਤਕ-ਰਿਵਿਊ, ਲੜੀਵਾਰ- ਬਿਬਲਿਓਗ੍ਰਾਫੀਆਂ ਆਦਿ ਉਪਰ ਦਰਸਾਏ ਸ੍ਰੋਤਾਂ ਦੇ ਨਿਯਮਿਤ ਫੀਚਰ ਹਨ।

ਹਿਊਮੈਨਿਟੀਜ਼ ਅਤੇ ਸਮਾਜ ਵਿਗਿਆਨ ਅਤੇ ਨਾਲ ਹੀ ਵਿਗਿਆਨ ਅਤੇ ਤਕਨਾਲੋਜੀ ਨੂੰ ਵੱਡੇ ਪੈਮਾਨੇ ਤੇ ਲਿਆ ਜਾਂਦਾ ਹੈ।

### ਵਿਲਸਨ ਵੈੱਬ ਉੱਤੇ ਬਿਬਲਿਓਗ੍ਰਾਫਿਕ ਇੰਡੈਕਸ-ਪਲੱਸ ਦੇ ਲਾਭ :

ਸਭ ਤੋਂ ਪਹਿਲਾਂ ਤੇਜ਼ੀ ਅਤੇ ਫੁਰਤੀ ਨਾਲ ਤੁਹਾਡੀ ਪੁਸਤਕਾਂ ਅਤੇ ਰਸਾਲਿਆਂ ਦੀ ਕੁਲੈਕਸ਼ਨ ਦਾ ਲੱਭਣਾ, ਤੁਹਾਡੇ ਲਈ ਮੁੱਲਵਾਨ ਹੋ ਨਿਬੜਦਾ ਹੈ। ਲਾਇਬ੍ਰੇਰੀ ਦੇ ਪਾਠਕਾਂ ਅਤੇ ਲਾਇਬ੍ਰੇਰੀਅਨਾਂ ਨੂੰ ਵੱਖ ਵੱਖ ਰੈਫਰੈਂਸ ਸਵਾਲਾਂ ਦੇ

ਜਵਾਬ ਜਲਦੀ ਨਾਲ ਮਲ ਜਾਂਦੇ ਹਨ। ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਦੀ ਸੁਤੰਤਰ ਖੋਜ ਕਰਨ ਵਿਚ ਅਗਵਾਈ ਕਰਨ ਲਈ ਮੱਦਦ ਕਰਦੇ ਹਨ। 1982 ਤੋਂ ਪੂਰਵ-ਵਿਆਪੀ ਕਵਰੇਜ, ਖੋਜ ਦੀ ਯੋਗਤਾ ਵਿਚ ਵਾਧਾ ਕਰਦੀ ਹੈ। ਲਾਇਬ੍ਰੇਰੀ ਹੋਲਡਿੰਗਜ਼ ਸੰਕੇਤਕ, ਤੁਹਾਡੇ ਓ ਪੀ ਏ ਸੀ ਨਾਲ ਜੁੜਿਆ ਹੁੰਦਾ ਹੈ, ਇਸ ਨਾਲ ਯੂਜ਼ਰਜ (Users) ਨੂੰ ਪਤਾ ਚਲ ਜਾਂਦਾ ਹੈ ਕਿ ਉਹ ਤੁਹਾਡੀ ਸ਼ੈਲਫ ਤੇ ਹਵਾਲੇ ਅਧੀਨ ਸ੍ਰੋਤ ਲਭ ਸਕਣਗੇ ਜਾਂ ਨਹੀਂ। ਡਾਟਾ ਬੇਸ ਵਿਚ ਬਣਾਏ ਗਏ ਦਸਤਾਵੇਜ਼ ਡਲਿਵਰੀ ਲਿੰਕ ਦੇ ਰਾਹੀਂ ਆਸਾਨੀ ਨਾਲ ਲੇਖ ਪਾਪਤ ਕਰਨਾ। ਨਵੀਨ ਵਿਸ਼ਾ-ਸਿਰਲੇਖ-ਲਾਇਬ੍ਰੇਰੀ ਆਫ ਕਾਂਗਰਸ ਤੇ ਆਧਾਰਿਤ। ਵਿਸ਼ਾ-ਸਿਰਲੇਖ, ਚਲੰਤ ਵਿਸ਼ਿਆਂ ਦੇ ਬਰਾਬਰ ਚਲਦੇ ਹਨ।

ਵਿਵਸਾਇਕਾਂ ਦੁਆਰਾ ਬਣਾਈ ਵਿਲਸਨ ਕੁਆਲਟੀ ਇੰਡੈਕਸਿੰਗ ਵਰਤੋ ਕਰਨ ਵਾਲਿਆਂ ਨੂੰ ਇਹ ਖੋਜ ਨਤੀਜਿਆਂ ਦੀ ਤਸੱਲੀਬਖਸ਼ ਢੰਗ ਨਾਲ ਗਾਰੰਟੀ ਦਿਖਾਉਂਦੀ ਹੈ। ਰੋਜ਼ਾਨਾ ਨਵੀਨੀਕਰਣ ਕਰਕੇ ਪਾਠਕਾ ਨੂੰ ਨਵੀਆਂ ਪ੍ਰਕਾਸ਼ਿਤ ਬਿਬਲਿਓਗ੍ਰਾਫੀਆਂ ਦਾ ਪਤਾ ਚੱਲਦਾ ਰਹਿੰਦਾ ਹੈ।

ਹੋਰ ਪੜ੍ਹਨ ਲਈ:


| | | |
|---|---|---|
| 1. | Krishan Kumar : | Reference Service, 5th revised edition, ND: Vikas, 1996, reprint 2006 |
| 2. | ਐਮ.ਪੀ. ਸਤੀਜਾ ਅਤੇ ਸੇਵਾ ਸਿੰਘ | ਸੰਦਰਭ ਅਤੇ ਸੂਚਨਾ ਸ੍ਰੋਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996 |

www.icssr.org
www.ipsa.org

ਪਾਠ ਨੰਬਰ : 2.2 ਲੇਖਕ : ਡਾ. ਆਰ. ਕੇ. ਭੱਟ
ਅਨੁਵਾਦਕ : ਕਰਮਵੀਰ ਸਿੰਘ

## ਡਾਟਾ ਬੇਸ: ਸਮਾਜ ਵਿਗਿਆਨ ਨੈੱਟਵਰਕ-ਕ੍ਰਿਤ ਅਤੇ ਵਰਗੀਕ੍ਰਿਤ ਡਾਟਾਬੇਸ :
## (Databases : Networked and Distributed Databases in Social Sciences)

**ਬਣਤਰ**

8.0 ਉਦੇਸ਼
8.1 ਭੂਮਿਕਾ
8.2 ਡਾਟਾ ਬੇਸ
8.3 ਵਰਗੀਕ੍ਰਿਤ ਡਾਟਾਬੇਸ
8.4.1 ਸੋਸ਼ਲ ਸਾਇੰਸਿਜ਼ ਰਿਸਰਚ ਨੈੱਟਵਰਕ (ਐਸ ਐਸ ਆਰ ਐਨ)
  8.4.2 ਐਜੁਕੇਸ਼ਨ ਨੈੱਟਵਰਕ ਅਸਟ੍ਰੇਲੀਆ (ਈ ਡੀ ਐਨ ਏ)
  8.4.3 ਸਮਾਜਿਕ ਮਨੋਵਿਗਿਆਨ ਨੈੱਟਵਰਕ
  8.4.4 ਕੂੰਬਜ਼ (COOMBS) ਵੈਬ
  8.4.5 ਥੀਮੈਟਿਕ ਨੈੱਟਵਰਕ ਆਫ ਟੀਚਰ ਐਜੁਕੇਸ਼ਨ ਇਨ ਯੂਰੋਪ
  8.4.6 ਸੋਸ਼ਲ ਸਾਇੰਸਿਜ਼ ਇਨਫਰਮੇਸ਼ਨ ਗੇਟਵੇ
  8.4.7 ਐਰਿਕ (ERIC) ਡਾਟਾ ਬੇਸ (ਐਜੁਕੇਸ਼ਨ ਰਿਸੋਰਸਿਜ਼ ਇਨਫਰਮੇਸ਼ਨ ਸੈਂਟਰ)
  8.4.8 ਏਸ਼ੀਆ ਪੈਸੇਫਿਕ ਇਨਫਰਮੇਸ਼ਨ ਨੈੱਟਵਰਕ ਇਨ ਸੋਸ਼ਲ ਸਾਇੰਸਿਜ਼ (ਏ ਪੀ ਆਈ ਐਨ ਈ ਐਸ ਐਸ)
8.5 ਭਾਰਤੀ ਨੈੱਟਵਰਕਿੰਗ ਦਾ ਦ੍ਰਿਸ਼-ਵਿਵਰਣ
  8.5.1 ਭਾਰਤ ਵਿਚ ਸਮਾਜ ਵਿਗਿਆਨ ਡਾਟਾ ਬੇਸ
  8.5.2 ਇਨਫਰਮੇਸ਼ਨ ਐਂਡ ਲਾਇਬ੍ਰੇਰੀ ਨੈੱਟਵਰਕ (ਇਨਲਿਬਨੈੱਟ)
  8.5.3 ਡਿਵੈਲਪਿੰਗ ਲਾਇਬ੍ਰੇਰੀ ਨੈੱਟਵਰਕ (ਡੈਲਨੈੱਟ)
8.6 ਨੈਸ਼ਨਲ ਸੋਸ਼ਲ ਸਾਇੰਸ ਡਾਕੂਮੈਂਟੇਸ਼ਨ ਸੈਂਟਰ (ਨਾਸਡੌਕ)
8.7 ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ
8.8 ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸ ਲਾਇਬ੍ਰੇਰੀ ਡਾਟਾ ਬੇਸਿਜ਼
8.9 ਪੁਸਤਕ-ਸੂਚੀ

### 8.0 ਉਦੇਸ਼ (Objectives) :

ਇਸ ਪਾਠ ਦੇ ਅਧਿਐਨ ਨਾਲ ਤੁਹਾਨੂੰ ਇਨ੍ਹਾਂ ਗੱਲਾਂ ਨੂੰ ਸਮਝਣ ਵਿਚ ਮਦਦ ਮਿਲੇਗੀ :

(1) ਡਾਟਾ ਬੇਸ ਅਤੇ ਵਰਗੀਕ੍ਰਿਤ-ਡਾਟਾਬੇਸ ਸਮਝਣ ਵਿਚ ; ਅਤੇ

(2) ਕੁਝ ਮਹੱਤਵਪਰਣ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਡਾਟਾਬੇਸਾਂ ਨੂੰ ਸਮਝਣ ਵਿਚ।

### 8.1 ਭੂਮਿਕਾ (Introduction) :

ਉਚੇਰੀ ਸਿੱਖਿਆ ਅਤੇ ਖੋਜ ਨਾਲ ਸਬੰਧਿਤ ਲਾਇਬ੍ਰੇਰੀਆਂ ਅਤੇ ਸੂਚਨਾ ਸਹੂਲਤਾਂ ਨੇ ਆਪਣੇ ਕੈਟਾਲਾਗ, ਪਾਠਕ-ਸੇਵਾ ਅਤੇ ਗ੍ਰਹਿ-ਵਿਵਸਥਾ ਨੂੰ ਸਵੈਚਾਲਿਤ ਤੇ ਗਤੀਸ਼ੀਲ ਬਣਾ ਲਿਆ ਹੈ। ਲਾਇਬ੍ਰੇਰੀ-ਡਾਟਾਬੇਸ ਦੇ ਰਾਹੀਂ ਇਕੋਂ ਸਮੇ ਬਹੁਤ ਸਾਰੇ ਪਾਠਕਾਂ/ਵਰਤੋਂ ਕਰਨ ਵਾਲਿਆਂ ਦੇ ਰਾਹੀਂ ਬਹੁ-ਭਾਂਤੀ ਖੋਜ ਕੀਤੀ ਜਾ ਸਕਦੀ ਹੈ। ਪਾਠਕ ਦੋਸਤਾਨਾ ਢੰਗ ਨਾਲ ਲੇਖਕ, ਟਾਈਟਲ ਵਿਸ਼ੇ ਆਦਿ ਦੇ ਰਾਹੀਂ ਇਹ ਸੂਚਨਾ ਪ੍ਰਾਪਤ ਕਰ ਸਕਦੇ ਹਨ। ਇਸ ਦੇ ਰਾਹੀਂ ਇਹ ਵੀ ਸਹਾਇਤਾ ਮਿਲਦੀ ਹੈ ਕਿ ਨਵੀਆਂ ਆਈਆਂ ਪ੍ਰਕਾਸ਼ਨਾਵਾਂ ਅਤੇ ਤਬਦੀਲ ਕੀਤੀਆਂ ਜਾਂ ਘਟਾਈਆਂ ਪ੍ਰਕਾਸ਼ਨਾਵਾਂ ਜਾਂ ਸਾਰੇ ਰਿਕਾਰਡ ਬਾਰੇ ਪਤਾ ਚਲਦਾ ਹੈ, ਅਤੇ ਉਚਿਤ ਪ੍ਰਬੰਧ ਕੀਤਾ ਜਾਂਦਾ ਹੈ, ਤਾਂ ਜੋ ਸੰਸਥਾ ਵੱਲੋਂ ਕ੍ਰਿਆਸ਼ੀਲ ਢੰਗ ਨਾਲ

ਅਸਲ ਲੋੜੀਂਦੀ ਸੇਵਾ ਪ੍ਰਦਾਨ ਕੀਤੀ ਜਾਵੇ। ਜਿਵੇਂ ਕਿ ਇਹ ਆਪਣੇ ਨਾਵਾਂ ਲਾਇਬ੍ਰੇਰੀ ਡਾਟਾਬੇਸ ਜਾਂ ਆਨਲਾਈਨ ਪਬਲਿਕ ਐਕਸੈਸ ਕੈਟਾਲਾਗ (ਓ ਪੀ ਏ ਸੀ) ਨਾਲ ਪ੍ਰਸਿੱਧ ਹਨ। ਇਹ ਆਮ ਤੌਰ ਤੇ ਮੋਨੋਗ੍ਰਾਫਾਂ/ਪੁਸਤਕਾਂ ਲਈ ਵੱਖ ਵੱਖ ਪਹੁੰਚ ਸਥਾਨਾਂ ਦੀ ਇਜ਼ਾਜਤ ਦਿੰਦੇ ਹਨ, ਕਿਉਂਕਿ ਇਹ ਸ੍ਰੋਤ ਬਾਹਰ ਲੈ ਜਾਣ ਲਈ ਵੀ ਜਾਰੀ ਕੀਤੇ ਜਾਂਦੇ ਹਨ। ਇਸੇ ਪ੍ਰਕਾਰ ਦੀ ਕਾਰਜਸ਼ੀਲਤਾ, ਹਵਾਲਾ ਪੁਸਤਕਾਂ, ਖੋਜ-ਪ੍ਰਬੰਧਾਂ, ਸਟੈਂਡਰਡਜ਼ ਅਤੇ ਹਰ ਇਕ ਜਿਲਦ ਵਾਲੇ ਸੂਚਨਾ ਸ੍ਰੋਤਾਂ ਉਤੇ ਵੀ ਲਾਗੂ ਕੀਤੀ ਜਾ ਸਕਦੀ ਹੈ। ਉਦੋਂ ਬੜੀ ਮੁਸ਼ਕਿਲ ਅਤੇ ਦਿੱਕਤ ਪੇਸ਼ ਆਉਂਦੀ ਹੈ, ਜਦੋਂ ਜਰਨਲਾਂ ਦੇ ਮੁੱਢਲੇ ਸ੍ਰੋਤਾਂ ਦੀ ਸੂਚਨਾ ਨਾਲ ਵਾਸਤਾ ਪੈਂਦਾ ਹੈ।

ਜਰਨਲਾਂ ਦੀ ਨਿਰੰਤਰਤਾ ਅਤੇ ਉਨ੍ਹਾਂ ਦੇ ਪੰਨਿਆ ਉੱਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਵਿਚ ਕਿੰਨੇ ਜ਼ਿਆਦਾ ਲੇਖ ਹੁੰਦੇ ਹਨ ਅਤੇ ਹਰੇਕ ਲੇਖ ਤਕ ਪਹੁੰਚ ਕਰਨ ਲਈ ਡਾਟਾਬੇਸ ਹਰੇਕ ਲੇਖ ਨੂੰ ਰਿਕਾਰਡ ਵਿਚ ਸਾਂਭਦਾ ਹੈ। ਸਾਡੀਆਂ ਲਾਇਬ੍ਰੇਰੀਆਂ ਦੀਆਂ ਕਈ ਸੀਮਾਵਾਂ ਹੋਣ ਕਰਕੇ, ਇਸ ਇਕੱਤਰ ਹੋਣ ਦੀ ਕ੍ਰਿਆ ਤੋਂ ਬਚਣ ਲਈ, ਓ ਪੀ ਏ ਸੀ ਨੇ ਪਾਠਕਾਂ ਦੀ ਤਸੱਲੀ ਲਈ ਦੀ ਪਹੁੰਚ ਸੌਖਾ ਰਾਹ ਅਪਨਾਇਆ ਹੈ ਕਿ ਜਰਨਲ ਜਿਲਦ ਵਿਚ ਹਨ ਜਾਂ ਅਣਜਿਲਦੇ ਹਨ। ਇਸ ਪ੍ਰਕਾਰ ਇਕ ਪਾਠਕ ਨੂੰ ਅਜਿਹੇ ਸ੍ਰੋਤ ਤੱਕ ਪਹੁੰਚਣ ਲਈ ਘਟੋ ਘੱਟ ਦੋ ਕਦਮ ਚੁੱਕਣੇ ਪੈਂਦੇ ਹਨ। ਸਭ ਤੋਂ ਪਹਿਲਾਂ ਓ ਪੀ ਏ ਸੀ ਤੋਂ ਇਸਦੀ ਉਪਲੱਬਧਤਾ ਬਾਰੇ ਜਾਣਨਾ ਪੈਂਦਾ ਹੈ ਫੇਰ ਜਾਂ ਤਾ ਪ੍ਰਕਾਸ਼ਿਤ ਇੰਡੈਕਸਾਂ ਨੂੰ ਜਾਂ ਫੇਰ ਕਮਰਸ਼ਨ ਇਲੈਕਟ੍ਰਾਨਿਕ ਡਾਟਾਬੇਸ ਨੂੰ ਵਾਚਣਾ ਪੈਂਦਾ ਹੈ, ਤਾਂਕਿ ਲੇਖ ਆਦਿ ਤੱਕ ਪਹੁੰਚਿਆ ਜਾ ਸਕੇ। ਪਰੰਤੂ ਖੋਜ ਸਬੰਧੀ ਇਹ ਦੋਵੇਂ ਵਿਕਲਪ ਵੱਖ ਵੱਖ ਡਾਟਾ ਬੇਸ ਇੰਡੈਕਸਾਂ ਦੇ ਨਤੀਜੇ ਤੇ ਪਹੁੰਚਦੇ ਹਨ ਇਸ ਕਰਕੇ ਇਹ ਪ੍ਰਕਿਰਿਆ ਇੱਕ ਸਹਿਜ ਪਾਠਕ ਦੇ ਲਈ ਵੀ ਨਿਰਾਸ਼ਾ ਪੱਲੇ ਪਾਉਂਦੀ ਹੈ।

ਪ੍ਰਕਾਸ਼ਕਾਂ, ਡਾਟਾਬੇਸ ਉਤਪਾਦਕਾਂ ਅਤੇ ਲਾਇਬ੍ਰੇਰੀਆਂ ਵੱਲੋਂ ਇਕ ਸਾਂਝੇ ਯਤਨ ਦੀ ਲੋੜ ਹੈ ਕਿ ਉਹ ਜਰਨਲਾਂ ਦੇ ਮੁੱਢਲੇ ਸ੍ਰੋਤਾਂ ਵਿਚੋਂ ਖੋਜ ਅਤੇ ਸੂਚਨਾ ਦੀ ਲੋੜ ਲਈ ਵਿਸ਼ੇ ਦੀ ਪਹੁੰਚ ਤੇ, ਲੇਖ ਦੇ ਪੱਧਰ ਤੱਕ ਪਾਠਕ ਨੂੰ ਪਹੁੰਚਾਉਣ ਦਾ ਪ੍ਰਬੰਧ ਕਰਨ। ਜਦੋਂ ਤਕ ਅਜਿਹੀ ਗਤੀਵਿਧੀ ਸ਼ੁਰੂ ਨਹੀਂ ਹੁੰਦੀ, ਵਿਅਕਤੀਗਤ ਲਾਇਬ੍ਰੇਰੀਆਂ ਨੂੰ ਆਪਣੀਆਂ ਯੋਜਨਾਵਾਂ ਅਤੇ ਕਾਰਜ ਖੁਦ ਤਿਆਰ ਕਰਨੇ ਚਾਹੀਦੇ ਹਨ, ਤਾਂਕਿ ਇਸ ਸਮੱਸਿਆ ਉੱਤੇ ਜਿਵੇਂ ਉਹ ਠੀਕ ਸਮਝਣ, ਕਾਬੂ ਪਾ ਸਕਦੇ ਹਨ।

ਲਾਇਬ੍ਰੇਰੀਆਂ ਅਤੇ ਵਿਦਿਅਕ ਅਦਾਰਿਆਂ ਲਈ ਦੂਰਸੰਚਾਰ ਅਤੇ ਮਾਡਮਾਂ (Modem) ਨੇ ਇਹ ਸੰਭਵ ਬਣਾ ਦਿੱਤਾ ਹੈ ਕਿ ਇਲੈਕਟ੍ਰਾਨਿਕ ਫਾਰਮੈਟ ਵਿਚ ਸੂਚਨਾ ਪ੍ਰਾਪਤ ਕੀਤੀ ਜਾ ਸਕੇ। ਇਲੈਕਟ੍ਰਾਨਿਕ ਸ੍ਰੋਤ ਦੀ ਖਾਸ ਕਿਸਮ ਨੂੰ ਡਾਟਾਬੇਸ ਆਖਦੇ ਹਨ, ਜਿਸ ਵਿਚ ਸੂਚਨਾ ਦਾ ਸੰਗ੍ਰਹਿ ਹੁੰਦਾ ਹੈ ਤੇ ਉਹ ਕਾਪੀ-ਅਧੀਕ੍ਰਿਤ ਹੁੰਦੀ ਹੈ। ਕੋਈ ਵੀ ਵਿਅਕਤੀ ਡਾਟਾਬੇਸ ਤਕ ਪਹੁੰਚ ਕਰਕੇ ਆਪਣੀ ਸੂਚਨਾ ਡਾਊਨਲੋਡ ਕਰ ਸਕਦਾ ਹੈ, ਇਹ ਆਮ ਤੌਰ ਤੇ ਮਾਡਮ ਅਤੇ ਮਾਈਕਰੋ-ਕੰਪਿਊਟਰ ਦੇ ਰਾਹੀਂ ਕੀਤੀ ਜਾਂਦੀ ਹੈ, ਜੇਕਰ ਇਹ ਕਾਫੀ ਦੁਰੇਡੀ ਸਾਈਟ ਤੋਂ ਲੈਣੀ ਹੋਵੇ। ਫੇਰ ਇਸ ਸੂਚਨਾ ਨੂੰ ਹਾਰਡ-ਡਿੱਸਕ ਡਰਾਈਵ ਵਿਚ ਜਾਂ ਕਿਸੇ ਦੂਜੇ ਸਾਧਨ ਵਿਚ ਪਾ ਲਿਆ ਜਾਂਦਾ ਹੈ, ਤਾਂਕਿ ਸੂਚਨਾ ਦਾ ਇਸਤੇਮਾਲ ਕਰਨਾ ਸੰਭਵ ਹੋ ਸਕੇ। ਮਿਸਾਲ ਦੇ ਤੌਰ ਤੇ ਇਕ ਅਧਿਆਪਕ ਇਕ ਫੋਨ ਕਰਦਾ ਹੈ, ਜਿਸਦੇ ਰਾਹੀਂ ਲਾਇਬ੍ਰੇਰੀ ਵਿਚ ਉਪਲਬੱਧ ਡਾਟਾਬੇਸ ਦਾ ਪਤਾ ਚਲ ਜਾਂਦਾ ਹੈ ਅਤੇ ਫੇਰ ਉਹ ਐਰਿਕ (ERIC) ਦੀ ਚੋਣ ਕਰਦਾ ਹੈ। ਉਹ ਕੁਝ ਵਿਸ਼ਾ-ਸਿਰਲੇਖਾਂ ਦੀ ਸਹਾਇਤਾ ਨਾਲ ਬਾਰੀਕਬੀਨੀ ਨਾਲ ਖੋਜ ਕਰਦਾ ਜਾਂ ਕਰਦੀ ਹੈ।

ਨਿੱਜੀ ਵਰਤੋਂ ਲਈ ਲੇਖਾਂ ਦੇ ਹਵਾਲੇ/ਟਿੱਪਣੀਆਂ ਅਤੇ ਐਬਸਟ੍ਰੈਕਟ ਡਾਊਨਲੋਡ ਕਰਦਾ/ਕਰਦੀ ਹੈ। ਸਮੱਗਰੀ ਛਾਪੀ ਜਾਂਦੀ ਹੈ ਅਤੇ ਸਾਂਭੀ ਜਾਂਦੀ ਹੈ। ਇਕ ਹੋਰ ਉਦਾਹਰਣ ਹੈ ਕਿ ਲਾਇਬ੍ਰੇਰੀ ਵਿਚ ਖੋਜ ''ਫੀਸ'' ਡਾਟਾਬੇਸ ਦੁਆਰਾ ਕੀਤੀ ਜਾਂਦੀ ਹੈ, ਜਿਵੇਂ ਕਿ ਡਾਇਲਾਗ ਕੁਨੈਕਟ ਖਰਚੇ ਇਸ ਨਾਲ ਨਿਰਧਾਰਿਤ ਕੀਤੇ ਜਾ ਸਕਦੇ ਹਨ ਅਤੇ ਐਬਸਟ੍ਰੈਕਟਾਂ ਦੀ ਛਪਾਈ ਦਾ ਮੁੱਲ ਵੀ ਇਸ ਨਾਲ ਨਿਰਧਾਰਿਤ ਕੀਤਾ ਜਾ ਸਕਦਾ ਹੈ। ਵਿਅਕਤੀਗਤ ਡਾਟਾਬੇਸਾਂ ਵਾਸਤੇ ਪੁਸਤਕਾਂ ਵੇਚਣ ਵਾਲਿਆਂ ਵਲੋਂ ਠੇਕੇ ਦੇ ਖਰਚੇ, ਕਮਾਈ ਅਤੇ ਹੋਰ ਫੁੱਟਕਲ ਖਰਚਿਆਂ ਲਈ ਪੈਮਾਨਾ ਨਿਰਧਾਰਿਤ ਕੀਤਾ ਜਾ ਸਕਦਾ ਹੈ। ਪਾਠਕਾਂ ਨੂੰ ਠੇਕੇ ਦੇ ਵੇਰਵਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਕੰਟਰੈਕਟ ਕਾਨੂੰਨ, ਕਾਪੀਰਾਈਟ ਕਾਨੂੰਨ ਤੋਂ ਅੱਗੇ ਲੰਘ ਜਾਂਦਾ ਹੈ।

ਡਾਟਾਬੇਸ ਦੀ ਵਰਤੋਂ ਕਰਨ ਵਾਲੇ ਆਪਣੀ ਖੋਜ ਅਤੇ ਸੂਚਨਾ ਦੀ ਕਾਪੀ ਸੰਭਾਲ ਸਕਦੇ ਹਨ ਪਰੰਤੂ ਲਾਇਬ੍ਰੇਰੀ ਵਿਚ ਕਿਸੇ ਪੁਰਾਤਨ-ਲਿਖਤ ਦੀ ਨਾ ਤਾਂ ਸਕੈਨ ਕੀਤੀ ਹੋਈ ਅਤੇ ਨਾ ਹੀ ਫੋਟੋਸਟੈਟ ਕਾਪੀ ਰੱਖੀ ਜਾ ਸਕਦੀ ਹੈ। ਪਾਠਕ ਨੂੰ ਕਾਪੀਰਾਈਟ ਵਾਲੀ ਸਮੱਗਰੀ ਵਿਚੋਂ ਕੋਈ ਅੰਸ਼ ਲੈਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਡਿਸਕ ਉਤੇ ਲੇਖ, ਜਰਨਲ ਦੇ ਤਤਕਰੇ ਅਤੇ ਪੁਸਤਕ ਦੇ ਅਧਿਆਏ ਨੂੰ ਲੈ ਸਕਦੇ ਹਾਂ। ਇਸ ਕ੍ਰਿਆ ਨੂੰ ਇਵੇਂ ਕਿਹਾ ਜਾ ਸਕਦਾ ਹੈ ਕਿ ਇਹ ਵਿਦਿਆਰਥੀਆਂ ਲਈ

ਇਕ ਰਚਨਾ-ਸੰਗ੍ਰਹਿ ਹੈ, ਤਾਂ ਕਿ ਉਹ ਕੇਂਦਰੀ ਕੰਪਿਊਟਰ ਸਿਸਟਮ ਤੱਕ ਪਹੁੰਚ ਕਰ ਸਕਣ, ਭਾਵੇਂ ਸਮੱਗਰੀ ਪ੍ਰਕਾਸ਼ਿਤ ਨਾ ਵੀ ਹੋਵੇ, ਪਰ ਉਹ ਪੜ੍ਹ ਸਕਣ। ਜੇ ਮੈਟਰ ਕਾਪੀਰਾਈਟ ਵਾਲਾ ਹੋਵੇਗਾ ਤਾਂ ਉਸਦੀ ਇਜ਼ਾਜਤ ਲੈਣੀ ਹੋਵੇਗੀ।

## 8.2 ਡਾਟਾਬੇਸ (Database) :

ਸੂਚਨਾ ਤਕਨਾਲੋਜੀ ਦੇ ਵਿਕਾਸ, ਜਿਸ ਵਿਚ ਕੰਪਿਊਟਰ, ਸਟੋਰੇਜ ਮੀਡੀਆ, ਸਾਫਟਵੇਅਰ ਪੈਕੇਜ ਪ੍ਰਸੈਸਿੰਗ ਸੂਚਨਾ ਲਈ ਗਰਾਫਿਕ ਤਕਨਾਲੋਜੀ ਅਤੇ ਸੂਚਨਾ ਪ੍ਰਾਪਤੀ ਲਈ ਪਬਲਿਕ ਸਟਿੱਚਿੰਗ ਟੈਲੀਫੋਨ ਨੈੱਟਵਰਕ ਨੇ ਸਾਡੇ ਲਈ ਕੰਮ ਕਾਫੀ ਸੌਖਾ ਕਰ ਦਿੱਤਾ ਹੈ। ਇਸ ਵਿਕਾਸ ਨੇ ਸੂਚਨਾ ਦੀਆਂ ਵੱਡੀਆਂ ਵੱਡੀਆਂ ਜਿਲਦਾਂ ਨੂੰ ਮਸ਼ੀਨ ਵਿਚ ਪੜ੍ਹਨਯੋਗ ਰੂਪ ਅੰਦਰ ਬਣਾ ਦਿੱਤਾ ਹੈ। ਇਨ੍ਹਾਂ ਇਲੈਕਟਰਾਨਿਕ/ਨੈੱਟਵਰਕ ਡਾਟਾਬੇਸਾਂ ਵਿਚ ਬੜੀ ਆਸਾਨੀ ਨਾਲ ਅਤੇ ਤੇਜੀ ਨਾਲ ਸੋਧੀ ਹੋਈ ਸੂਚਨਾ ਤਕ ਪਹੁੰਚ ਕਰਨ ਦੀ ਖਾਸੀਅਤ ਹੁੰਦੀ ਹੈ, ਤਾਂਕਿ ਸਮਾਜ ਸ਼ਾਸਤਰ ਉਸ ਸੂਚਨਾ ਤੱਕ ਪਹੁੰਚ ਸਕਣ। ਇਸ ਸਮੇਂ 6000 ਤੋਂ ਵਧੇਰੇ ਇਲੈਕਟ੍ਰਾਨਿਕ ਡਾਟਾਬੇਸ ਆਨਲਾਈਨ ਉਪਲੱਬਧ ਹਨ, ਜੋਕਿ ਸੀਡੀ-ਰੋਮ, ਮੈਗਨੈਟਿਕ-ਟੇਪ ਅਤੇ ਡਿਸਕੇਟ ਦੇ ਰਾਹੀਂ ਉਪਲਬਧ ਹੁੰਦੇ ਹਨ।

ਡਾਟਾਬੇਸ ਇਕ ਡਾਟੇ ਦੀਆਂ ਫਾਈਲਾਂ ਦਾ ਸੰਗ੍ਰਹਿ ਹੁੰਦਾ ਹੈ ਜਿਸਨੂੰ ਇਕ ਜਾ ਇਕ ਤੋਂ ਵੱਧ ਪਾਠਕ ਇਕੋ ਸਮੇਂ ਵਰਤ ਸਕਦੇ ਹਨ। ਸਧਾਰਣ ਸ਼ਬਦਾਂ ਵਿੱਚ ਡਾਟਾਬੇਸ ਜਾਣਕਾਰੀ ਜਾਂ ਡਾਟੇ ਦਾ ਸੰਗ੍ਰਹਿ ਹੁੰਦਾ ਹੈ ਜਿਹੜਾ ਕਿ ਵਧੀਆ ਤਰੀਕੇ ਨਾਲ ਤਰਤੀਬ ਕੀਤਾ ਹੁੰਦਾ ਹੈ ਤਾਂ ਕਿ ਲੋੜ ਪੈਣ ਤੇ ਸੋਖੇ ਤੇ ਜਲਦੀ ਤਰੀਕੇ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੋਵੇ ਅਤੇ ਲੋੜ ਪੈਣ ਤੇ ਅਪਟੂਡੇਟ ਵੀ ਕੀਤਾ ਜਾ ਸਕਦਾ ਹੋਵੇ। "Data base is a structured collection of records or data that is stored in a computer system".

ਇਲੈਕਟ੍ਰਾਨਿਕ ਡਾਟਾਬੇਸਾਂ ਨੂੰ ਵੱਖ ਵੱਖ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ। ਸ਼ਬਦ ਅਨੁਕੂਲ ਡਾਟਾਬੇਸ, ਜਿਨ੍ਹਾ ਵਿਚ ਬਿਬਲਿਓਗ੍ਰਾਫੀਕ ਡਾਟਾਬੇਸ, ਸਮੁੱਚੀ ਟੈਕਸਟ ਡਾਟਾਬੇਸ ਅਤੇ ਡਾਇਰੈਕਟਰੀ ਵਰਗੇ ਡਾਟਾਬੇਸ, ਵਾਸਤਵਿਕ ਅਤੇ ਸੰਖਿਆਤਮਕ ਡਾਟਾਬੇਸ (ਆਰਥਿਕ ਵਿਗਿਆਨਕ ਅਤੇ ਤਕਨੀਕੀ) ਅਤੇ ਫੋਟੋਆਂ ਵਾਲੇ ਡਾਟਾਬੇਸ ਬਿਬਲਿਓਗ੍ਰਾਫਿਕ ਅਤੇ ਸੰਖਿਆਤਮਕ ਡਾਟਾਬੇਸ ਨੇ ਸੂਚਨਾ ਨਾਲ ਜਿਵੇਂ ਨਜਿੱਠਿਆ ਜਾਂਦਾ ਹੈ, ਉਸਨੂੰ ਪੂਰੀ ਤਰ੍ਹਾ ਬਦਲ ਕੇ ਰੱਖ ਦਿੱਤਾ ਹੈ। ਕੰਪਿਊਟਰ ਅਤੇ ਸੰਚਾਰ ਤਕਨਾਲੋਜੀ ਨਾਲ ਸੰਗ੍ਰਹਿਤ ਕਰਨ ਅਤੇ ਅੱਗੇ ਪਹੁੰਚਾਉਣ ਨਾਲ, ਸੂਚਨਾ ਪ੍ਰਸਾਰ ਦੀ ਪ੍ਰਕਿਰਿਆ ਵਿਚ ਬਹੁਤ ਘੱਟ ਸਮਾਂ ਖਰਚ ਹੁੰਦਾ ਹੈ। ਇਸ ਕਰਕੇ ਪਾਠਕਾਂ ਨੂੰ ਪ੍ਰਿੰਟ ਮੀਡੀਆ ਦੀ ਸੂਚਨਾ ਨਾਲੋਂ ਵਧੇਰੇ ਜਲਦੀ ਚਲੰਤ ਸੂਚਨਾ ਮੁਹੱਈਆ ਹੋ ਜਾਂਦੀ ਹੈ। ਭਾਵੇਂ ਕਿ ਪ੍ਰਕਾਸ਼ਿਤ ਸਾਹਿਤ ਵੀ ਉਹੋ ਹੀ ਮਨੋਰਥ ਪੂਰਾ ਕਰਦੇ ਹਨ ਪਰੰਤੂ ਇਲੈਕਟ੍ਰਾਨਿਕ ਡਾਟਾਬੇਸ, ਮੁਕੰਮਲ, ਡੂੰਘਾਈ ਨਾਲ ਨਵੀਨ ਅਤੇ ਤੇਜ਼ੀ ਨਾਲ ਪੂਰਿਆ ਕਰਦੇ ਹਨ। ਸੂਚਨਾ ਸੰਗ੍ਰਹਿਤ ਕਰਨ ਅਤੇ ਪ੍ਰਾਸੈਸਿੰਗ ਕਰਨ ਲਈ ਕੰਪਿਉਟਰਾਂ ਦੀ ਵਿਆਪਕ ਵਰਤੋਂ ਦੇ ਸਿੱਟੇ ਵੱਜੋਂ, ਇਲੈਕਟ੍ਰਾਨਿਕ/ਨੈਟਵਰਕ ਡਾਟਾਬੇਸ ਹੋਂਦ ਵਿਚ ਆਏ ਹਨ, ਜਿਹੜੇ ਕਿ ਸਾਇੰਸ ਅਤੇ ਤਕਨਾਲੋਜੀ ਦੇ ਸਾਰੇ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੇ ਹਨ। ਇਹ ਡਾਟਾਬੇਸ ਦੋ ਮੁੱਖ ਕਿਸਮਾਂ ਦੇ ਹਨ, ਮਸਲਨ :

(1) ਹਵਾਲਾ ਡਾਟਾਬੇਸ (Reference Databases) (2) ਸ੍ਰੋਤ ਡਾਟਾਬੇਸ (Source Databases)

ਹਵਾਲਾ ਡਾਟਾਬੇਸ ਅੱਗੇ ਦੋ ਪ੍ਰਕਾਰ ਦੇ ਹੁੰਦੇ ਹਨ, ਮਸਲਨ :

(1) ਬਿਬਲਿਓਗ੍ਰਾਫਿਕ (2) ਰੈਫਰੱਲ (ਹਵਾਲਾ ਸਬੰਧੀ)

ਬਿਬਲਿਓਗ੍ਰਾਫਿਕ ਡਾਟਾਬੇਸ ਦੇ ਰਿਕਾਰਡ ਅੰਦਰ ਗਰਾਫਿਕ ਜਾ ਪ੍ਰਕਾਸ਼ਿਤ ਰਿਕਾਰਡ ਦੀ ਹਿਊਮੈਨਿਟੀ ਦੇ ਬੌਧਿਕ ਵਿਸ਼ੇ ਅਤੇ ਭੌਤਿਕ ਵਿਸ਼ੇਸ਼ਤਾਈਆਂ ਦੇ ਲੱਛਣ ਹੁੰਦੇ ਹਨ ਜਿਵੇਂ ਕਿ ਰਸਾਲਿਆਂ ਦੇ ਲੇਖ, ਖੋਜ ਰਿਪੋਰਟਾਂ, ਕਾਨਫਰੰਸ ਕਾਰਵਾਈਆਂ, ਕਿਤਾਬਾਂ ਜਾਂ ਪੇਟੈਂਟ ਆਦਿ। ਰੈਫਰੱਲ ਕਿਸਮ ਦੇ ਡਾਟਾਬੇਸਾਂ ਵਿਚ ਡਾਇਰੈਕਟਰੀ ਟਾਈਪ ਸੂਚਨਾ ਹੁੰਦੀ ਹੈ, ਜਿਵੇਂ ਕਿ ਵਿਅਕਤੀ, ਸੰਸਥਾਵਾਂ, ਖੋਜ-ਪ੍ਰਾਜੈਕਟ ਆਦਿ। ਸ੍ਰੋਤ ਡਾਟਾਬੇਸ, ਸੂਚਨਾ ਦਾ ਮੁੱਢਲਾ ਸ੍ਰੋਤ ਹੁੰਦੇ ਹਨ ਜਾਂ ਲੋੜੀਂਦੀ ਸੂਚਨਾ ਦੇ ਮੂਲ-ਪਾਠ ਦਾ ਬਣਾਇਆ ਡਾਟਾ ਹੁੰਦੇ ਹਨ ਅਤੇ ਇਲੈਕਟ੍ਰਾਨਿਕ ਸਾਧਨਾਂ ਨਾਲ ਵੰਡੇ ਜਾਣ ਵਾਲੇ ਮੈਟੀਰੀਅਲ ਸਬੰਧੀ ਵੇਰਵੇ ਸ਼ਾਮਿਲ ਹੁੰਦੇ ਹਨ। ਇਨ੍ਹਾਂ ਡਾਟਾਬੇਸ ਨੂੰ ਅੱਗੇ ਫੇਰ ਵੰਡਿਆ ਜਾ ਸਕਦਾ ਹੈ: ਮੁਕੰਮਲ-ਪਾਠ, ਗਿਣਤੀ ਸਬੰਧੀ ਜਾਂ ਅੰਕੜਾ-ਸਬੰਧਿਤ ਡਾਟਾ ਆਦਿ ਜਿਵੇਂ ਕਿ ਵਿੱਤੀ, ਜਨ-ਗਣਨਾ, ਵਪਾਰ-ਉਤਪਾਦਨ ਡਾਟਾ। ਮੂਲ-ਪਾਠ ਸਬੰਧੀ ਨਿਊਮੈਰਿਕ ਡਾਟਾਬੇਸ ਵਿਚ ਮੂਲ ਪਾਠ ਅਤੇ ਸੰਖਿਆ ਸਬੰਧੀ ਡਾਟਾ ਆ ਜਾਂਦਾ ਹੈ ਅਤੇ ਡਿਕਸ਼ਨਰੀਆਂ ਜਾਂ ਹੈਂਡਬੁੱਕਾਂ ਵੀ ਸ਼ਾਮਿਲ ਹੋ ਜਾਂਦੀਆਂ ਹਨ।

## 8.3 ਵੰਡਿਆ ਹੋਇਆ ਡਾਟਾਬੇਸ (Distributed Database):

ਵੰਡੇ ਹੋਏ ਡਾਟਾਬੇਸ ਵਿਚ ਦੋ ਜਾਂ ਵਧੇਰੇ ਡਾਟਾ-ਫਾਈਲਾਂ ਕੰਪਿਊਟਰ ਨੈੱਟਵਰਕ ਦੀਆਂ ਵੱਖ ਵੱਖ ਸਾਈਟਾਂ ਤੇ ਪਾਈਆਂ ਜਾਂਦੀਆਂ ਹਨ। ਇਸ ਪ੍ਰਕਾਰ ਵੱਖ ਵੱਖ ਪਾਠਕ ਬਿਨਾ ਕਿਸੇ ਨੂੰ ਪਰੇਸ਼ਾਨ ਕੀਤਿਆਂ, ਇਨ੍ਹਾਂ ਫਾਈਲਾਂ ਨੂੰ ਖੋਲ

ਸਕਦੇ ਹਨ। ਇਸ ਪ੍ਰਕਾਰ ਦਾ ਡਾਟਾਬੇਸ ਕੇਂਦਰੀ ਡਾਟਾਬੇਸ ਮੈਨੇਜਮੈਂਟ ਪ੍ਰਬੰਧ ਦੇ ਅਧੀਨ ਹੁੰਦਾ ਹੈ, ਇਸ ਵਿਚ ਸਾਰੇ ਸਟੋਰੇਜ-ਡਿਵਾਇਸਿਜ਼ ਇਕੋ ਸਾਂਝੇ ਸੀ ਪੀ ਯੂ ਨਾਲ ਨਹੀਂ ਜੁੜੇ ਹੁੰਦੇ। ਇਹ ਵੱਖ ਵੱਖ ਥਾਵਾਂ ਤੇ ਪਏ ਕਈ ਕੰਪਿਊਟਰਾਂ ਵਿਚ ਸੰਗ੍ਰਹਿਤ ਹੋ ਸਕਦਾ ਹੈ। ਤਕਨੀਕੀ ਭਾਸ਼ਾ ਵਿਚ ਕਿਹਾ ਜਾ ਸਕਦਾ ਹੈ ਕਿ ਵੰਡਿਆ ਹੋਇਆ ਡਾਟਾਬੇਸ, ਡਾਟਾਬੇਸਾਂ ਦਾ ਸੈਟ ਹੁੰਦਾ ਹੈ ਜੋ ਕਿ ਕਈ ਕੰਪਿਊਟਰਾਂ ਵਿਚ ਸੰਗ੍ਰਹਿਤ ਹੁੰਦਾ ਹੈ ਅਤੇ ਦੇਖਣ ਵਾਲੇ ਨੂੰ ਇਕੋ ਹੀ ਡਾਟਾਬੇਸ ਨਜ਼ਰੀ ਆਉਂਦਾ ਹੈ। ਨਤੀਜੇ ਵਜੋਂ, ਨੈੱਟਵਰਕ ਦੇ ਕਈ ਡਾਟਾਬੇਸ ਵਿਚਲੇ ਡਾਟੇ ਤੱਕ ਇਕੋਂ ਸਮੇਂ ਪਹੁੰਚਿਆ ਜਾ ਸਕਦਾ ਹੈ ਅਤੇ ਸੋਧਿਆ ਜਾ ਸਕਦਾ ਹੈ।

ਵੰਡਿਆ ਹੋਇਆ ਡਾਟਾਬੇਸ ਉਹ ਹੁੰਦਾ ਹੈ ਜਿਹੜਾ ਭੂਗੋਲਿਕ ਤੌਰ ਤੇ ਵੰਡੀਆਂ ਹੋਈਆਂ ਥਾਂਵਾਂ ਦਾ ਨੈਟਵਰਕ ਹੁੰਦਾ ਹੈ। ਪ੍ਰਚਲਤ ਕੇਂਦਰੀ ਡਾਟਾਬੇਸ ਸਿਸਟਮ ਦੇ ਨਾਲ, ਪਾਠਕ ਅਤੇ ਐਪਲੀਕੇਸ਼ਨ ਪ੍ਰੋਗਰਾਮ ਸਥਾਨਕ ਸਾਈਟਾਂ ਅਤੇ ਦੂਰ-ਦੁਰੇਡੇ ਦੀਆਂ ਸਾਈਟਾਂ ਦੇ ਡਾਟਾਬੇਸ ਤਕ ਆਸਾਨੀ ਨਾਲ ਪਹੁੰਚ ਸਕਦੇ ਹਨ। ਅਸਟ੍ਰੇਲੀਅਨ ਡਿਜਿਟਲ ਥੀਸਿਜ਼ ਪ੍ਰੋਗਰਾਮ (http : //adt.caul.edu.au/) ਡਾਟਾਬੇਸ ਦਾ ਉਦਾਹਰਣ ਹੈ। ਸਮਾਜ ਵਿਗਿਆਨ ਦੇ ਕੁਝ ਮਹੱਤਵਪੂਰਣ ਨੈੱਟਵਰਕ ਅਤੇ ਵੰਡੇ ਹੋਏ ਡਾਟਾਬੇਸ ਹੇਠ ਅਨੁਸਾਰ ਹਨ, ਜਿਹੜੇ ਕਿ ਸਮਾਜ ਵਿਗਿਆਨੀਆਂ ਨੂੰ ਆਧੁਨਿਕ ਬਣਾਈ ਰੱਖਣ ਵਿਚ ਮਦਦ ਕਰਦੇ ਹਨ।

**ਸਮਾਜ ਵਿਗਿਆਨ (Social Science) :**

ਸਮਾਜ ਵਿਗਿਆਨ ਜੋ ਕਿ ਮਨੁੱਖੀ ਵਤੀਰੇ ਦੇ ਸਮਾਜਿਕ ਅਤੇ ਸਭਿਆਚਾਰਕ ਪਹਿਲੂਆਂ ਨਾਲ ਸਬੰਧ ਰੱਖਦਾ ਹੈ, ਇਸ ਵਿਚ ਇਹ ਅਨੁਸ਼ਾਸਨ ਸ਼ਾਮਿਲ ਹਨ : ਮਾਨਵ-ਵਿਗਿਆਨ, ਸਮਾਜ-ਸ਼ਾਸਤਰ, ਅਰਥ-ਸ਼ਾਸਤਰ, ਰਾਜਨੀਤੀ-ਵਿਗਿਆਨ ਅਤੇ ਅੰਤਰਰਾਸ਼ਟਰੀ ਸੰਬੰਧਾਂ ਦਾ ਅਧਿਐਨ। ਇਸ ਵਿਚ ਅਕਸਰ ਸਮਾਜਿਕ ਅਤੇ ਆਰਥਿਕ ਭੂਗੋਲ ਨੂੰ ਵੀ ਸ਼ਾਮਿਲ ਕਰ ਲਿਆ ਜਾਂਦਾ ਹੈ ਅਤੇ ਸਿੱਖਿਆ ਦੇ ਉਹ ਖੇਤਰ ਜਿਹੜੇ ਸਮਾਜਿਕ ਸਰੋਕਾਰਾਂ ਨਾਲ ਸਬੰਧਿਤ ਹੁੰਦੇ ਹਨ ਅਤੇ ਸਕੂਲ ਤੋਂ ਲੈਕੇ ਸਮਾਜਿਕ ਵਿਵਸਥਾ ਨਾਲ ਸਬੰਧਿਤ ਹੁੰਦੇ ਹਨ ਨੂੰ ਵੀ ਸ਼ਾਮਿਲ ਕਰ ਲਿਆ ਜਾਂਦਾ ਹੈ। ਤੁਲਨਾਤਮਕ ਕਾਨੂੰਨ ਦੇ ਅਧਿਐਨ ਨੂੰ ਵੀ ਸਮਾਜ ਵਿਗਿਆਨ ਦਾ ਹਿੱਸਾ ਮੰਨਿਆ ਜਾ ਸਕਦਾ ਹੈ, ਭਾਵੇਂ ਕਿ ਇਸਨੂੰ ਅਕਸਰ ਸਕੂਲ ਆਫ ਲਾਅ ਵਿਚ ਹੀ ਪੜ੍ਹਾਇਆ ਜਾਂਦਾ ਹੈ ਬਜਾਏ ਕਿ ਉਨ੍ਹਾਂ ਵਿਭਾਗਾਂ ਜਾਂ ਸਕੂਲਾਂ ਵਿਚ ਜਿਨ੍ਹਾਂ ਅੰਦਰ ਹੋਰ ਬਹੁਤ ਸਾਰੇ ਸਮਾਜ ਵਿਗਿਆਨ ਦੇ ਵਿਸ਼ੇ ਪੜ੍ਹਾਏ ਜਾਂਦੇ ਹਨ।

1950 ਤੋਂ ਵਿਵਹਾਰਕ ਵਿਗਿਆਨ ਨੂੰ ਅਕਸਰ ਸਮਾਜ ਵਿਗਿਆਨ ਦੇ ਅਨੁਸ਼ਾਸਨਾਂ ਵਿਚ ਗਿਣਿਆ ਜਾਂਦਾ ਹੈ। ਜਿਹੜੇ ਇਸ ਗੱਲ ਨਾਲ ਸਹਿਮਤ ਸਨ, ਉਹ ਇਸ ਕਰਕੇ ਸਨ ਕਿ ਇਨ੍ਹਾ ਅਨੁਸ਼ਾਸਨਾਂ ਨੂੰ ਕੁਝ ਵਿਗਿਆਨਾਂ ਦੇ ਨੇੜੇ ਲਿਆਂਦਾ ਗਿਆ, ਮਸਲਨ : ਭੌਤਿਕ ਮਾਨਵ-ਵਿਗਿਆਨ ਅਤੇ ਸਰੀਰ ਕ੍ਰਿਆ ਵਿਗਿਆਨ-ਮਨੋਵਿਗਿਆਨ, ਇਹ ਮਨੁੱਖੀ-ਵਿਵਹਾਰ ਨਾਲ ਵੀ ਸਬੰਧ ਰੱਖਦੇ ਹਨ।

ਸਮਾਜ ਵਿਗਿਆਨ, ਗਿਆਨ ਦੀਆਂ ਉਨ੍ਹਾਂ ਸਾਰੀਆਂ ਸ਼ਾਖਾਵਾਂ ਨੂੰ ਕਿਹਾ ਜਾਂਦਾ ਹੈ, ਜਿਹੜੀਆਂ ਮਨੁੱਖ ਦੇ ਸਮਾਜਿਕ ਰਿਸ਼ਤਿਆਂ ਨਾਲ ਸਬੰਧਿਤ ਹੁੰਦੀਆਂ ਹਨ। ਆਮ ਤੌਰ ਤੇ ਇਸ ਅਧਿਐਨ ਨੂੰ ਬਤੌਰਰ ਬਹੁਵਚਨ ਲਿਆ ਜਾਂਦਾ ਹੈ ਜਿਵੇਂ ਕਿ ਸਮਾਜ-ਵਿਗਿਆਨਾਂ। ਭਾਵੇਂ ਕਿ ਮਨੁੱਖੀ ਸਮਾਜਿਕ ਵਿਵਹਾਰ ਦਾ ਪ੍ਰਾਚੀਨ ਕਾਲ ਤੋਂ ਹੀ ਅਧਿਐਨ ਕੀਤਾ ਜਾ ਰਿਹਾ ਹੈ, ਫੇਰ ਵੀ 18ਵੀਂ ਸਦੀ ਦੇ ਪੁਨਰ ਜਾਗਰਣ ਤੋਂ ਸਮਾਜ ਵਿਗਿਆਨ ਨੇ ਬਤੌਰ ਅਨੁਸ਼ਾਸਨ, ਇਸਨੂੰ ਵਿਗਿਆਨਕ ਢੰਗ ਨਾਲ ਖੋਜਿਆ ਹੈ। ਸਭ ਤੋਂ ਪਹਿਲਾਂ ਅਰਥਸ਼ਾਸਤਰ ਉੱਤੇ ਇਹ ਖੋਜ ਕੇਂਦ੍ਰਿਤ ਕੀਤੀ ਗਈ ਪਰੰਤੂ 19ਵੀ ਸਦੀ ਤੱਕ ਵੱਖ ਵੱਖ ਅਨੁਸ਼ਾਸਨ ਹੋਂਦ ਵਿਚ ਆ ਗਏ ਜਿਵੇਂ ਕਿ ਮਾਨਵ-ਵਿਗਿਆਨ, ਰਾਜਨੀਤੀ-ਵਿਗਿਆਨ, ਮਨੋਵਿਗਿਆਨ ਅਤੇ ਸਮਾਜ ਸ਼ਾਸਤਰ। 19ਵੀ ਸਦੀ ਨੂੰ ਵਿਆਪਕ ਸਿੱਧਾਂਤਾਂ ਦੇ ਵਿਕਾਸ ਨਾਲ ਜਾਣਿਆ ਜਾਂਦਾ ਹੈ। (ਜਿਵੇਂ ਕਿ ਆਗਸਤ ਕਾਮਟੇ ਦਾ ਕਾਰਲ ਮਾਰਕਸ ਅਤੇ ਹਰਬਰਟ ਸਪੈਂਸਰ ਦਾ ਕਾਰਜ)। 20ਵੀ ਸਦੀ ਦਾ ਵਿਕਾਸ ਇਨ੍ਹਾਂ ਦਿਸ਼ਾਵਾਂ ਵਿਚ ਹੋਇਆ, ਪਰਿਮਾਣਾਤਮਕ ਢੰਗਾਂ ਅਤੇ ਅੰਕੜਾ ਤਕਨੀਕਾਂ ਵਿਚ ਸੁਧਾਰ ਅਤੇ ਵੱਧ ਵਰਤੋਂ, ਅਨੁਭਵ-ਸਿੱਧ ਢੰਗਾਂ ਦੀ ਵੱਧ ਵਰਤੋਂ, ਜੋ ਕਿ ਆਮ ਸਿੱਧਾਂਤ ਦੇ ਵਿਰੁੱਧ ਸੀ, ਅਤੇ ਸਮਾਜ ਵਿਗਿਆਨ ਦੇ ਗਿਆਨ ਨੂੰ ਸਿੱਧੇ ਰੂਪ ਵਿਚ ਵਰਤਣਾ ਸੀ। ਹੁਣ ਸਮਾਜ ਵਿਗਿਆਨ ਦੇ ਵਿਭਾਗ ਯੂਨੀਵਰਸਿਟੀ ਵਿਚ ਪੱਕੇ-ਪੈਰੀ ਖੁੱਲਣ ਲਗ ਪਏ ਹਨ ਅਤੇ ਸਮਾਜ-ਵਿਗਿਆਨੀਆਂ ਨੂੰ ਭਵਿੱਖ-ਯੋਜਨਾ ਲਈ ਉਦਯੋਗਿਕ ਸੰਸਥਾਵਾਂ ਅਤੇ ਸਰਕਾਰਾਂ ਵੱਲੋਂ ਸਲਾਹ ਲਈ ਅਕਸਰ ਬੁਲਾਇਆ ਜਾਂਦਾ ਹੈ।

**8.4 ਸੋਸ਼ਲ ਸਾਇੰਸ ਰਿਸਰਚ ਨੈੱਟਵਰਕ** (SSRN) **:**

< www.ssm.com> ਸੋਸ਼ਲ ਸਾਇੰਸ ਰਿਸਰਚ ਨੈਟਵਰਕ (ਐਸ ਐਸ ਆਰ ਐਨ) (ਰੋਚੈਸਟਰ, ਨਿਊਯਾਰਕ : ਸੋਸ਼ਲ ਸਾਇੰਸ ਇਲੈਕਟ੍ਰਾਨਿਕ ਪਬਲਿਸ਼ਿੰਗ), ਉਨ੍ਹਾਂ ਨੇ ਆਪਣੀ ਵੈਬਸਾਈਟ ਤੇ ਦੱਸਿਆ ਹੈ ਕਿ

(SSRN) ਸੰਸਾਰ ਦੀ ਵੱਡੇ ਪੱਧਰ ਤੇ ਕਈ ਹਜ਼ਾਰ ਸਿਰਕੱਢ ਵਿਦਵਾਨਾਂ ਦੀ ਸਾਂਝੀ, ਸੰਸਥਾ ਹੈ, ਜੋਕਿ ਸੰਸਾਰ ਪੱਧਰ ਤੇ ਸਮਾਜ ਵਿਗਿਆਨ ਦੀ ਖੋਜ ਦੇ ਪ੍ਰਸਾਰ ਲਈ ਤੇਜੀ ਨਾਲ ਕਾਰਜ ਕਰ ਰਹੀ ਹੈ। ਇਹ ਨੈਟਵਰਕਿੰਗ ਨੂੰ ਉਤਸ਼ਾਹਿਤ ਕਰਦੀ ਹੈ, ਜਿਵੇਂ ਕਿ ਡਾਟਾ ਬੇਸ ਉੱਤੇ ਪੇਪਰਾਂ ਦੇ ਲੇਖਕਾਂ ਨਾਲ ਸੰਪਰਕ ਵੇਰਵੇ ਸੰਬਧੀ ਸੂਚੀਆਂ ਬਨਾਉਣਾ। (SSRN) ਦੀ ਸਬਸਕ੍ਰਿਪਬਨ ਸੇਵਾ, ਈਮੇਲ ਰਾਹੀਂ, ਸਬਸਕ੍ਰਾਈਬਰਾਂ ਨੂੰ ਖੋਜ ਪੇਪਰਾਂ ਦੇ ਸੰਖੇਪ-ਸਾਰ ਭੇਜਦੀ ਹੈ। ਉਸਦੀ ਵੈਬਸਾਈਟ ਤੋਂ ਤੁਸੀਂ (SSRN) ਦੇ ਡਾਟਾਬੇਸ ਦੁਆਰਾ ਛੱਪ ਚੁੱਕੇ ਅਤੇ ਛੱਪਣ ਵਾਲੇ ਪੇਪਰਾਂ ਅਤੇ ਜਰਨਲਾਂ ਦੇ ਲੇਖਾਂ ਸਬੰਧੀ ਸੰਖੇਪ/ਸਾਰ ਵੀ ਖੋਜ ਸਕਦੇ ਹੋ। ਜਿਹੜੇ ਮੂਲ-ਪਾਠ ਵਾਲੇ ਫਾਰਮੈਂਟ ਵਿਚ ਉਪਲੱਬਧ ਹੋਣ, ਉਹ ਡਾਊਨਲੋਡ ਕੀਤੇ ਜਾ ਸਕਦੇ ਹਨ। ਇਸ ਦਾ ਮੁੱਖ ਕੇਂਦਰ ਬਿੰਦੂ ਆਰਥਿਕ, ਵਿੱਤੀ, ਕਾਨੂੰਨੀ ਅਤੇ ਲੈਟਿਨ ਅਮਰੀਕੀ ਸਮੱਗਰੀ ਉੱਤੇ ਆਧਾਰਿਤ ਹੈ। ਐਪਰ, ਜੇ ਤੁਸੀਂ ਡਾਟਾਬੇਸ ਉੱਤੇ ਵਿਸ਼ਾ-ਖੋਜ ਸਹੂਲਤ ਲੈਂਦੇ ਹੋ, ਤਾਂ ਤੁਸੀਂ ਬੇਸ਼ੁਮਾਰ ਸਾਧਨ ਲੱਭ ਸਕਦੇ ਹੋ, ਜੋ ਕਿ ਸਮਾਜ ਵਿਗਿਆਨ ਦੇ ਅਲੱਗ ਅਲੱਗ ਅਨੁਸ਼ਾਸਨਾਂ ਨਾਲ ਸਬੰਧਿਤ ਹੁੰਦੇ ਹਨ।

**8.4.1 ਐਜੁਕੇਸ਼ਨ ਨੈੱਟਵਰਕ ਅਸਟ੍ਰੇਲੀਆ (EDNA) :**

< www.edna.edu.au/EDNA> ਐਜੁਕੇਸ਼ਨ ਨੈਂਟਰਵਕ ਅਸਟ੍ਰੇਲੀਆ ਆਨਲਾਈਨ ਇਕ ਐਸੀ ਵੈਬਸਾਈਟ ਹੈ, ਜਿਹੜੀ ਹਜ਼ਾਰਾਂ ਸਾਧਨਾਂ ਵਲ ਸੰਕੇਤ ਕਰਦੀ ਹੈ, ਜੋ ਕਿ ਅਸਟ੍ਰੇਲੀਅਨ ਸਿੱਖਿਆ ਸ਼ਾਸਤਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਇਸ ਵਿਚ ਅਸਟ੍ਰੇਲੀਆ ਦੀ ਸਿੱਖਿਆ ਲਈ ਜ਼ਿੰਮੇਵਾਰ ਸੰਸਥਾਵਾਂ ਵੀ ਨੈਟਵਰਕ ਵਿਚ ਸ਼ਾਮਿਲ ਹਨ। ਅਸਟ੍ਰੇਲੀਆ ਦੀ ਸਿੱਖਿਆ ਸ਼ਾਸਤਰੀਆਂ ਦੇ ਮੈਟਾ-ਨੈਟਵਰਕ ਤਿਆਰ ਕਰਨ ਲਈ, ਸਾਈਟ ਉੱਤੇ ਵਿਚਾਰ ਵਟਾਦਰਾਂ ਅਤੇ ਨੋਟਿਸ ਬੋਰਡ ਪੇਸ਼ ਕੀਤਾ ਜਾਂਦਾ ਹੈ।

**8.4.2 ਸੋਸ਼ਲ ਸਾਈਕਾਲੋਜੀ ਨੈੱਟਵਰਕ :**

< www.socialpsychology.org> ਸੋਸ਼ਲ ਸਾਈਕਾਲੋਜੀ ਨੈਂਟਰਵਕ, ਇੰਟਰਨੈਟ ਉਤੇ ਸਮਾਜਿਕ ਮਨੋਵਿਗਿਆਨ ਦਾ ਸਭ ਤੋਂ ਵੱਡਾ ਡਾਟਾਬੇਸ ਹੈ। ਇਸ ਸਾਈਟ ਵਿਚ ਵਿਦਿਆਰਥੀਆਂ ਅਤੇ ਵਿਵਸਾਇਕਾਂ ਮਨੋਵਿਗਿਆਨ ਲਈ ਸਬੰਧਿਤ ਅਤੇ ਇਲੈਕਟ੍ਰਾਨਿਕ ਡਿਸਕਸ਼ਨ ਫੋਰਮ ਸਬੰਧੀ 5000 ਲਿੰਕਸ ਹਨ। ਸੋਸ਼ਲ ਸਾਈਕਾਲੋਜੀ ਨੈਂਟਵਰਕ ਦਾ ਜ਼ੋਰ, ਮੌਜੂਦਾ ਸਮਾਜਿਕ ਮਨੋਵਿਗਿਆਨਕ ਮੁੱਦਿਆਂ ਉਤੇ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਇਕ ਸੂਚੀ ਵਿਚ ਲਿਆਉਣਾ ਹੈ।

**8.4.3 ਕੂੰਬਜ਼ ਵੈੱਬ (COOMBS Web):**

< coombs.anu.edu.au> ਕੂੰਬਜ਼ ਵੱਬ 1994 ਵਿਚ ਸਥਾਪਿਤ ਹੋਈ ਅਤੇ ਇਹ ਦਾਅਵਾ ਕਰਦੀ ਹੈ ਕਿ ਇਹ ਸੰਸਾਰ ਦੀ ਸਭ ਤੋਂ ਪੁਰਾਤਨ ਏਸ਼ੀਅਨ ਸਟੱਡੀਜ਼ ਨੈੱਟਵਰਕ ਖੋਜ ਸਹੂਲਤ ਹੈ। ਕੂੰਬਜ਼ ਵੈੱਬ ਸਮਾਜ ਵਿਗਿਆਨ ਅਤੇ ਏਸ਼ੀਅਨ ਸਟੱਡੀਜ਼ ਡਿਜ਼ਾਈਨ ਸਬੰਧੀ ਇਕ ਸਾਧਨ ਮੁਹੱਈਆ ਕਰਦੀ ਹੈ। ਇਸ ਸੰਖੇਪ ਜਿਲਦ ਵਿਚ ਵਿਸਤਾਰ ਸਹਿਤ ਪ੍ਰਯੋਗੀ ਡਿਜ਼ਾਈਨ ਅਤੇ 'ਇਨਵੈਲਿਡਿਟੀ' ਦੇ ਸਾਧਨਾਂ ਨੂੰ ਕੰਟਰੋਲ ਕਰਨ ਦੇ ਢੰਗਾਂ ਜਾਂ ਖੋਜ ਮਾਡਲਾਂ ਦੇ ਗਲਤ ਇਸਤੇਮਾਲ ਕੀਤੇ ਜਾਂਦੇ ਢੰਗਾਂ ਨੂੰ ਦਰਸਾਇਆ ਗਿਆ ਹੈ।

**8.4.4 ਥੀਮੈਟਿਕ ਨੈੱਟਵਰਕ ਆਫ ਟੀਚਰ ਐਜੂਕੇਸ਼ਨ ਇਨ ਯੂਰੋਪ (Thematic Network of Teacher Education in Europe):**

< tntee.umu.se/> ਥੀਮੈਟਿਕ ਨੈਂਟਵਰਕ ਆਫ ਟੀਚਰ ਐਜੁਕੇਸ਼ਨ ਇਨ ਯੂਰੋਪ ਦਾ ਮੁੱਖ ਮੰਤਵ ਹੈ ਕਿ ਯੂਰੋਪ ਵਿਚ ਅਧਿਆਪਕ ਸਿੱਖਿਆ ਦੇ ਵਿਕਾਸ ਲਈ ਇਕ ਲਚਕੀਲਾ, ਬਹੁ-ਭਾਸ਼ੀ, ਪਾਰ-ਰਾਸ਼ਟਰੀ ਫੋਰਸ ਸਥਾਪਿਤ ਕੀਤਾ ਜਾਵੇ।

**8.4.5 ਸੋਸ਼ਲ ਸਾਇੰਸ ਇਨਫਰਮੇਸ਼ਨ ਗੈਅਵੇਅ :**

< www.sosing.ac.uk/ > ਸੋਸ਼ਲ ਸਾਇੰਸ ਇਨਫਰਮੇਸ਼ਨ ਗੇਟਵੇਅ (**SOSIG**) ਆਸਾਨੀ ਨਾਲ ਪ੍ਰਾਪਤ ਹੋਣ ਵਾਲੀ ਇੰਟਰਨੈਟ ਸਰਵਿਸ ਹੈ, ਜਿਸਦਾ ਮੁੱਖ ਨਿਸ਼ਾਨਾ ਹੈ ਕਿ ਸਮਾਜ ਵਿਗਿਆਨ, ਵਪਾਰ ਅਤੇ ਕਾਨੂੰਨ ਦੇ ਵਿਦਿਆਰਥੀ, ਅਧਿਆਪਕਾਂ, ਖੋਜੀਆਂ ਅਤੇ ਪ੍ਰੈਕਟੀਸ਼ਨਰਾਂ ਨੂੰ ਉਚ-ਪੱਧਰ ਦੀ ਇੰਟਰਨੈਟ ਸੂਚਨਾ ਪ੍ਰਦਾਨ ਕੀਤੀ ਜਾ ਸਕੇ। ਇਹ ਯੂ.ਕੇ. ਰਿਸੋਰਸ ਡਿਸਕਵਰੀ ਨੈੱਟਵਰਕ ਦਾ ਹੀ ਹਿੱਸਾ ਹੈ। ਇਸ ਕੋਲ 250000 ਤੋਂ ਉਪਰ ਸਮਾਜ ਵਿਗਿਆਨ ਵੈੱਬ-ਪੇਜਾਂ ਦਾ ਡਾਟਾਬੇਸ ਹੈ। Gateway is a Network point that acts as an entrance to another network. ਵਿਸ਼ਾ-ਮਾਹਿਰਾਂ ਨੇ (**SOSIG**) ਇੰਟਰਨੈਟ ਕੈਟਾਲਾਗ ਵਿਚੋਂ ਆਪਣੇ ਸ੍ਰੋਤ ਲੱਭੇ ਹਨ। ਇਕ ਸਾਫਟਵੇਅਰ, ਜਿਸਨੂੰ ਹਾਰਵੈਸਟਰ ਆਖਦੇ ਹਨ, ਦੁਆਰਾ ਸੋਸ਼ਲ ਸਾਇੰਸ ਸਰਚ ਇੰਜਨ ਸੰਗ੍ਰਹਿਤ ਕੀਤਾ ਗਿਆ ਹੈ। ਸੋਸ਼ਲ ਸਾਇੰਸ ਇਨਫਰਮੇਸ਼ਨ ਗੇਟਵੇ (**SOSIG**) 1994 ਵਿਚ ਇਕ ਪ੍ਰਮੁੱਖ ਪ੍ਰਾਜੈਕਟ ਦੇ ਰੂਪ ਵਿਚ

ਸਥਾਪਿਤ ਹੋਇਆ ਸੀ, ਜਿਸਦਾ ਉਦੇਸ਼ ਸੀ ਕਿ ਸਮਾਜ ਵਿਗਿਆਨ ਦੇ ਖੋਜੀਆਂ, ਅਧਿਆਪਕਾਂ ਅਤੇ ਲਾਇਬ੍ਰੇਰੀਆਂ ਨੂੰ ਛੇਤੀ ਨਾਲ ਅਤੇ ਸੌਖੇ ਢੰਗ ਨਾਲ ਉੱਚ-ਪੱਧਰੀ ਨੈੱਟਵਰਕ ਸਾਧਨ ਮੁਹੱਈਆ ਕਰਵਾਏ ਜਾਣ। ਇਹ ਸਾਧਨ ਇੰਟਰਨੈਟ ਤਕ ਰਸਾਈ ਕਰਵਾਂਦੇ ਹਨ, ਵਾਇਆ ਆਨਲਾਈਨ ਕੈਟਾਲਾਗ, ਜਿਥੇ ਹਰੇਕ ਸ੍ਰੋਤ ਨੂੰ ਕਿਸੇ ਸੂਚਨਾ-ਪ੍ਰੋਫੈਸ਼ਨਲ ਦੁਆਰਾ ਵਰਗੀਕ੍ਰਿਤ ਕੀਤਾ ਅਤੇ ਦਰਸਾਇਆ ਗਿਆ ਹੁੰਦਾ ਹੈ। (SOSIG) ਦੀ ਟੀਮ ਸੰਸਾਰ ਭਰ ਦੇ ਉੱਚ-ਪੱਧਰੀ ਨੈੱਟਵਰਕ ਸ੍ਰੋਤਾਂ ਨੂੰ ਲੱਭਦੀ ਹੈ, ਉਨ੍ਹਾਂ ਤਕ ਪਹੁੰਚਾਦੀ ਹੈ ਅਤੇ ਉਨ੍ਹਾਂ ਬਾਰੇ ਦੱਸਦੀ ਹੈ। ਖੋਜੀਆਂ ਅਤੇ ਪਾਠਕਾਂ ਦੇ ਸਮੇਂ ਅਤੇ ਮਿਹਨਤ ਦਾ ਬਚਾਅ ਕਰਦੀ ਹੈ ਤੇ ਉਨ੍ਹਾਂ ਨੂੰ ਸ੍ਰੋਤ ਵੇਰਵਿਆਂ ਤੇ ਨਜ਼ਰ ਮਾਰਨ ਅਤੇ ਖੋਜ ਕਰਨ ਦੀ ਸਹੂਲਤ ਪ੍ਰਦਾਨ ਕਰਦੀ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਉਨ੍ਹਾਂ ਦੇ ਖੋਜ ਵਾਲੇ ਸ੍ਰੋਤਾਂ ਤੱਕ ਸਿੱਧੇ ਰੂਪ ਵਿਚ ਪਹੁੰਚਾਂਦੀ ਹੈ। ਇਸ ਵੇਲੇ ਇਸ ਕੈਟਾਲਾਗ ਵਿਚ ਮਾਨਵ-ਵਿਗਿਆਨ ਤੋਂ ਲੈ ਕੇ ਅੰਕੜਾ ਵਿਗਿਆਨ ਤਕ ਇਕ ਸੌ ਛੇ ਵਿਸ਼ਾ ਸਿਰਲੇਖ ਹਨ ਅਤੇ ਜਿਨ੍ਹਾਂ ਦੇ 3500 ਤੋਂ ਵਧੇਰੇ ਵੇਰਵਾ-ਸ੍ਰੋਤ ਸ਼ਾਮਿਲ ਹਨ। (SOSIG) ਹੁਣ ਯੂ.ਕੇ. ਦੇ (JISC) ਅਧੀਨ ਦੂਸਰੇ ਵਿਸ਼ਾ-ਆਧਾਰਿਤ ਸਾਧਨਾਂ ਵਿਚ ਰਲਮਿਲ ਗਿਆ ਹੈ, ਤਾਂ ਕਿ (INTUTE) ਬਣਾ ਸਕੇ। < www.intute.ac.uk/ >

**8.4.6 ਸੋਸ਼ਿਓ ਸਾਈਟ** (Socio Site)**:**

< www.psew.uva.nl/sociosite > ਸੋਸ਼ਿਓ ਸਾਈਟ ਇਕ ਅਹਿਮ ਸਾਈਟ ਹੈ ਜਿਸਨੂੰ ਯੂਨੀਵਰਸਿਟੀ ਆਫ ਐਮਸਟਰਡਮ ਦੇ ਸਮਾਜ ਵਿਗਿਆਨ ਦੇ ਅਧਿਆਪਕ ਐਲਬਰਟ ਬੇਨਸ਼ਾਪ (Albert Benschop) ਦੁਆਰਾ ਬਣਾਇਆ ਅਤੇ ਸੰਭਾਲਿਆ ਗਿਆ ਸੀ। ਸੋਸ਼ਿਓਸਾਈਟ, ਅਕਾਦਮਿਕ ਸਮਾਜ ਸ਼ਾਸਤਰ ਨੂੰ ਯੂਰੋਪੀ ਅਤੇ ਅੰਤਰਰਾਸ਼ਟਰੀ ਲੋੜੀਂਦੇ ਸਾਧਨ ਪ੍ਰਦਾਨ ਕਰਦੀ ਹੈ। ਸਮਾਜ ਸ਼ਾਸਤਰ ਸਾਧਨਾਂ ਦੇ ਮੁੱਖ ਗਰੁੱਪਾਂ ਨੂੰ ਅੱਗੋਂ 24 ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਜਿਸ ਵਿਚ ਵਿਸ਼ਾ ਖੇਤਰ, ਸਮਾਜ ਸ਼ਾਸਤਰੀ, ਲਾਇਬ੍ਰੇਰੀਆਂ, ਵਿਭਾਗ, ਖੋਜ-ਕੇਂਦਰ, ਖਬਰਾਂ ਦੇ ਅਦਾਰੇ ਅਤੇ ਮੇਲਿੰਗ-ਸੂਚੀਆਂ ਸ਼ਾਮਿਲ ਹਨ। ਭਾਗਾਂ ਨੂੰ ਆਮ ਕਰਕੇ ਭੂਗੋਲਿਕ ਤੌਰ ਤੇ ਦੁਨੀਆ-ਭਰ ਦੀਆਂ ਵੈੱਬਸਾਈਟਾਂ (ਮੁੱਖ ਇਹ ਹਨ : ਯੂ. ਐਸ, ਅਸਟ੍ਰੇਲੀਆ ਅਤੇ ਕਨੇਡਾ) ਨਾਲ ਸਭ ਤੋਂ ਪਹਿਲਾਂ ਸੂਚੀਬੱਧ ਕੀਤਾ ਗਿਆ, ਇਨ੍ਹਾਂ ਤੋਂ ਮਗਰੋਂ ਯੂਰੋਪੀ ਅਤੇ ਡੱਚ ਵੈਬਸਾਈਟਾਂ ਨੂੰ ਜੋੜਿਆ ਗਿਆ। 140 ਤੋਂ ਵਧੇਰੇ ਵਿਸ਼ਿਆਂ ਵਾਲੇ ਖੇਤਰ ਇਸ ਵਿਚ ਸੂਚੀਬੱਧ ਹਨ। ਜਿਹੜੇ ਕਿ ਕ੍ਰਿਆਵਾਦ ਅਤੇ ਕਾਲ ਪ੍ਰਭਾਵਨ ਤੋਂ ਆਰੰਭ ਹੋਕੇ ਪਰਿਵਾਰ, ਆਰਾਮ, ਦੇਹਾਤੀ ਗਿਆਨ ਅਤੇ ਆਤਮਹੱਤਿਆ ਤੱਕ ਸ਼ਾਮਿਲ ਹਨ। ਜੁੜੇ ਹੋਏ ਵੈਬਸਾਈਟਾਂ ਦਾ ਸੰਖੇਪ ਵਿਵਰਣ ਮੁਹੱਈਆ ਕੀਤਾ ਜਾਂਦਾ ਹੈ। 55 ਪ੍ਰਸਿੱਧ ਸਮਾਜ ਸ਼ਾਸਤਰੀਆਂ ਦੇ ਮੂਲ-ਪਾਠਾਂ ਦੇ ਮੁਕੰਮਲ ਜਾਂ ਸੰਖਿਪਤ ਕਾਰਜਾਂ ਦੇ ਲਿੰਕਸ (Links) ਵੀ ਪ੍ਰਦਾਨ ਕੀਤੇ ਜਾਂਦੇ ਹਨ। ਇਸ ਵੈੱਬਸਾਈਟ ਦਾ ਆਪਦਾ ਖੋਜ-ਇੰਜਨ ਹੈ, ਜੋਕਿ ਸਮਾਜ ਸ਼ਾਸਤਰ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਬੜਾ ਵੱਡਮੁੱਲਾ ਸ੍ਰੋਤ ਹੈ।

**8.4.7 ਐਰਿਕ ਡਾਟਾਬੇਸ** (ERIC Data Base) **(ਐਜੂਕੇਸ਼ਨ ਰਿਸੋਰਸਿਜ਼ ਇਨਫਰਮੇਸ਼ਨ ਸੈਂਟਰ) :**

< http://ericir.syr.edu/Eric/ > ਦੀ ਐਜੂਕੇਸ਼ਨ ਰਿਸੋਰਸਿਜ਼ ਇਨਫਰਮੇਸ਼ਨ ਸੈਂਟਰ (ਐਰਿਕ) ਨੂੰ ਯੂ ਐਸ ਦੇ ਸਿੱਖਿਆ ਵਿਭਾਗ ਦੇ ਇੰਸਟੀਚਿਊਟ ਆਫ ਐਜੂਕੇਸ਼ਨ ਸਾਇੰਸਿਜ਼ (ਆਈ ਈ ਐਸ) ਦੁਆਰਾ ਸਪਾਂਸਰ ਕੀਤਾ ਗਿਆ ਹੈ। ਜਰਨਲ ਅਤੇ ਗੈਰ-ਜਰਨਲ ਸਿੱਖਿਆ ਦੇ ਮਾਹਿਰਾਂ ਨੂੰ ਸਬੰਧੀ ਦੁਨੀਆਂ ਦਾ ਪ੍ਰਥਮ ਡਾਟਾਬੇਸ ਉਪਤਪੰਨ ਕਰਨ ਵਾਲਾ ਅਦਾਰਾ ਹੈ। ਐਰਿਕ ਆਨਲਾਈਨ ਦਾ ਮਨੋਰਥ ਇਹ ਹੈ ਕਿ ਸਰਬਪੱਖੀ, ਵਰਤੋਂ ਵਿਚ ਆਸਾਨ, ਲੱਭੀ ਜਾਣ ਵਾਲੀ, ਇੰਟਰਨੈਟ ਆਧਾਰਿਤ ਬਿਬਲਿਓਗ੍ਰਾਫੀ ਪ੍ਰਦਾਨ ਕੀਤੀ ਜਾਵੇ ਅਤੇ ਇਸਦੇ ਨਾਲ ਹੀ ਐਜੂਕੇਸ਼ਨ ਸਾਇੰਸ ਰਿਫਾਰਸ ਐਕਟ, 2002 ਅਧੀਨ ਸਿੱਖਿਆ, ਖੋਜ ਅਤੇ ਸੂਚਨਾ ਦੇ ਸਮੁੱਚੇ ਮੂਲ-ਪਾਠ ਡਾਟਾਬੇਸ ਦੀਆਂ ਲੋੜਾਂ ਨੂੰ ਵੀ ਪੂਰਾ ਕਰਦਾ ਹੋਵੇ। ਐਰਿਕ ਦਾ ਭਵਿੱਖੀ ਨਿਸ਼ਾਨਾ, ਸਿੱਖਿਅਕਾਂ, ਖੋਜੀਆਂ ਅਤੇ ਆਮ ਜਨਤਾ ਲਈ ਵਧੇਰੇ ਉਪਲਬੱਧਤਾ ਅਤੇ ਉੱਚ ਪੱਧਰ ਦੀ ਖੋਜ ਅਤੇ ਸੂਚਨਾ ਪ੍ਰਦਾਨ ਕਰਨਾ ਹੈ।

ਐਰਿਕ ਨਵੀਆਂ ਤਕਨੀਕਾਂ ਨੂੰ ਪੂਰਾ ਕਰਨ ਲਈ, ਪ੍ਰਾਸੈਸਿੰਗ ਨੂੰ ਸੰਗਠਿਤ ਕਰ ਰਹੀ ਹੈ ਅਤੇ ਤੁਰੰਤ ਸੂਚਨਾ ਪ੍ਰਦਾਨ ਕਰਨ ਲਈ ਸਾਧਨ ਜੁਟਾ ਰਹੀ ਹੈ। ਮੁੜ-ਵਿਉਂਤੀ ਆਨਲਾਈਨ ਸੇਵਾ, ਜਨਤਾ ਲਈ ਪੜਾਵਾਰ ਜਾਰੀ ਕੀਤੀ ਗਈ ਹੈ, ਜਿਸ ਵਿਚ ਕੇਂਦਰੀਕ੍ਰਿਤ ਵੈੱਬਸਾਈਟ, ਵਿਸਤ੍ਰਿਤ ਖੋਜ ਅਤੇ ਪ੍ਰਾਪਤੀ ਕਾਰਜ ਸ਼ਾਮਿਲ ਹਨ ਇਸਦੇ ਨਾਲ ਹੀ ਵੈਬਸਾਈਟ ਮਾਨਵੀਕਰਣ ਟੂਲਜ਼ ਵੀ ਹਨ, ਜਿਵੇਂ ਕਿ ਖੋਜੀਆਂ/ਪਾਠਕਾਂ ਦੀ ਖੋਜ ਨੂੰ ਸੇਵਾ ਕਰਨ ਦੀ ਸਮਰੱਥਾ। ਐਰਿਕ ਮੈਟਾਡਾਟਾ ਸਟੈਂਡਰਡ ਅਪਨਾ ਰਿਹਾ ਹੈ, ਤਾਂਕਿ ਪਾਠਕਾਂ ਨੂੰ ਉਨ੍ਹਾਂ ਦੀ ਡਾਟਾਬੇਸ-ਖੋਜ ਨੂੰ ਸੋਧਣ ਵਿਚ ਮਦਦ ਮਿਲ ਸਕੇ। ਐਰਿਕ ਦੇ ਸਮੁੱਚੇ ਮੂਲ-ਪਾਠ ਦੀ ਸਮੱਗਰੀ, ਜਿਸਨੂੰ ਪਹਿਲਾਂ ਐਰਿਕ ਡਾਕੂਮੈਂਟ ਰਿਪ੍ਰੋਡਕਸ਼ਨ ਸਰਵਿਸ (**EDRS**) ਦੁਆਰਾ ਵੇਚਿਆ ਜਾਂਦਾ ਸੀ, ਹੁਣ ਉਹ ਬਿਲਕੁਲ ਮੁਫਤ ਉਪਲਬੱਧ ਹੈ।

**8.4.8 ਏਸ਼ੀਆ ਪੈਸੇਫਿਕ ਇਨਫਰਮੇਸ਼ਨ ਨੈੱਟਵਰਕ ਇਨ ਸੋਸ਼ਲ ਸਾਇੰਸ (APINESS) :**

(APINESS) : < http://www.pnm.my/new/ > ਯੂਨੈਸਕੋ ਨੇ ਸਮਾਜ ਵਿਗਿਆਨ ਸੂਚਨਾ ਅਤੇ ਸੇਵਾਵਾਂ ਵਿਚ ਸੰਸਥਾਨਕ ਸਹੂਲਤਾਂ ਦੇ ਵਿਕਾਸ ਲਈ ਨਿਰੰਤਰ ਰੂਪ ਵਿਚ ਬਹੁਤ ਧਿਆਨ ਦਿੱਤਾ ਹੈ। ਨਤੀਜੇ ਵੱਜੋਂ, ਸਾਰੀ ਦੁਨੀਆਂ ਵਿਚ ਬਹੁਤ ਸਾਰੀਆਂ ਵਿਸਾਇਕ ਸੰਸਥਾਵਾਂ ਅਤੇ ਨੈੱਟਵਰਕ ਹੋਂਦ ਵਿਚ ਆ ਗਏ ਹਨ। ਯੂਨੈਸਕੋ ਨੇ ਉਨ੍ਹਾਂ ਦੀ ਸਥਾਪਤੀ ਲਈ ਉਤਪ੍ਰੇਰਕ ਦੀ ਭੂਮਿਕਾ ਨਿਭਾਈ ਹੈ। ਏਸ਼ੀਆ ਵਿਚ ਸਾਡੇ ਕੋਲ ਖੇਤਰੀ ਐਸੋਸੀਏਸ਼ਨਾਂ ਹਨ, ਜਿਵੇਂ ਕਿ : ਐਸੋਸੀਏਸ਼ਨ ਆਫ ਸੋਸ਼ਲ ਸਾਇੰਸ ਰਿਸਚਰ ਕਾਂਸਲਜ਼ ਅਤੇ ਏਸ਼ੀਆ ਪੈਸੇਫਿਕ ਇਨਫਰਮੇਸ਼ਨ-ਨੈਟਵਰਕ ਇਨ ਸੋਸ਼ਲ ਸਾਇੰਸ ਅਤੇ ਹੋਰ ਬਹੁਤ ਸਾਰੀਆਂ ਜਿਨ੍ਹਾਂ ਨੂੰ ਯੂਨੈਸਕੋ ਦੀ ਸਹਾਇਤਾ ਪ੍ਰਾਪਤ ਹੈ। ਅੰਤਰਰਾਸ਼ਟਰੀ ਪੱਧਰ ਤੇ ਸਾਡੇ ਪਾਸ ਇੰਟਰਨੈਸ਼ਨਲ ਕਮੇਟੀ ਆਫ ਸੋਸ਼ਲ ਸਾਇੰਸ ਇਨਫਰਮੇਸ਼ਨ ਐਂਡ ਡਾਕੂਮੈਂਟੇਸ਼ਨ ਹੈ। **APINESS** ਏਸ਼ੀਆ ਅਤੇ ਪੈਸੇਫਿਕ ਏਜੰਸੀਆਂ ਵਿਚ 17 ਦੇਸ਼ਾਂ ਦਾ ਸੂਚਨਾ ਨੈਟਵਰਕ ਹੈ। ਇਹ 1986 ਵਿਚ ਸਥਾਪਤ ਹੋਇਆ, ਜਿਹੜਾ ਕਿ ਯੂਨੈਸਕੋ ਅਤੇ ਐਸੋਸੀਏਸ਼ਨ ਆਫ ਸੋਸ਼ਲ ਸਾਇੰਸ ਰਿਸਰਚ ਕਾਂਸਲ, ਬੈਂਕਾਕ ਦੁਆਰਾ ਆਯੋਜਿਤ ਮੀਟਿੰਗ ਦਾ ਨਤੀਜਾ ਸੀ। ਐਪੀਨੈਸ ਦੇ ਮੁੱਖ ਅੰਸ਼ ਹਨ: ਨੈਸ਼ਨਲ ਕੰਟੈਕਟ ਪ੍ਰੋਗਰਾਮ (ਐਨ ਸੀ ਪੀ), ਨੈਸ਼ਨਲ ਅਡਵਾਇਜ਼ਰੀ ਗਰੁਪਸ (ਐਨ ਏ ਜੀ) ਅਤੇ ਰਿਜਨਲ ਅਡਵਾਇਜਰੀ ਗਰੁਪਸ (ਆਰ ਏ ਜੀ)। ਐਨ ਏ ਜੀ ਦੇ ਕਾਰਜ ਨਾਲ ਤਾਲਮੇਲ ਕਰਨ ਵਾਲੀਆਂ ਐਨ ਸੀ ਪੀ, ਜੋ ਕਿ ਸਥਿਤ ਹਨ: ਅਸਟ੍ਰੇਲੀਆ, ਬੰਗਲਾਦੇਸ਼, ਚੀਨ, ਭਾਰਤ, ਇੰਡੋਨੇਸ਼ੀਆ, ਉੱਤਰੀ ਕੋਰੀਆ, ਦੱਖਣੀ ਕੋਰੀਆ, ਮਲੇਸ਼ੀਆ, ਮੰਗੋਲੀਆ, ਨਿਊਜ਼ੀਲੈਂਡ, ਪੈਪੂਆਂ ਨਿਊ ਗਿਲੀਆ, ਫਿਲੀਪੀਨਜ਼, ਸ੍ਰੀਲੰਕਾ, ਥਾਈਲੈਂਡ, ਸੋਸ਼ਲਿਸਟ ਰਿਪਬਲਿਕ ਆਫ ਵੀਅਤਨਾਮ, ਪੱਛਮੀ ਸਮੋਆ ਜੋ ਕਿ ਇਨ੍ਹਾਂ ਦੇਸ਼ਾਂ ਵਿਚ ਸਥਿਤ ਹਨ। ਆਰ ਏ ਜੀ ਦੀਆਂ ਛਮਾਹੀ ਮੀਟਿੰਗਾਂ ਹੁੰਦੀਆਂ ਹਨ, ਤਾਂ ਕਿ ਕੌਮੀ ਅਤੇ ਖੇਤਰੀ ਪੱਧਰ ਤੇ ਐਪੀਨੈੱਸ ਦੀਆਂ ਮੌਜੂਦਾ ਅਤੇ ਭਵਿੱਖੀ ਗਤੀਵਿਧੀਆਂ ਅਤੇ ਯੋਜਨਾਵਾਂ ਨੂੰ ਰਿਵਿਊ ਕੀਤਾ ਜਾ ਸਕੇ।

**8.5 ਭਾਰਤੀ ਨੈੱਟਵਰਕਿੰਗ ਦਾ ਦ੍ਰਿਸ਼-ਵਿਵਰਣ (Indian Networking Scenario) :**

ਟੈਲੀਕਮਿਊਨੀਕੇਸ਼ਨ ਨੈੱਟਵਰਕ, ਸੂਚਨਾ ਦੀ ਪਹੁੰਚ ਅਤੇ ਸੰਚਾਰ ਦਾ ਇਕ ਅਟੁੱਟ ਅੰਗ ਹੈ, ਜਿਸਤੋਂ ਬਿਨਾ ਸੂਚਨਾ ਦਾ ਪ੍ਰਸਾਰ ਕਰਨਾ ਅਸੰਭਵ ਹੈ। ਭਾਰਤ ਵਿਚ ਟੈਲੀਕਮਿਊਨਿਕੇਸ਼ਨ ਸਹੂਲਤਾਂ ਪ੍ਰਦਾਨ ਕਰਨ ਲਈ ਡਿਪਾਰਟਮੈਂਟ ਆਫ ਟੈਲੀਕਮਿਊਨੀਕੇਸ਼ਨਜ਼ (ਡੀ ਓ ਟੀ) ਮਨਿਸਟਰੀ ਆਫ ਕਮਿਊਨਿਕੇਸ਼ਨਜ਼, ਭਾਰਤ ਸਰਕਾਰ, ਜਿੰਮੇਵਾਰ ਹੈ। ਵਿਦੇਸ਼ ਸੰਚਾਰ ਨਿਗਮ ਲਿਮਿਟਿਡ (ਵੀ ਐਸ ਐਨ ਐਲ) ਟੈਲੀਕੌਮਿਊਨਿਕੇਸ਼ਨ ਸਹੂਲਤਾਂ ਪ੍ਰਦਾਨ ਕਰਨ ਅਤੇ ਬਣਾਈ ਰੱਖਣ ਲਈ ਜ਼ਿੰਮੇਵਾਰ ਹੁੰਦਾ ਹੈ।

1986 ਤੱਕ, ਅੰਤਰਰਾਸ਼ਟਰੀ ਡਾਟਾ ਕਮਿਊਨਿਕੇਸ਼ਨ ਲਈ ਟੈਲੇਕਸ ਵਰਤੀ ਜਾਂਦੀ ਸੀ, ਇਹ ਅੰਤਰਰਾਸ਼ਟਰੀ ਸਬਸਕ੍ਰਾਈਬਰ ਡਾਇਲਡ ਟੈਲੇਕਸ ਦੇ ਰਾਹੀਂ ਵਰਤੀ ਜਾਂਦੀ ਸੀ ਜਿਸਦੀ ਗਤੀ-ਸੀਮਾ, 55 ਬੌਂਡਜ਼ ਜਾਂ 66 ਸ਼ਬਦ ਪ੍ਰਤੀ ਮਿੰਟ ਹੁੰਦੇ ਹਨ। ਜਦੋਂ ਦੁਨੀਆਂ ਦੇ 210 ਦੇਸ਼ਾਂ ਵਿਚ ਇੰਟਰਨੈਸ਼ਨਲ ਸਬਸਕ੍ਰਾਈਬਰ ਡਾਇਲਿੰਗ ਸੇਵਾ ਉਪਲਬੱਧ ਹੋ ਗਈ, ਤਾਂ ਇਸਨੂੰ ਤਬਦੀਲ ਕਰਕੇ ਪਬਲਿਕ ਸਵਿੱਚਡ ਟੈਲੀਫੋਨ ਨੈੱਟਵਰਕ (ਪੀ ਐਸ ਟੀ ਐਨ) ਕੋਲ ਦੇ ਦਿੱਤਾ ਗਿਆ।

**8.5.1 ਭਾਰਤ ਵਿਚ ਸਮਾਜ ਵਿਗਿਆਨ ਡਾਟਾਬੇਸ :**

ਦੇਸ਼ ਵਿਚ ਪਿਛਲੇ ਕਰੀਬ 50 ਸਾਲਾਂ ਤੋਂ ਸਮਾਜ ਵਿਗਿਆਨ ਨੇ ਬਤੌਰ ਇੱਕ ਅਨੁਸ਼ਾਸਨ-ਅਧਿਐਨ ਦੇ ਕਾਫੀ ਤਰੱਕੀ ਕੀਤੀ ਹੈ। ਆਰਥਿਕ ਵਿਕਾਸ ਅਤੇ ਸਮਾਜਿਕ ਤਬਦੀਲੀ ਵਿਚ ਇਨ੍ਹਾਂ ਦੀ ਪ੍ਰਮੁੱਖ ਭੂਮਿਕਾ ਕਰਕੇ ਸਮਾਜ ਵਿਗਿਆਨ ਦੀਆਂ ਸੰਸਥਾਵਾਂ ਨੂੰ ਸਰਕਾਰ ਵੱਲੋਂ, ਪਬਲਿਕ ਅਤੇ ਪ੍ਰਾਈਵੇਟ ਸੰਗਠਨਾਂ ਵੱਲੋਂ ਕਾਫੀ ਮਾਨਤਾ, ਸਹਾਇਤਾ ਅਤੇ ਉਤਸ਼ਾਹ ਮਿਲਿਆ ਹੈ। ਇਹ ਹੁਣ ਅਧਿਆਪਨ ਅਤੇ ਖੋਜ, ਮਨੁੱਖੀ-ਸ਼ਕਤੀ ਦੇ ਵਿਕਾਸ ਅਤੇ ਵਿਵਸਾਇਕ ਸੰਗਠਨਾਂ ਦੇ ਕੇਂਦਰਾਂ ਦੇ ਰੂਪ ਵਿਚ ਫੈਲ ਰਹੇ ਹਨ। ਦੇਸ਼ ਵਿਚ ਇਨ੍ਹਾਂ ਦੇ ਮੌਜੂਦਾ ਸਥਾਨ ਨੂੰ ਦੇਖਣਾ ਹੋਵੇ ਤਾਂ ਇਨ੍ਹਾਂ ਦੇ ਐਮ ਏ ਅਧਿਆਪਨ ਅਤੇ ਖੋਜ ਦੇ ਵਿਭਾਗਾਂ ਤੋਂ, ਪੀ ਐਚ ਡੀ ਵਿਦਿਆਰਥੀਆਂ ਤੋਂ ਜਾਂ ਖੋਜ ਸੰਸਥਾਵਾਂ, ਪ੍ਰਕਾਸ਼ਨ ਗਤੀਵਿਧੀਆਂ ਤੋਂ ਸਮਾਜਿਕ ਵਿਗਿਆਨ ਦੀ ਮਨੁੱਖੀ ਸ਼ਕਤੀ ਆਦਿ ਤੋਂ ਦੇਖਿਆ ਜਾ ਸਕਦਾ ਹੈ।

**8.5.2 ਇਨਫਰਮੇਸ਼ਨ ਐਂਡ ਲਾਇਬ੍ਰੇਰੀ ਨੈੱਟਵਰਕ (INFLIBNET) (Information and Library Networks) :**

< http://www.inflibnet.ac.in >

**8.5.2.1 ਸਥਾਪਨਾ (Establishment)**

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (UGC) ਨੇ ਇਨਫਲਿਬਨੈਟ ਦੀ ਸਥਾਪਨਾ ਖੁਦ-ਮੁਖਤਾਰ ਇੰਟਰ-ਯੂਨੀਵਰਸਿਟੀ ਸੈਂਟਰ ਦੇ ਤੌਰ ਤੇ ਮਾਰਚ 1991 ਵਿੱਚ ਕੀਤਾ ਅਤੇ ਇਸਦਾ ਮੁੱਖ ਦਫ਼ਤਰ ਗੁਜਰਾਤ ਯੂਨੀਵਰਸਿਟੀ, ਅਹਿਮਦਾਬਾਦ ਵਿਖੇ ਹੈ।

ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਦੀ ਕੰਪਿਊਟਰ ਅਤੇ ਸੰਚਾਰਣ ਤਕਨਾਲੋਜੀ ਦਾ ਉਪਲੱਬਧੀ ਉੱਤਰ ਮਹੱਤਵਪੂਰਣ ਪ੍ਰਭਾਵ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਦੇ ਨੈਟਵਰਕ ਦੀ ਭਾਰਤ ਵਿਚ ਲੋੜ ਮਹਿਸੂਸ ਕੀਤੀ ਗਈ। ਪਹਿਲਾ ਇਹ ਅਦਾਰਾ IUCAA ਦੇ ਅੰਡਰ ਕੰਮ ਕਰਦਾ ਸੀ ਪਰ ਜੂਨ 1996 ਤੋਂ ਬਾਦ ਖੁਦ-ਮੁਖਤਿਆਰ ਹੋ ਗਿਆ।

**8.5.2.2 ਉਦੇਸ਼ (Objectives)**

ਇਨਫਲਿਬਨੈਟ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ :

1. ਦੇਸ਼ ਵਿਚਲੀਆਂ ਵਿਭਿੰਨ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਨੂੰ ਆਪਸ ਵਿਚ ਜੋੜਨ ਲਈ ਇਕ ਰਾਸ਼ਟਰੀ ਨੈਟਵਰਕ ਦਾ ਨਿਕਾਸ ਕਰਨਾ ਅਤੇ ਸੂਚਨਾ ਪ੍ਰਬੰਧ ਅਤੇ ਸੇਵਾ ਦੀ ਸਮਰੱਥਾ ਵਿਚ ਸੁਧਾਰ ਕਰਨਾ।
2. ਮੋਨੋਗ੍ਰਾਫ, ਲੜੀਵਾਰ ਅਤੇ ਗੈਰ-ਪੁਸਤਕ ਸਾਮਗਰੀ ਦੇ ਆਨਲਾਈਨ ਸੰਘ ਸੂਚੀਪੱਤਰ ਤਿਆਰ ਕਰਨੇ ਲਾਇਬ੍ਰੇਰੀਆਂ ਦੇ ਪ੍ਰਲੇਖ ਸੰਗ੍ਰਹਿ ਤੱਕ ਭਰੋਸੇਯੋਗ ਪਹੁੰਚ ਉਪਲੱਬਧ ਕਰਨਾ।
3. ਦੇਸੀ ਤੌਰ ਤੇ ਤਿਆਰ ਕੀਤੇ ਗ੍ਰੰਥਾਤਮਕ ਅਤੇ ਅੰਕੀ ਡਾਟਾਬੇਸਿਸ ਤੱਕ ਬਿਹਤਰ ਪਹੁੰਚ ਪ੍ਰਦਾਨ ਕਰਨਾ।
4. ਸੂਚਨਾ ਤਕ ਆਨਲਾਇਨ ਪਹੁੰਚ ਲਈ ਗੇਟਵੇ ਸਥਾਪਤ ਕਰਨਾ।
5. ਸੂਚਨਾ ਸਮ੍ਰਿਧ ਕਰਕੇ ਪ੍ਰਲੇਖ ਪੂਰਤੀ ਸੇਵਾ ਪ੍ਰਦਾਨ ਕਰਨਾ।
6. ਦੇਸ਼ ਵਿਚ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਦੀਆਂ ਕ੍ਰਿਆਵਾਂ ਅਤੇ ਸੇਵਾਵਾਂ ਦੇ ਕੰਪਿਊਟਰੀਕਰਣ ਕਾਰਜ ਨੂੰ ਸਿਰੇ ਚਾੜ੍ਹਨਾ।
7. ਵਿਗਿਆਨੀਆਂ, ਇੰਜੀਨੀਅਰਾਂ, ਖੋਜੀਆਂ, ਸਮਾਜ ਵਿਗਿਆਨੀਆਂ, ਵਿਦਵਾਨਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਈ-ਮੇਲ, ਬੁਲੇਟਿਨ ਬੋਰਡ, ਫਾਈਲ ਟਰਾਂਸਫਰ, ਕੰਪਿਊਟਰ/ਆਡਿਉ/ਵੀਡਿਉ ਕਾਨਫਰੰਸਿੰਗ ਰਾਹੀਂ ਵਿਗਿਆਨਕ ਸੰਚਾਰਣ ਨੂੰ ਅੱਗੇ ਵਧਾਉਣਾ।
8. ਆਨਲਾਈਨ ਸੂਚਨਾ ਸੇਵਾ ਪ੍ਰਦਾਨ ਕਰਨ ਲਈ ਪ੍ਰਾਜੈਕਟ, ਅਦਾਰੇ ਅਤੇ ਵਿਸ਼ੇਸ਼ਰਥ ਦਾ ਡਾਟਾਬੇਸ ਸਿਰਜਣਾ।
9. ਦੇਸ਼ ਦੀਆਂ ਲਾਇਬ੍ਰੇਰੀਆਂ, ਪ੍ਰਲੇਖਨ ਅਤੇ ਸੂਚਨਾ ਕੇਂਦਰਾਂ ਵਿਚ ਸਹਿਯੋਗ ਨੂੰ ਉਤਸਾਹਿਤ ਕਰਨਾ ਤਾਂ ਜੋ ਕਮਜ਼ੋਰ ਸਾਧਨ ਕੇਂਦਰਾਂ ਨੂੰ ਸ੍ਰੋਤ ਭੇਜ ਕੇ ਲਾਭ ਪਹੁੰਚਾਉਣਾ।
10. ਇਨਫਲਿਬਨੈਟ ਦੀ ਸਥਾਪਨਾ, ਪ੍ਰਬੰਧ ਅਤੇ ਜਾਰੀ ਰੱਖਣ ਲਈ ਉਚਿਤ ਗੁਣਵੱਤਾ ਵਾਲੀ ਢੁੱਕਵੀਂ ਪੇਸ਼ੇਵਰ ਮਨੁੱਖੀ ਸ਼ਕਤੀ ਦਾ ਵਿਕਾਸ ਕਰਨਾ।
11. ਤਕਨੀਕਾਂ, ਵਿਧੀਆਂ, ਹਾਰਡਵੇਅਰ, ਸਾਫਟਵੇਅਰ, ਸੇਵਾਵਾਂ ਆਦਿ ਨੂੰ ਉਤਸਾਹਿਤ ਕਰਨ ਲਈ ਅਤੇ ਲਾਇਬ੍ਰੇਰੀਆਂ ਵਿਚ ਅਮਲ ਵਿਚ ਲਿਆਉਣ ਲਈ ਮਾਪਦੰਡ ਅਤੇ ਸਮਰੂਪ ਹਿਦਾਇਤਾਂ ਦਾ ਵਿਕਾਸ ਕਰਨਾ।

**8.5.2.3 ਸੇਵਾਵਾਂ (Services)**

ਇਨਫਲਿਬਨੈਟ ਇਕ ਬਹੁ-ਕਾਰਜੀ ਨੈਟਵਰਕ ਹੈ। ਇਹ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ :

**8.5.2.3.1 ਕੈਟਾਲਾਗ ਆਧਾਰਤ ਸੇਵਾਵਾਂ**

1. ਮੋਨੋਗ੍ਰਾਫ, ਲੜੀਵਾਰ ਅਤੇ ਗੈਰ-ਪੁਸਤਕ ਸਾਮੱਗਰੀ ਦਾ ਸਾਂਝਾ ਸੂਚੀਕਰਣ।
2. ਪੁਸਤਕਾਂ, ਲੜੀਵਾਰਾਂ ਅਤੇ ਗੈਰ-ਪੁਸਤਕ ਸਾਮਗਰੀ ਦੇ ਸੰਘ ਸੂਚੀ-ਪੱਤਰ।
3. ਸਾਂਝੇ ਸੂਚੀਕਰਣ ਅਤੇ ਸਥਾਨ ਨਿਰਧਾਰਣ ਲਈ ਆਨਲਾਈਨ ਸੂਚੀ ਪਹੁੰਚ।
4. ਕਾਰਡ, ਪੁਸਤਕ, ਮੈਗਨੇਟਿਕ ਟੇਪੇਫਲਾਪੀ, ਸੀ ਡੀ ਰਾਮ ਰੂਪ ਵਿਚ ਸੂਚੀ ਤਿਆਰ ਕਰਨਾ।

**8.5.2.3.2 ਡਾਟਾਬੇਸ ਸੇਵਾਵਾਂ**

1. ਅਤੀਤ-ਦਰਸ਼ੀ ਖੋਜਾਂ, ਐਸ ਡੀ ਆਈ, ਸੀ ਏ ਐਸ ਸੇਵਾਵਾਂ ਸਹਿਤ ਗ੍ਰੰਥਾਤਮਕ ਡਾਟਾਬੇਸ ਸੇਵਾਵਾਂ।
2. ਗੈਰ-ਗ੍ਰੰਥਾਤਮਕ ਸੂਚਨਾ, ਜਿਵੇਂ ਚਲ ਰਹੇ ਅਤੇ ਪੂਰੇ ਹੋਏ ਪ੍ਰੋਜੈਕਟ, ਅਦਾਰਿਆਂ ਅਤੇ ਵਿਸ਼ੇਸ਼ਗਾਂ, ਬਾਰੇ ਡਾਟਾਬੇਸ।

ਜੁਲਾਈ 2018 ਤੱਕ ਇਨਫਲਿਬਨੈਟ ਨੇ ਹੇਠ ਲਿਖੀਆਂ ਡਾਟਾਬੇਸ ਸੇਵਾਵਾਂ ਪ੍ਰਦਾਨ ਕੀਤੀਆਂ ਹਨ :-

| ਡਾਟਾਬੇਸ | ਨੰਬਰ ਆਫ ਰੀਕਾਰਡ | ਯੂਨੀਵਰਸਿਟੀਆਂ ਦੀ ਗਿਣਤੀ |
|---|---|---|
| 1. ਪੁਸਤਕਾਂ | 1,41,27,338 | –179 |
| 2. ਥੀਸਿਸ | 2,71,581 | –315 |
| 3. ਨਵੇਂ ਰਸਾਲੇ | 35,248 | 223 |
| 4. ਹੋਲਡਿੰਗ ਸੀਰੀਅਲ | 50,164 | 89 |

**8.5.2.3.3 ਪ੍ਰਲੇਖ ਪੂਰਤੀ ਸੇਵਾ**

1. ਅੰਤਰ ਲਾਇਬ੍ਰੇਰੀ ਉਧਾਰ ਦੀ ਬੇਨਤੀ ਉੱਪਰ ਅਮਲ।
2. ਫੈਕਸ ਅਤੇ ਦੂਸਰੇ ਢੰਗਾਂ ਰਾਹੀਂ ਪ੍ਰਲੇਖ ਸਪੁਰਦਗੀ।

**8.5.2.3.4 ਸੰਗ੍ਰਹਿ ਵਿਕਾਸ**

1. ਪ੍ਰਾਪਤੀ ਅਤੇ ਚੋਣ ਆਦਿ ਵਿਚ ਸਹਾਇਤਾ।

**8.5.2.3.5 ਸੰਚਾਰਣ ਆਧਾਰਿਤ ਸੇਵਾਵਾਂ**

1. ਰੈਫ਼ਰਲ ਸੇਵਾਵਾਂ।
2. ਈ–ਮੇਲ, ਸੰਦੇ ਤਬਾਦਲਾ ਅਤੇ ਪ੍ਰਾਪਤੀ।
3. ਬੁਲੇਟਿਨ ਬੋਰਡ, ਦੇਖਦਾ ਬੁਲੇਟਿਨ ਬੋਰਡ ਮਿਤੀਅੰਤ ਕਰਨਾ।
4. ਈ–ਮੇਲ, ਬੁਲੇਟਿਨ ਬੋਰਡ, ਫਾਇਲ ਟਰਾਂਸਫਰ, ਕੰਪਿਊਟਰ/ਆਡਿਉ/ਵਿਡਿਉ ਕਾਨਫਰੰਸਿੰਗ ਰਾਹੀਂ ਅਕਾਦਮਿਕ ਸੰਚਾਰਣ।

**8.5.2.3.6 ਹੋਰ ਸੇਵਾਵਾਂ**

1. **COPSAT ਸੇਵਾ :** ਇਹ "ਕੰਨਟ੍ਰੈਂਟਸ ਆਖ਼ ਪੀਰੀਆਡੀਕਲਗ਼ ਇਨ ਸਾਇੰਸ ਐਂਡ ਟੈਕਨਾਲੋਜੀ (COPSAT) ਸੇਵਾ ਆਈ ਆਈ ਐਸ ਸੀ, ਬੰਗਲੌਰ ਵਿਖੇ ਸਥਾਪਤ ਨੈਸ਼ਨਲ ਸੈਂਟਰ ਫ਼ਾਰ ਸਾਇੰਸ ਇਨਫਾਰਮੇਸ਼ਨ ਦੇ ਸਹਿਯੋਗ ਨਾਲ, ਸਭ ਤੋਂ ਉਪਰਲੇ 4000 ਰਸਾਲਿਆਂ ਤੇ ਆਧਾਰਿਤ ਮਾਸਿਕ ਸੇਵਾ ਹੈ।
2. **ਪ੍ਰਲੇਖ ਸਪੁਰਦਗੀ ਸੇਵਾ :** ਕੋਪਸੈਟ ਵਿਚ ਸ਼ਾਮਲ ਰਸਾਲਿਆਂ ਵਿਚੋਂ ਲੇਖਾਂ ਦੇ ਪੂਰੇ ਪਾਠ ਪ੍ਰਾਪਤ ਕਰਨ ਲਈ ਖੋਜੀਆਂ ਨੂੰ ਇਹ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ।
3. **ਓ ਸੀ ਐਲ ਸੀ ਫਰਸਟ ਸਰਚ :** ਧਨ ਰਾਸ਼ੀ ਦਿੱਤੀ ਜਾਣ ਵਾਲੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਲਾਗਤ–ਪ੍ਰਭਾਵਕਾਰੀ ਢੰਗ ਨਾਲ ਇਨਫਲਿਬਨੈਟ ਇਹ ਸੇਵਾ ਪ੍ਰਦਾਨ ਕਰਦਾ ਹੈ।
4. Inflibnet ਆਪਣੀ ਗਤੀਵਿਧੀਆਂ ਦਾ ਲੇਖਾ ਜੋਖਾ ਕਰਨ ਲਈ Inflibnet News Leter Quarterly ਛਾਪਦੀ ਹੈ।

**8.5.2.4 ਸਾਧਨ/ਸ੍ਰੋਤ**

ਸਹਿਯੋਗ ਨਾਲ ਚੱਲਣ ਵਾਲਾ ਕੰਮ ਹੋਣ ਕਰਕੇ ਇਨਫਲਿਬਨੈਟ ਦੇ ਸਾਧਨਾਂ ਦੀ ਮਜ਼ਬੂਰੀ ਇਸਦੇ ਸਹਿਭਾਗੀਆਂ ਉਪਰ ਨਿਰਭਰ ਕਰਦਾ ਹੈ। ਲਗਭਗ 200 ਯੂਨੀਵਰਸਿਟੀ ਲਾਇਬ੍ਰੇਰੀ ਸੂਚੀਆਂ, 400 ਵਿਸ਼ੇਸ਼ ਲਾਇਬ੍ਰੇਰੀ ਸੂਚੀਆਂ, ਰਾਸ਼ਟਰੀ ਲਾਇਬ੍ਰੇਰੀ ਸੂਚੀ ਨੂੰ ਮਸ਼ੀਨ ਪੜ੍ਹਨਯੋਗ ਰੂਪ ਵਿਚ ਵਟਾਂਦਰਾ ਕਰਨ ਦਾ ਵਿਚਾਰ ਹੈ। ਇਸ ਨੂੰ ਹੋਰ ਅੱਗੇ ਕਾਲਜਾਂ, ਸਨਅਤਾਂ, ਜਨਤਕ ਅਤੇ ਨਿਜੀ ਖੇਤਰ ਦੇ ਸੰਗਠਨਾਂ ਤੋਂ ਸਹਿਯੋਗ ਮਿਲੇਗਾ।

**8.5.2.4.1 ਯੂਨੀਵਰਸਿਟੀ ਲਾਇਬ੍ਰੇਰੀ ਸੂਚੀਆਂ**

ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀ ਲਾਇਬ੍ਰੇਰੀਆਂ ਦਾ ਪੁਸਤਕ ਸੰਗ੍ਰਹਿ ਇਕ ਪ੍ਰਮੁੱਖ ਰਾਸ਼ਟਰੀ ਪ੍ਰਲੇਖ ਸੰਗ੍ਰਹਿ ਬਣ ਨਿਬੜਦਾ ਹੈ। ਇਸ ਪ੍ਰਕਾਰ ਇਨਫਲਿਬਨੈਟ ਇਸ ਨੂੰ ਆਪਣਾ ਮੁੱਖ ਸਾਧਨ/ਸ੍ਰੋਤ ਮੰਨ ਕੇ ਇਸ ਉਪਰ ਨਿਰਭਰ ਕਰ ਸਕਦਾ ਹੈ। ਇਕ ਅਨੁਮਾਨ ਅਨੁਸਾਰ ਹਰੇਕ ਯੂਨੀਵਰਸਿਟੀ ਲਾਇਬ੍ਰੇਰੀ ਔਸਤਕ 4000 ਤੋਂ 6000 ਪ੍ਰਲੇਖ ਹਰ ਸਾਲ ਪ੍ਰਾਪਤ ਕਰਦੀ ਹੈ। ਗ੍ਰੰਥਾਤਮਕ ਸੂਚਨਾ ਸੰਬੰਧੀ ਹੱਥੀ ਤਿਆਰ ਕੀਤੀ ਸੂਚੀ ਇਨਫਲਿਬਨੈਟ ਕੋਲ ਉਪਲਬੱਧ ਹੈ।

**8.5.2.4.2 ਆਰ ਐਂਡ ਡੀ ਲਾਇਬ੍ਰੇਰੀ ਸੂਚੀਆਂ**

ਭਾਰਤ ਵਿਚ ਬਹੁਗਿਣਤੀ ਆਰ ਐਂਡ ਡੀ ਲਾਇਬ੍ਰੇਰੀਆਂ ਨੇ ਆਪਣੀਆਂ ਪੁਸਤਕ ਸੂਚੀਆਂ ਅਤੇ ਸੇਵਾਵਾਂ ਦਾ ਕੰਪਿਊਟਰੀਕਰਣ ਕਰ ਲਿਆ ਹੈ। ਇਕ ਸਰਵੇਖਣ ਅਨੁਸਾਰ ਇਕ ਆਰ ਐਂਡ ਡੀ ਲਾਇਬ੍ਰੇਰੀ ਦਾ ਸੰਗ੍ਰਹਿ 30,000 ਤੋਂ 40,000 ਗ੍ਰੰਥ ਹੈ। ਇਨ੍ਹਾਂ ਵਿਚ ਸਾਲਾਨਾ ਲਗਭਗ 400 ਤੋਂ 500 ਨਵੇਂ ਗ੍ਰੰਥ, ਅਤੇ 300 ਤੋਂ 500 ਚਲੰਤ ਰਸਾਲੇ ਪ੍ਰਾਪਤ ਕੀਤੇ ਜਾਂਦੇ ਹਨ।

**8.5.2.4.3 ਰਾਸ਼ਟਰੀ ਲਾਇਬ੍ਰੇਰੀ ਸੂਚੀਆਂ**

ਡਿਲਿਵਰੀ ਆਫ਼ ਬੁਕਸ ਐਕਟ ਦੇ ਅਸਰ ਸਦਕਾ ਰਾਸ਼ਟਰੀ ਲਾਇਬ੍ਰੇਰੀ ਕੋਲਕਤਾ ਵਿਚ ਸਾਰੀਆਂ ਭਾਸ਼ਾਵਾਂ ਵਿਚ ਸਾਰੀਆਂ ਪ੍ਰਕਾਸ਼ਨਾਵਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਇਹ ਲਾਇਬ੍ਰੇਰੀ ਵਿਭਿੰਨ ਭਾਸ਼ਾਵਾਂ ਵਿਚ ਇਨ੍ਹਾਂ ਸੰਗ੍ਰਹਿ ਦੇ ਰਾਸ਼ਟਰੀ ਸੂਚੀ ਪੱਤਰ ਤਿਆਰ ਕਰਦੀ ਹੈ, ਜੋ ਹੁਣ ਕੰਪਿਊਟਰੀਕ੍ਰਿਤ ਹੋ ਰਹੇ ਹਨ। ਇਹ ਸੰਗ੍ਰਹਿ ਅਤੇ ਸੂਚੀਆਂ ਵੀ ਇਨਫਲਿਬਨੈਟ ਲਈ ਮਹਤੱਵਪੂਰਣ ਸਾਧਨ/ਸ੍ਰੋਤ ਹਨ।

**8.5.2.4.4 ਰਾਸ਼ਟਰੀ ਸੰਘ ਸੂਚੀਆਂ**

ਨਾਸਡਾਕ ਅਤੇ ਨਿਸਕੇਅਰ ਦੁਹਾਂ ਨੇ ਕ੍ਰਮਵਾਰ ਸਮਾਜ ਵਿਗਿਆਨ ਅਤੇ ਵਿਗਿਆਨ ਅਤੇ ਤਕਨਾਲੋਜੀ ਦੇ ਰਸਾਲਿਆਂ ਲਈ ਕਾਫੀ ਭਰੋਸੇਯੋਗ ਅਤੇ ਵਿਆਪਕ ਸੰਘ ਸੂਚੀਆਂ ਤਿਆਰ ਕੀਤੀਆਂ ਹਨ। ਨਿਸਕੇਅਰ ਦੀ ਸੰਘ ਸੂਚੀ ਤਕ ਸਰਨੈਟ ਰਾਹੀਂ ਆਨਲਾਇਨ ਪਹੁੰਚ ਕੀਤੀ ਜਾ ਸਕਦੀ ਹੈ, ਜਦਕਿ ਨਾਸਡਾਕ ਦੇ ਤਿਆਰ ਕੀਤੇ ਸੰਘ ਸੂਚੀ ਪੱਤਰ ਵੀ ਮਸ਼ੀਨ ਨਾਲ ਪੜ੍ਹਨਯੋਗ ਰੂਪ ਵਿਚ ਤਿਆਰ ਕੀਤੇ ਜਾ ਰਹੇ ਹਨ।

**8.5.2.4.5 ਦੇਸੀ ਡਾਟਾਬੇਸਿਸ**

ਭਾਰਤ ਵਿਚ ਇਸ ਸਮੇਂ ਕਾਫ਼ੀ ਸੰਗਠਨ ਆਪੋ ਆਪਣੇ ਪ੍ਰਲੇਖ ਸੰਗ੍ਰਹਿ ਦੇ ਮਸ਼ੀਨੀ ਡਾਟਾਬੇਸਿਸ ਤਿਆਰ ਕਰ ਰਹੇ ਹਨ, ਦੇਖਭਾਲ ਕਰ ਰਹੇ ਹਨ। ਭਾਰਤ ਸਰਕਾਰ ਦੇ ਵਿਗਿਆਨੀ ਅਤੇ ਤਕਨਾਲੋਜੀ ਵਿਭਾਗ ਵਲੋਂ ਸਥਾਪਤ ਨਿੱਸਾਤ (ਹੁਣ ਬੰਦ ਹੋ ਚੁਕਾ ਹੈ), ਅਤੇ ਇਸਦੇ ਖੰਡ-ਸੰਬੰਧੀ ਸੂਚਨਾ ਕੇਂਦਰਾਂ ਨੇ ਵਿਭਿੰਨ ਵਿਸ਼ਿਆਂ ਵਿਚ ਦੇਸੀ ਡਾਟਾਬੇਸਿਸ ਸਿਰਜੇ ਹਨ। ਜਿਨ੍ਹਾਂ ਉਪਰ ਇਨਫਲਿਬਨੈਟ ਨਿਰਭਰ ਕਰ ਸਕਦਾ ਹੈ।

**8.5.2.5 ਇਨਫਲਿਬਨੈਟ ਲਾਇਬ੍ਰੇਰੀ**

ਇਸ ਦੀ ਆਪਣੀ ਪੁਸਤਕਾਂ ਅਤੇ ਰਸਾਲਿਆਂ ਦੀ ਪੂਰੀ ਤਰ੍ਹਾਂ ਸਵੈ-ਚਾਲਤ ਲਾਇਬ੍ਰੇਰੀ ਹੈ। ਇਸ ਲਾਇਬ੍ਰੇਰੀ ਵਿਚ ਬਹੁਤ ਸਾਰੇ ਡਾਟਾਬੇਸਿਸ ਅਤੇ ਸ੍ਰਵਣ-ਦਰਸ਼ੀ ਸਾਮਗਰੀ ਉਪਲਬੱਧ ਹੈ। ਕੁਝ ਸੀ ਡੀ ਰਾਮ ਡਾਟਾਬੇਸਿਸ ਹੇਠ ਲਿਖੇ ਅਨੁਸਾਰ ਹਨ:

**8.5.2.5.1 ਕੈਬਸੈਕ ਆਨ ਸੀਡੀ**

ਇਹ ਸੀ ਕੇ ਬੀ (CAB) ਇੰਟਰਨੈਸ਼ਨਲ ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਹ ਦੱਖਣੀ ਏਸ਼ੀਆ ਦੀ ਖੇਤੀਬਾੜੀ ਸੰਬੰਧੀ ਗ੍ਰੰਥਾਤਮਕ ਸਾਰ ਡਾਟਾਬੇਸ ਹੈ।

**8.5.2.5.2 ਇੰਡੀਅਨ ਬਿਜਨੈਸ ਇਨਸਾਇਟ ਡਾਟਾਬੇਸ (IBID)**

ਇਸ ਵਿਚ 38,000 ਤੋਂ ਉਪਰ ਕੰਪਨੀਆਂ ਅਤੇ 10,000 ਤੋਂ ਵੱਧ ਉਤਪਾਦਾਂ ਬਾਰੇ ਵਿਸ਼ਾਲ ਡਾਟਾਬੇਸ ਹੈ।

**8.5.2.5.3 ਵੈਨਸ ਇਲਾਕਟ੍ਰਾਨਿਕਸ ਲਾਇਬ੍ਰੇਰੀ**

ਵੈਨਸ ਇਨਫ਼ਾਰਮੇਸ਼ਨ ਸਰਵਿਸਜ, ਮੁੰਬਈ ਦੁਆਰਾ ਪ੍ਰਕਾਸ਼ਿਤ, ਸੀ ਡੀ ਰਾਮ ਉਪਰ, ਪ੍ਰਮੁੱਖ ਪ੍ਰਕਾਸ਼ਨਾਵਾਂ ਦਾ ਪੂਰਾ ਪਾਠ ਸੰਗ੍ਰਹਿ ਦਾ ਡਾਟਾਬੇਸ ਹੈ।

**8.5.2.5.4 ਐਜੁਕੇਸ਼ਨਲ ਰਿਸਰੋਸਜ ਇਨਫਾਰਮੇਨ ਸੈਂਟਰ (ERIC)**

ਵਿਦਿਆ ਦੇ ਖੇਤਰ ਵਿਚ ਯੂ ਐਸ ਵਿਚ ਪ੍ਰਕਾਸ਼ਿਤ ਸਾਮਗਰੀ ਦੇ ਸਾਰ ਅਤੇ ਅਨੁਕ੍ਰਮਣਿਕਾਵਾਂ ਇਸ ਡਾਟਾਬੇਸ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

**8.5.2.5.5 ਕਰੰਟ ਕੰਨਟੈਂਟਸ ਆਨ ਡਿਸਕੇਟ : ਸੋਲ ਐਂਡ ਬਿਹੇਵਰਿਅਲ ਸਾਇੰਸਜ**

ਇਹ ਡਾਟਾਬੇਸ 1999 ਤੋਂ ਫਲਾਪੀਆਂ ਉਪਰ ਪ੍ਰਾਪਤ ਕੀਤਾ ਜਾ ਰਿਹਾ ਹੈ। ਇਹ ਸੀ ਏ ਐਸ ਵਾਸਤੇ ਲਾਭਵੰਦ ਹੈ।

**8.5.2.5.6 ਡਿਜ਼ਰਟੇਸ਼ਨ ਐਬਸਟ੍ਰੈਕਟਸ ਇੰਟਰਨੈਸ਼ਨਲ : ਹਿਊਮੈਨੀਟੀਗ ਐਂਡ ਸੋਸ਼ਲ ਸਾਇੰਸਜ**

ਦੁਨੀਆ ਭਰ ਵਿਚੋਂ ਲਗਭਗ 1000 ਯੂਨੀਵਰਸਿਟੀਆਂ ਵਿਚੋਂ ਪ੍ਰਾਪਤ ਜਾਣਕਾਰੀ ਸ਼ਾਮਲ ਕਰਕੇ ਇਹ ਇਕ ਵਿਆਪਕ ਸ੍ਰੋਤ ਬਣ ਜਾਂਦਾ ਹੈ।

**8.5.2.5.7 ਇਕਾਨਲਿਸਟ : ਇਕਨਾਮਿਕ ਲਿਟਰੇਚਰ**

ਇਹ ਅਮੇਰਿਕਨ ਇਕਨਾਮਿਕ ਐਸੋਸਿਏਸ਼ਨ ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਵਿਚ ਅਰਥ ਸਾਸ਼ਤਰ ਬਾਰੇ ਅੰਤਰਰਾਸ਼ਟਰੀ ਸਾਮਗਰੀ ਸ਼ਾਮਲ ਕੀਤੀ ਜਾਂਦੀ ਹੈ।

**8.5.2.5.8 ਏਮਬੇਸ ਡਰਗਗ਼ ਐਂਡ ਫਾਰਮਾਕੋਲੋਜੀ ਸੀ ਡੀ**

ਇਸ ਵਿਚ ਵਿਸ਼ੇਸ਼ ਕਰਕੇ ਦਵਾਈਆਂ ਅਤੇ ਔਸ਼ਧ-ਪ੍ਰਭਾਵ ਵਿਗਿਆਨ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ।

**8.5.2.5.9 ਇਨਸਾਈਡ ਸਾਇੰਸ**

ਇਹ ਚਲੰਤ ਚੇਤਨਾ ਬਾਰੇ ਡਾਟਾਬੇਸ ਹੈ, ਜਿਸ ਵਿਚ ਵਿਗਿਆਨ ਦੀਆਂ ਸ਼ਾਖਾਵਾਂ ਬਾਰੇ 13,000 ਸਭ ਤੋਂ ਵੱਧ ਉਪਯੋਗੀ ਰਸਾਲੇ ਅਤੇ 4000 ਕਾਨਫਰੰਸ ਕਾਰਵਾਈਆਂ ਦੇ ਵਿਸ਼ਾ=ਵਸਤੂ ਸ਼ਾਮਲ ਕੀਤੇ ਗਏ ਹਨ।

**8.5.2.5.10 ਇਨਸਾਈਡ ਸੋਲ ਸਾਇੰਸ**

ਇਹ ਚਲੰਤ ਚੇਤਨਾ ਡਾਟਾਬੇਸ ਹੈ, ਜਿਸ ਵਿਚ ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਬਾਰੇ ਲਗਭਗ 7000 ਸਭ ਤੋਂ ਵੱਧ ਪ੍ਰਯੋਗ ਹੁੰਦੇ ਰਸਾਲੇ ਅਤੇ 4000 ਕਾਨਫਰੰਸ ਕਾਰਵਾਈਆਂ ਦੇ ਵਿਸ਼ਾ-ਵਸਤੂ ਸ਼ਾਮਲ ਕੀਤੇ ਜਾਂਦੇ ਹਨ।

**8.5.2.5.11 ਸਾਈ ਲਿਟ : ਸਾਇਕਾਲੋਜੀਕਲ ਲਿਟਰੇਚਰ**

ਅਮੇਰੀਕਨ ਸਾਇਕਾਲੋਜੀਕਲ ਐਸੋਸਿਏਸ਼ਨ ਦੁਆਰਾ ਪ੍ਰਕਾਸ਼ਿਤ ਇਸ ਡਾਟਾਬੇਸ ਵਿਚ ਮਨੋਵਿਗਿਆਨ ਅਤੇ ਵਿਵਹਾਰ ਵਿਗਿਆਨ ਨਾਲ ਸੰਬੰਧਿਤ ਪ੍ਰਕਾਸ਼ਨਾਵਾਂ ਬਾਰੇ ਸੂਚਨਾ ਹੈ।

**8.5.2.5.12 ਐਸ ਐਸ ਸੀ ਆਈ : ਸੋਲ ਸਾਇੰਸ ਸਾਇਟੇਨ ਇੰਡੈਕਸ**

ਇਸ ਡਾਟਾਬੇਸ ਵਿਚ ਅਨੇਕ ਵਿਸ਼ਿਆਂ ਬਾਰੇ ਆਈ ਐਸ ਆਈ ਡਾਟਾਬੇਸ ਵਿਚੋਂ ਲਗਭਗ 7000 ਰਸਾਲਿਆਂ ਤੇ ਆਧਾਰਿਤ ਸੂਚਨਾ ਉਪਲਬੱਧ ਕੀਤੀ ਗਈ ਹੈ।

**8.5.2.5.13 ਸੋਸ਼ੋਫਾਈਲ : ਸੋਸ਼ੋਲਾਜੀਕਲ ਐਬਸਟ੍ਰੈਕਟਸ**

ਇਸ ਨੂੰ ਸੋਸ਼ੋਲਾਜੀਕਲ ਐਬਸਟ੍ਰੈਕਟਸ, ਇਨ ਦੁਆਰਾ ਪ੍ਰਕਾਤਿ ਕੀਤਾ ਜਾਂਦਾ ਹੈ, ਅਤੇ ਇਸ ਵਿਚ 2300 ਰਸਾਲਿਆਂ ਅਤੇ ਖੋਜ ਪ੍ਰਬੰਧਾਂ ਦੇ ਸਾਰ ਸ਼ਾਮਿਲ ਕੀਤੇ ਜਾਂਦੇ ਹਨ।

**8.5.2.5.14 ਉਲਰਿਚਜ਼ ਆਨ ਡਿਸਕ : ਇੰਟਰਨੈਸ਼ਨਲ ਪੀਰੀਆਡੀਕਲ ਡਾਇਰੈਕਟਰੀ**

ਇਹ ਡਾਟਾਬੇਸ ਲਗਭਗ 2,60,000 ਰਸਾਲੇ ਅਤੇ ਲੜੀਵਾਰਾਂ ਦੇ ਪੂਰੇ ਹਵਾਲਿਆਂ ਦੀ ਸੂਚਨਾ ਸ਼ਾਮਲ ਕਰਦਾ ਹੈ।

**8.5.2.6 ਸਾਫ਼ਟਵੇਅਰ ਫ਼ਾਰ ਯੂਨੀਵਰਸਿਟੀ ਲਾਇਬ੍ਰੇਰੀਗ (SOUL)**

ਯੂਨੀਵਰਸਿਟੀ ਲਾਇਬ੍ਰੇਰੀਆਂ ਦੇ ਕੰਮ ਕਾਜਾਂ ਦੇ ਸਵੈ-ਚਾਲਨ ਲਈ ਇਕ ਏਕੀਕ੍ਰਿਤ ਸਾਫ਼ਟਵੇਅਰ ਸੋਲ (SOUL) ਵਿਕਸਿਤ ਕੀਤਾ ਗਿਆ ਹੈ। ਯੂਨੀਵਰਸਿਟੀ ਲਾਇਬ੍ਰਰੀਆਂ ਨੇ ਇਸ ਸਾਫ਼ਟਵੇਅਰ ਨੂੰ ਜੀ ਆਇਆ ਕਿਹਾ ਹੈ ਅਤੇ ਲਗਭਗ 15 ਲਾਇਬ੍ਰੇਰੀਆਂ ਨੇ ਕੰਪਿਊਟਰੀਕਰਣ ਦੇ ਮਨੋਰਥ ਲਈ ਇਸ ਦੀ ਵਰਤੋਂ ਕਰ ਰਹੇ ਹਨ। ਇਸ ਸਾਫ਼ਟਵੇਅਰ ਦੀ ਸਥਾਪਤੀ ਲਈ ਇਸ ਦੀ ਮੰਗ ਵਧ ਰਹੀ ਹੈ।

**8.5.2.7ਮਨੁੱਖੀ ਸਾਧਨ ਵਿਕਾਸ**

ਇਨਫਲਿਬਨੈਟ ਲਘੂਕਾਲੀਨ ਅਤੇ ਲੰਬੀ ਅਵਧੀ ਵਾਲੇ ਸਿਖਲਾਈ ਕੋਰਸ ਆਯੋਜਿਤ ਕਰਦਾ ਹੈ, ਵਿਸ਼ੇਸ਼ ਕਰ ਕੰਪਿਊਟਰ ਪ੍ਰਯੋਗ ਤੇ ਕ੍ਰੇਂਦ੍ਰਿਤ, ਯੂਨੀਵਰਸਿਟੀ ਲਾਇਬ੍ਰੇਰੀਆਂ ਵਿਚ ਕੰਮ ਕਰਦੇ ਕਰਮਚਾਰੀਆਂ ਨੂੰ ਕੰਪਿਊਟਰ ਦੇ ਅਮਲ ਲਈ ਤਿਆਰ ਕਰਨ ਲਈ ਵਰਕਸ਼ਾਪਾਂ ਲਗਾਉਣਾ, ਆਦਿ। ਇਸਨੇ ਵਿਕਸਿਤ ਨੈਟਵਰਕਿੰਗ, ਮਾਰਕ 21, ਐਚ ਟੀ ਐਮ ਐਲ, ਵੈਬ ਡਿਗ਼ਾਇਨਿੰਗ ਵਿਧੀਆਂ, ਈ-ਸਿੱਖਿਆ, ਆਦਿ ਬਾਰੇ ਸਿਖਲਾਈ ਕੋਰਸ ਆਯੋਜਿਤ ਕੀਤੇ ਹਨ। ਸੋਲ ਸਾਫ਼ਟਵੇਅਰ ਨੂੰ ਅਮਲ ਵਿਚ ਲਿਆਉਣ ਸੰਬੰਧੀ ਵੀ ਸਿਖਲਾਈ ਪ੍ਰੋਗਰਾਮ ਸੰਚਾਲਿਤ ਕੀਤੇ ਹਨ।

**8.5.2.8 ਸਲਾਹ-ਮਸ਼ਵਰਾ**

ਇਹ ਹੇਠ ਲਿਖੇ ਖੇਤਰਾਂ ਵਿਚ ਸਲਾਹ ਮਸ਼ਵਰਾ ਪ੍ਰਦਾਨ ਕਰਦਾ ਹੈ :

1. ਦਰਸ਼ਨਾਰਥੀਆਂ ਨੂੰ ਤਕਨੀਕੀ ਅਗਵਾਈ ਪ੍ਰਦਾਨ ਕਰਨਾ।
2. ਬਾਹਰਲੇ ਦਰਸ਼ਨਾਰਥੀਆਂ ਨੂੰ ਅਗਵਾਈ ਦੇਣਾ।
3. ਵਿਦਿਆਰਥੀਆਂ ਨੂੰ ਅਗਵਾਈ।
4. ਸਵੈ-ਚਾਲਣ ਵਾਸਤੇ ਮਸ਼ਵਰਾ ਦੇਣਾ।

**8.5.2.9 ਯੂਨੀਵਰਸਿਟੀ ਲਾਇਬ੍ਰੇਰੀਆਂ ਦੀ ਨੈਟਵਰਕਿੰਗ**

ਜਿਨ੍ਹਾਂ ਯੂਨੀਵਰਸਿਟੀ ਲਾਇਬ੍ਰੇਰੀਆਂ ਨੂੰ ਨੈਟਵਰਕਿੰਗ ਪ੍ਰੋਗਰਾਮ ਲਈ ਧਨ ਰਾਸ਼ੀ ਦਿੱਤੀ ਗਈ ਹੈ, ਉਨ੍ਹਾਂ ਨੂੰ ਇਕ ਨੈਟਵਰਕ ਜਿਵੇਂ ERNET/VSNLO/NICNET, ਆਦਿ ਦਾ ਮੈਂਬਰ ਬਣਨ ਲਈ ਕਿਹਾ ਗਿਆ ਹੈ। ਇਕ ਵਾਇਡ ਏਰੀਆ ਨੈਟਵਰਕ UGCNET ਸਥਾਪਤ ਕਰਨ ਦੀ ਵਿਉਂਤ ਹੈ ਜਿਸ ਨਾਲ 170 ਤੋਂ ਵੱਧ ਯੂਨੀਵਰਸਿਟੀਆਂ ਅਤੇ ਹੋਰ ਅਦਾਰੇ ਜੋੜ ਦਿੱਤੇ ਜਾਣਗੇ।

**8.5.2.10 ਨੈਸ਼ਨਲ ਕਨਵੈਨਸ਼ਨਜ਼ (CALIBER)**

ਇਨਫਲਿਬਨੈਟ 1994 ਤੋਂ ਨੈਸ਼ਨਲ ਕਨਵੈਨਸ਼ਨ ਆਨ ਆਟੋਸੇਨ ਆਫ਼ ਲਾਇਬ੍ਰੇਰੀਜ਼ ਇਹ ਹਾਇਰ ਐਜੂਕੇਸ਼ਨ ਐਂਡ ਰਿਸਰਚ ਇਨਸਟੀਟਿਊਟਸ (CALIBER) ਦਾ ਆਯੋਜਨ ਕਰਦਾ ਆ ਰਿਹਾ ਹੈ। ਇਹ ਹਰ ਵਰ੍ਹੇ ਲਾਇਬ੍ਰੇਰੀ ਸਵੈ-ਚਾਲਨ ਨਾਲ ਸੰਬੰਧਿਤ ਵਿਭਿੰਨ ਵਿਸ਼ਿਆਂ ਉਪਰ ਕਨਵੈਨਸ਼ਨ ਆਯੋਜਿਤ ਕਰਦਾ ਹੈ।

**8.5.2.11 ਵਿਸ਼ੇਸ਼ਗਾਂ ਦਾ ਡਾਟਾਬੇਸ**

ਇਨਫਲਿਨੈਟ ਨੇ ਯੂਨੀਵਰਸਿਟੀਆਂ ਅਤੇ ਹੋਰ ਅਕਾਦਮਿਕ ਅਦਾਰਿਆਂ ਵਿਚ ਕੰਮ ਕਰਦੇ ਵਿਸ਼ੇਸ਼ਗਾਂ ਦਾ ਇਕ ਡਾਟਾਬੇਸ ਸਿਰਜਿਆ ਹੈ। ਇਸ ਵਿਚ ਉਨ੍ਹਾਂ ਦੇ ਕੰਮ ਬਾਰੇ ਪੂਰੀ ਜਾਣਕਾਰੀ, ਪ੍ਰਕਾਸ਼ਿਤ ਲੇਖ, ਪ੍ਰਕਾਸ਼ਿਤ ਪੁਸਤਕਾਂ, ਕਾਨਫਰੰਸਾਂ, ਸੈਮੀਨਾਰ, ਆਦਿ ਬਾਰੇ ਸੂਚਨਾ ਸ਼ਾਮਿਲ ਕੀਤੀ ਗਈ ਹੈ।

**8.5.2.12 ਇਨਫਲਿਬਨੈਟ ਡਾਟਾਬੇਸਿਸ ਨੂੰ ਪਹੁੰਚ**

ਇਸ ਨੇ ਅਨੇਕ ਡਾਟਾਬੇਸਿਸ, ਜਿਵੇਂ ਪੁਸਤਕਾਂ ਦਾ, ਲੜੀਵਾਰਾਂ ਦਾ, ਖੋਜ ਪ੍ਰਬੰਧਾਂ ਦਾ, ਵਿਸ਼ੇਸ਼ਗਾਂ ਦਾ, ਸਿਰਜੇ ਹਨ ਜੋ CDS/ISIS UNIX Version ਵਿਚ ਹਨ। ਇਸ ਸਮੇਂ ਇਸ ਦੀ ਦੋ ਤਰੀਕਿਆਂ ਨਾਲ ਖੋਜ ਕੀਤੀ ਜਾ ਸਕਦੀ ਹੈ। ਇਕ ਹੈ ਆਫ਼ ਲਾਈਨ, ਉਦਾਹਰਣ ਵਜੋਂ, ਈ-ਮੇਲ ਰਾਹੀਂ ਖੋਜ ਅਤੇ ਪ੍ਰਾਪਤੀ; ਅਤੇ ਦੂਸਰਾ ਹੈ ਆਨਲਾਈਨ ਜੋ ਇਨਫਲਿਬਨੈਟ ਦੇ ਕੰਪਿਊਟਰ ਸਿਸਟਮ ਨੂੰ ਸਿੱਧਾ ਕੀਤਾ ਜਾ ਸਕਦਾ ਹੈ।

**8.5.2.13 ਸਾਧਨਾਂ ਦੀ ਸਾਂਝ ਦੇ ਭਾਵ-ਅਰਥ**

ਇਹ ਕੁਝ ਇਸ ਪ੍ਰਕਾਰ ਹਨ :

**8.5.2.13.1 ਚੇਤਨਾ ਪੈਦਾ ਕਰਨਾ**

ਲਾਇਬ੍ਰੇਰੀ ਸਾਧਨਾਂ ਸੰਬੰਧੀ ਸਾਂਝ ਪੈਦਾ ਕਰਨ ਲਈ ਇਨਫਲਿਬਨੈਟ ਨੇ ਲਾਇਬ੍ਰੇਰੀਆਂ; ਸੂਚਨਾ ਵਿਗਿਆਨੀਆਂ, ਵਿਦਵਾਨਾਂ, ਅਧਿਆਪਕਾਂ, ਆਦਿ ਨਾਲ ਵਿਭਿੰਨ ਖੇਤਰੀ ਅਤੇ ਰਾਸ਼ਟਰੀ ਬੈਠਕਾਂ ਕੀਤੀਆਂ ਹਨ। ਇਸ ਪ੍ਰਕਾਰ ਇਨਫਲਿਬਨੈਟ ਨੇ ਲਾਇਬ੍ਰੇਰੀ ਸਾਧਨਾਂ ਦੀ ਸਾਂਝ ਸੰਬੰਧੀ ਚੇਤਨਾ ਪੈਦਾ ਕੀਤੀ ਹੈ।

**8.5.2.13.2 ਮੈਟਰੋਪੋਲੀਟਨ ਨੈਟਵਰਕਸ**

ਇਨਫਲਿਬਨੈਟ ਨੇ ਅਜਿਹੇ ਮੈਟਰੋਪੋਲੀਟਨ ਨੈਟਵਰਕਸ ਜਿਵੇਂ ਡੈਲਨੈਟ, ਕੈਲਿਬਨੈਟ, ਮੈਲਿਬਨੈਟ, ਬੋਨੈਟ, ਆਦਿ ਨਾਲ ਸਹਿਯੋਗ ਸਥਾਪਤ ਕੀਤਾ ਹੈ।

**8.5.2.13.3 ਅਦਾਰਿਆਂ ਦੇ ਨੈਟਵਰਕ**

ਕੁਝ ਅਦਾਰਿਆਂ ਨੇ ਸਾਧਨਾਂ ਦੀ ਸਾਂਝ ਵਾਸਤੇ ਆਪਣੇ ਨੈਟਵਰਕ ਵਿਕਸਤ ਕੀਤੇ ਹਨ। ਇਨ੍ਹਾਂ ਵਿਚ ਸੀ ਐਸ ਆਈ ਆਰ ਨੈਟਵਰਕ, ਆਈ ਆਈ ਟੀ ਲਾਇਬ੍ਰੇਰੀ ਨੈਟਵਰਕ, ਡੀ ਆਰ ਡੀ ਓ ਲਾਇਬ੍ਰੇਰੀ ਨੈਟਵਰਕ ਆਦਿ ਸ਼ਾਮਿਲ ਹਨ, ਅਤੇ ਇਨ੍ਹਾਂ ਨੂੰ ਇਨਫਲਿਬਨੈਟ ਨਾਲ ਜੋੜਿਆ ਗਿਆ ਹੈ।

**8.5.2.13.4 ਲਾਇਬ੍ਰੇਰੀ ਸਵੈਚਾਲਣ ਦੀ ਗਤੀ ਵਧਾਉਣਾ**

ਸਾਧਨਾਂ ਦੀ ਸਾਂਝ ਦੇ ਉਪਯੋਗ ਮਹਿਸੂਸ ਕਰਦੇ ਹੋਏ, ਯੂਨੀਵਰਸਿਟੀ ਅਤੇ ਅਕਾਦਮਿਕ ਅਦਾਰੇ ਆਪਣੀਆਂ ਲਾਇਬ੍ਰੇਰੀ ਸੇਵਾਵਾਂ ਦਾ ਕੰਪਿਊਟਰੀਕਰਣ ਕਰ ਰਹੀਆਂ ਹਨ।

**8.5.2.14 ਸੂਚਨਾ ਕੇਂਦਰ-ਬਿੰਦੂ**

ਭਵਿੱਖ ਲਈ ਹੇਠ ਲਿਖੇ ਕੇਂਦਰ-ਬਿੰਦੂ (Nodes) ਸਥਾਪਤ ਕੀਤੇ ਜਾਣੇ ਹਨ :

1. ਕਾਲਜ/ਵਿਭਾਗੀ ਲਾਇਬ੍ਰੇਰੀਆਂ
2. ਯੂਨੀਵਰਸਿਟੀ ਲਾਇਬ੍ਰੇਰੀਆਂ
3. ਪ੍ਰਲੇਖ ਸਾਧਨ ਕੇਂਦਰ
4. ਸੈਕਟਰ ਸੂਚਨਾ ਕੇਂਦਰ
5. ਖੇਤਰੀ ਕੇਂਦਰ
6. ਰਾਸ਼ਟਰੀ ਕੇਂਦਰ

**8.5.2.15 ਇਨਫਲਿਬਨੈਟ ਦੀ ਪ੍ਰਕਾਸ਼ਨਾਵਾਂ :**

1. ਕਰੰਟ ਐਨੂਯਲ ਰਿਪੋਰਟ (ਅਪ੍ਰੈਲ 1–ਮਾਰਚ 31, 2013)
2. ਕਰੰਟ ਨਿਊਟਲੈਟਰ Vol. 22, No.1, Jan-March, 2015

ਹੋਰ ਜਾਣਕਾਰੀ ਲਈ ਇਨਫਲਿਬਨੈਟ ਦੀ Website ਵੇਖੋ : www.inflibnet.ac.in

### 8.5.3 ਡਿਵੈਲਪਿੰਗ ਲਾਇਬ੍ਰੇਰੀ ਨੈਟਵਰਕ (Developing Library Networks (DELNET) :

#### 8.5.3.1 ਸਥਾਪਨਾ (Establishment)

ਅੱਜਕਲ੍ਹ ਸਾਧਨਾਂ ਦੀ ਸਾਂਝ ਬਹੁਤ ਮਹਤੱਵਪੂਰਣ ਹੁੰਦੀ ਜਾ ਰਹੀ ਹੈ, ਅਤੇ ਸਾਧਨਾਂ ਲਈ ਲਾਇਬ੍ਰੇਰੀਆਂ ਦੀ ਆਪਸੀ ਨਿਰਭਰਤਾ ਵਧਦੀ ਜਾ ਰਹੀ ਹੈ। ਲਾਇਬ੍ਰੇਰੀਆਂ ਵਿਚ ਕੰਪਿਊਟਰ ਦੇ ਪ੍ਰਯੋਗ ਹੋਣ ਨਾਲ ਇਨ੍ਹਾਂ ਨੇ ਨੈਟਵਰਕ ਰਾਹੀਂ ਸਾਧਨਾਂ ਦੀ ਸਾਂਝ ਲਈ ਸਹਿਮਤੀ ਪੈਦਾ ਕਰ ਲਈ। ਲਾਇਬ੍ਰੇਰੀਅਨਾਂ ਅਤੇ ਵਿਦਵਾਨਾਂ ਵਿਚ ਇਕ ਬੈਠਕ 1988 ਵਿਚ ਹੋਈ, ਅਤੇ ਦਿੱਲੀ ਲਾਇਬ੍ਰੇਰੀਆਂ ਦੀ ਨੈਟਵਰਕਿੰਗ ਲਈ ਇਕ ਕਮੇਟੀ ਬਣਾ ਕੇ ਲੋੜੀਂਦੇ ਮੁਢਲੇ ਸਾਜ਼–ਸਾਮਾਨ ਨੂੰ ਅੰਤਿਮ ਰੂਪ ਦੇ ਦਿੱਤਾ। ਇਸ ਪ੍ਰਕਾਰ 18 ਲਾਇਬ੍ਰੇਰੀਆਂ ਨਾਲ 1991 ਵਿਚ ਡੈਲਨੈਟ (ਦਿੱਲੀ ਲਾਇਬ੍ਰੇਰੀ ਨੈਟਵਰਕ) ਹੋਂਦ ਵਿਚ ਆਇਆ। ਇਸ ਨੂੰ 1992 ਤਕ ਨਿਸਾੱਤ ਦਾ ਸਹਿਯੋਗ ਰਿਹਾ, ਫਿਰ ਇਹ ਰਜਿਸਟਰਡ ਸੋਸਾਇਟੀ ਬਣ ਗਈ।

ਸਤੰਬਰ 2000 ਤੋ ਇਸ ਦਾ ਨਾਮ ਡਿਵੈਲਪਿੰਗ ਲਾਇਬ੍ਰੇਰੀ ਨੈਟਵਰਕ (DELNET) ਕਰ ਦਿੱਤਾ ਗਿਆ ਹੈ ਕਿਉਂਕਿ ਇਸ ਦਾ ਕਾਰਜ ਖੇਤਰ ਦਿੱਲੀ ਤੋਂ ਅੱਗੇ ਨਿਕਲ ਗਿਆ ਹੈ। ਜੁਲਾਈ 2019 ਤੱਕ 6715 ਅਦਾਰਾ ਲਾਇਬ੍ਰੇਰੀਆਂ ਮੈਂਬਰ ਹਨ ਜਿਨ੍ਹਾਂ ਵਿਚੋਂ 22 ਦੇਸ਼ ਤੋਂ ਬਾਹਰ ਹਨ ਅਤੇ 286 ਦਿੱਲੀ ਦੀਆਂ ਲਾਇਬ੍ਰੇਰੀਆ ਦੇ 6407 ਦਿੱਲੀ ਤੋਂ ਬਾਹਰ ਦੀਆਂ ਹਨ। ਸੈਸ਼ਨ 2018–20 ਤੱਕ ਇਸ ਦੇ ਪ੍ਰੈਜੀਡੈਂਟ ਡਾ. ਜੈ ਕੁਮਾਰ ਹਨ ਅਤੇ ਡਾਇਰੈਕਟਰ ਐਚ. ਕੇ ਕੋਲ (Kaul) ਹਨ।

#### 8.5.3.2 ਉਦੇਸ਼ (Objectives)

1. ਲਾਇਬ੍ਰੇਰੀਆਂ ਵਿਚ ਕੰਪਿਊਟਰ ਨੈਟਵਰਕਿੰਗ ਰਾਹੀਂ ਸਾਧਨਾਂ ਦੀ ਸਾਂਝ ਵਧਾਉਣਾ ਅਤੇ ਖੋਜੀਆਂ ਅਤੇ ਹੋਰ ਵਰਤੋਂਕਾਰਾਂ ਨੂੰ ਸਾਧਨਾਂ ਦੇ ਆਦਰਸ਼ਕ ਉਪਯੋਗ ਲਈ ਸਹੂਲਤਾਂ ਦੇਣਾ।
2. ਹਿੱਸੇਦਾਰ ਲਾਇਬ੍ਰੇਰੀਆਂ ਨੂੰ ਪ੍ਰਲੇਖ ਸੂਚੀਕਰਣ ਵਿਚ ਮਦਦ ਕਰਨਾ।
3. ਬੇਲੋੜੀਂਦੇ ਦੁਹਰਾਉਣ ਤੋਂ ਬਚਣਾ, ਵਿਦੇਸ਼ੀ ਮੁਦਰਾ ਦੇ ਖਰਚ ਵਿਚ ਕਟੌਤੀ ਕਰਨਾ ਅਤੇ ਢੁਕਵੇਂ ਸੰਗ੍ਰਹਿ ਵਿਕਾਸ ਲਈ ਤਾਲਮੇਲ ਪੈਦਾ ਕਰਨਾ।
4. ਸੂਚੀ ਦੀ ਖੋਜ ਵਿਚ ਮੱਦਦ ਕਰਨ ਅਤੇ ਨਿਯੰਤਰਣ ਕਰਨ ਲਈ ਇਕ ਰੈਫਰੈਲ ਕੇਂਦਰ ਸਥਾਪਤ ਕਰਨਾ ਅਤੇ ਸਾਰੇ ਮੈਂਬਰ ਲਾਇਬ੍ਰੇਰੀਆਂ ਦੀਆਂ ਪੁਸਤਕਾਂ, ਲੜੀਵਾਰਾਂ ਅਤੇ ਗੈਰ–ਪੁਸਤਕ ਸਾਮਗਰੀ ਦੀ ਆਨਲਾਈਨ ਸੰਘ ਸੂਚੀ ਬਣਾ ਕੇ ਰੱਖਣਾ।
5. ਖੋਜਾਰਥੀਆਂ ਅਤੇ ਵਿਦਵਾਨਾਂ ਨੂੰ ਲੋੜੀਂਦੀ ਸੂਚਨਾ ਤੱਕ ਪਹੁੰਚ ਵਿਚ ਸਹਾਇਤਾ ਕਰਨਾ।
6. ਲਾਇਬ੍ਰੇਰੀ ਸੰਗ੍ਰਹਿ, ਵਿਸ਼ੇਸ਼ ਕਰ ਰਸਾਲਿਆਂ, ਉਪਰ ਖਰਚ ਘਟਾਉਣਾ ਅਤੇ ਸਾਂਝ ਰਾਹੀਂ ਉਨ੍ਹਾਂ ਦੀ ਢੁੱਕਵੀਂ ਵਰਤੋਂ ਕਰਨਾ।
7. ਪੁਸਤਕ ਸਾਹਿਤ ਦੇ ਸਥਾਨ–ਨਿਰਧਾਰਨ ਵਿਚ ਮਦਦ ਕਰਨਾ ਕਿਉਂਕਿ ਆਪ ਜਾ ਕੇ ਲੱਭਣਾ ਬਹੁਤ ਮੁਸ਼ਕਿਲ ਹੋ ਗਿਆ ਹੈ।
8. ਹੱਥੀਂ ਜਾਂ ਮਕਾਨਕੀ ਢੰਗ ਨਾਲ ਪ੍ਰਲੇਖ ਸਪੁਰਦਗੀ ਨੂੰ ਉਤਸ਼ਾਹਿਤ ਕਰਨਾ।
9. ਸੂਚਨਾ ਦੇ ਸੰਚਾਰਣ ਅਤੇ ਈ–ਮੇਲ ਭੇਜਣ ਵਾਸਤੇ ਮਕਾਨਕੀ ਸਾਜ਼ੋ–ਸਾਮਾਨ ਰੱਖਣਾ ਅਤੇ ਉਸਦੀ ਦੇਖਭਾਲ ਕਰਨਾ।

10. ਲਾਇਬ੍ਰੇਰੀਆਂ ਦੀ ਵਰਤੋਂ ਲਈ ਦੂਸਰੇ ਖੇਤਰੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੈਟਵਰਕਾਂ ਰਾਹੀਂ ਸੂਚਨਾ ਦੇ ਆਪਸੀ ਵਟਾਂਦਰੇ ਵਿਚ ਤਾਲਮੇਲ ਕਰਨਾ।

**8.5.3.3 ਸੇਵਾਵਾਂ**

**8.5.3.3.1 ਆਈ ਐਲ ਐਲ ਆਨਲਾਈਨ**

ਡੈਲਨੈਟ ਦੇ ਮੈਂਬਰ ਆਪਣੀਆਂ ਅੰਤਰਲਾਇਬ੍ਰੇਰੀਆਂ ਉਧਾਰ ਲਈ ਬੇਨਤੀਆਂ ਆਈ ਐਲ ਐਲ ਆਨਲਾਈਨ ਸਹੂਲਤ ਰਾਹੀਂ ਭੇਜ ਸਕਦੇ ਹਨ ਜੋ ਕਿ ਪੁਸਤਕਾਂ ਦੀ ਸੰਘ ਸੂਚੀ ਡਾਟਾਬੇਸ ਉਪਰ ਉਪਲਬੱਧ ਹੈ।

**8.5.3.3.2 ਰੈਫ਼ਰਲ ਸੇਵਾਵਾਂ**

ਡੈਲਨੈਟ ਵਿਖੇ ਇਕ ਰੈਫ਼ਰਲ ਕੇਂਦਰ ਹੈ ਜੋ ਭਾਗੀਦਾਰ ਲਾਇਬ੍ਰੇਰੀਆਂ ਨੂੰ ਰੈਫ਼ਰਲ ਸੇਵਾ ਪ੍ਰਦਾਨ ਕਰਦਾ ਹੈ। ਇਹ ਕੇਂਦਰ ਕੇਂਦਰੀ ਡਾਟਾਬੇਸਿਸ ਅਤੇ ਅੰਤਰਰਾਸ਼ਟਰੀ ਡਾਟਾਬੇਸਿਸ ਤਕ ਪਹੁੰਚ ਦਾ ਵੀ ਧਿਆਨ ਕਰਦਾ ਹੈ।

**8.5.3.3.3 ਪ੍ਰਲੇਖ ਸਪੁਰਦਗੀ ਸੇਵਾਵਾਂ**

ਆਪਣੇ ਵਰਤੋਂਕਾਰਾਂ ਨੂੰ ਡੈਲਨੈਟ ਪ੍ਰਲੇਖ ਸਪੁਰਦਗੀ ਸੇਵਾਵਾਂ (Document Delivery Services) ਪ੍ਰਦਾਨ ਕਰਦਾ ਹੈ। ਇਹ ਸੇਵਾਵਾਂ ਬਹੁਤ ਲੋਕਪ੍ਰਿਯ ਹਨ।

**8.5.3.3.4 ਰੈਟਰੋ-ਕਨਵਰਸ਼ਨ**

ਮਾਰਕ ਰਿਕਾਰਡਾਂ ਦੀ ਸਿਰਜਣਾ ਕਰਨ ਵਾਸਤੇ ਇਹ ਲਾਇਬ੍ਰੇਰੀਆਂ ਨੂੰ ਪਿਛਲੇ-ਪਰਿਵਰਤਨ ਦੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ।

**8.5.3.3.5 ਗ੍ਰੰਥਾਤਮਕ ਡਾਟਾਬੇਸਿਸ ਦੀ ਸਿਰਜਣਾ ਅਤੇ ਦੇਖਭਾਲ**

ਭਾਗੀਦਾਰ ਲਾਇਬ੍ਰੇਰੀਆਂ ਨੂੰ ਗ੍ਰੰਥਾਤਮਕ ਡਾਟਾਬੇਸਿਸ ਦੀ ਸਿਰਜਣਾ ਲਈ ਡੈਲਨੈਟ ਸਹਾਇਤਾ ਕਰਦਾ ਹੈ। ਨੈਟਵਰਕਿੰਗ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਲਾਇਬ੍ਰੇਰੀਆਂ ਨੂੰ ਮਸ਼ੀਨੀ ਰੂਪ ਵਿਚ ਪ੍ਰਮਾਣਿਕ ਗ੍ਰੰਥਾਤਮਕ ਡਾਟਾ ਉਪਲਬੱਧ ਕੀਤਾ ਜਾਣਾ ਚਾਹੀਦਾ ਹੈ।

**8.5.3.3.6 ਈ-ਮੇਲ**

ਮੈਂਬਰ ਲਾਇਬ੍ਰੇਰੀਆਂ ਨੂੰ ਨੈਸ਼ਨਲ ਇਨਫਾਰਮੈਟਿਕਸ ਸੈਂਟਰ ਰਾਹੀਂ ਸ਼ੁਰੂ ਕੀਤੀ ਗਈ ਈ-ਮੇਲ ਸਹੂਲਤ ਪ੍ਰਦਾਨ ਕਰਦਾ ਹੈ। ਇਸ ਨਾਲ ਉਨ੍ਹਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਈ-ਮੇਲ ਵਰਤੋਂਕਾਰਾਂ ਅਤੇ ਇੰਟਰਨੈਟ ਵਰਤੋਂਕਾਰਾਂ ਤਕ ਪਹੁੰਚ ਉਪਲਬੱਧ ਹੁੰਦੀ ਹੈ।

**8.5.3.3.7 ਕਰੰਟ ਅਵੇਅਰਨੈਸ ਅਤੇ ਐਸ ਡੀ ਆਈ ਸੇਵਾਵਾਂ**

ਡੈਲਨੈਟ ਆਪਣੇ ਵਰਤੋਂਕਾਰਾਂ ਨੂੰ ਨਿਊਜ਼ ਲੈਟਰ ਅਤੇ ਹੋਰ ਸਾਧਨਾਂ ਰਾਹੀਂ ਸੀ ਏ ਐਸ ਅਤੇ ਐਸ ਡੀ ਆਈ ਸੇਵਾਵਾਂ ਪ੍ਰਦਾਨ ਕਰਦਾ ਹੈ।

**8.5.3.3.8 ਸਿਖਲਾਈ ਪ੍ਰੋਗਰਾਮ**

ਅਜਿਹੇ ਵਿਸ਼ੇਸ਼, ਜਿਵੇਂ ਵੈਬ ਪੇਜ ਡਿਜ਼ਾਇਨਿੰਗ, ਇੰਟਰਨੈਟ ਸਰਚਿੰਗ ਸਟਰੈਟੇਜਿਜ਼, ਲਾਇਬ੍ਰੇਰੀ ਰਿਸੋਰਸਿਜ਼ ਆਨ ਇੰਟਰਨੈਟ, ਸੀ ਡੀ ਰਾਮ ਨੈਟਵਰਕਿੰਗ, ਆਦਿ ਉਪਰ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਦਾ ਹੈ।

**8.5.3.3.9 ਲੈਕਚਰ ਅਤੇ ਵਰਕਸ਼ਾਪ**

ਮੈਂਬਰਾਂ ਦੇ ਉਪਯੋਗ ਲਈ ਵਿਸ਼ਵ ਪ੍ਰਸਿੱਧ ਨੈਟਵਰਕਿੰਗ ਵਿਸ਼ੇਸ਼ਗ ਬੁਲਾ ਕੇ ਲੈਕਚਰ ਆਯੋਜਿਤ ਕੀਤੇ ਜਾਂਦੇ ਹਨ। ਡੈਲਨੈਟ ਸਮੇਂ ਸਮੇਂ ਸਿਰ ਲਾਇਬ੍ਰੇਰੀ ਨੈਟਵਰਕਿੰਗ ਬਾਰੇ ਵਰਕਸ਼ਾਪ ਵੀ ਆਯੋਜਿਤ ਕਰਦਾ ਰਹਿੰਦਾ ਹੈ।

**8.5.3.4 ਡਾਟਾਬੇਸਿਸ**

ਹਰੇਕ ਮੈਂਬਰ ਲਾਇਬ੍ਰੇਰੀ ਵਿਚ ਵਰਤੋਂਕਾਰਾਂ ਨੂੰ ਕੁਲ ਸੇਵਾਵਾਂ ਪ੍ਰਦਾਨ ਕਰਨ ਲਈ ਡੈਲਨੈਟ ਨੇ ਹੇਠ ਲਿਖੇ ਡਾਟਾਬੇਸਿਸ ਦੀ ਸਿਰਜਣਾ ਕੀਤੀ ਹੈ।

**8.5.3.4.1 ਯੂਨੀਅਨ ਕੈਟਾਲਾਗ ਆਫ਼ ਬੁਕਸ : ਸੀ ਸੀ ਐਫ**

ਡੈਲਨੈਟ ਨੇ ਮੈਂਬਰ ਲਾਇਬ੍ਰੇਰੀਆਂ ਵਿਚ ਉਪਲਬੱਧ ਪੁਸਤਕਾਂ ਦੀ ਇਕ ਆਨਲਾਈਨ ਸੰਘ ਸੂਚੀ ਤਿਆਰ ਕੀਤੀ ਹੈ। ਇਸ ਨੂੰ ਬਕਾਇਦਾ ਮਿਤੀਅੰਤ ਕੀਤਾ ਜਾਂਦਾ ਹੈ ਅਤੇ ਇਸਦਾ ਆਕਾਰ ਵਧਦਾ ਜਾਂਦਾ ਹੈ। ਇਸ ਤਕ ਲੇਖਕ, ਸਿਰਲੇਖ, ਵਿਸ਼ਾ, ਕਾਨਫਰੰਸ, ਲੜੀ, ਆਦਿ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। ਇਸ ਵਿਚ 2,66,61,564 ਤੋਂ ਵੱਧ ਗ੍ਰੰਥਾਤਮਕ ਰਿਕਾਰਡ ਹਨ।

**8.5.3.4.2 ਯੂਨੀਅਨ ਕੈਟਾਲਾਗ ਆਫ਼ ਬੁਕਸ : ਮਾਰਕ ਫਾਰਮੈਟ**

ਮਾਰਕ ਦੀ ਅੰਤਰਰਾਟਰੀ ਵਰਤੋਂ ਨੂੰ ਧਿਆਨ ਵਿਚ ਰੱਖ ਕੇ ਡੈਲਨੈਟ ਨੇ ਪੁਸਤਕਾਂ ਦੀ ਇਕ ਵੱਖਰੀ ਸੰਘ ਸੂਚੀ ਦਾ ਡਾਟਾਬੇਸ ਤਿਆਰ ਕੀਤਾ ਹੈ ਜੋ ਕੇਵਲ ਮਾਰਕ ਰਿਕਾਰਡਾਂ ਵਾਸਤੇ ਹੈ।

**8.5.3.4.3 ਯੂਨੀਅਨ ਲਿਸਟ ਆਫ਼ ਕਰੰਟ ਪੀਰੀਆਡੀਕਲਜ਼**

ਇਸਨੇ ਵਿਗਿਆਨ ਅਤੇ ਤਕਨਾਲੋਜੀ, ਸਮਾਜ ਵਿਗਿਆਨ, ਅਤੇ ਮਾਨਵ ਵਿਗਿਆਨ ਦੇ ਚਲੰਤ ਰਸਾਲਿਆਂ ਦੀ ਇਕ ਸੰਘ ਸੂਚੀ ਤਿਆਰ ਕੀਤੀ ਹੈ। ਇਹ ਡਾਟਾਬੇਸ ਲਗਭਗ 37,847 ਰਿਕਾਰਡਾਂ ਸਮੇਤ ਡੈਲਨੈਟ ਦੇ ਵਰਤੋਂਕਾਰਾਂ ਲਈ ਆਨਲਾਈਨ ਉਪਲਬੱਧ ਹੈ।

**8.5.3.4.4 ਯੂਨੀਅਨ ਕੈਟਾਲਾਗ ਆਫ਼ ਪੀਰੀਆਡੀਕਲਜ਼**

ਡੈਲਨੈਟ ਨੇ ਲਾਇਬ੍ਰੇਰੀਆਂ ਦੇ ਪੂਰੇ ਰਸਾਲਾ ਸੰਗ੍ਰਹਿ ਦੀ ਇਕ ਸੰਘ ਸੂਚੀ ਦਾ ਡਾਟਾਬੇਸ ਤਿਆਰ ਕੀਤਾ ਹੈ।ਜਿਸ ਵਿੱਚ ਹੁਣ ਤੱਕ 20,235 ਰਸਾਲਿਆਂ ਦਾ ਰਿਕਾਰਡ ਬਣ ਚੁੱਕਾ ਹੈ।

**8.5.3.4.5 ਡਾਟਾਬੇਸ ਆਫ਼ ਪੀਰੀਆਡੀਕਲ ਆਰਟੀਕਲਜ਼**

ਇਸ ਡਾਟਾਬੇਸ ਵਿਚ ਰਸਾਲਾ ਲੇਖਾਂ ਦੀ ਖੋਜ ਕਰਨ ਵਾਸਤੇ ਲੇਖਕ, ਸਿਰਲੇਖ, ਵਿਸ਼ਾ, ਰਸਾਲੇ ਦਾ ਨਾਮ, ਆਦਿ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ। ਇਸ ਡਾਟਾਬੇਸ ਵਿਚ 9,84,809 ਰਿਕਾਰਡ ਹਨ ਜਿਨ੍ਹਾਂ ਦੀ ਖੂਬ ਵਰਤੋਂ ਕੀਤੀ ਜਾਂਦੀ ਹੈ।

**8.5.3.4.6 ਵਿਸ਼ੇਸ਼ਗ ਡਾਟਾਬੇਸ**

ਲਗਭਗ 2000 ਭਾਰਤੀ ਵਿਸ਼ੇਸ਼ਗਾਂ ਦਾ ਇਕ ਡਾਟਾਬੇਸ ਤਿਆਰ ਕਰਕੇ ਮੈਂਬਰ ਲਾਇਬ੍ਰੇਰੀਆਂ ਨੂੰ ਆਨਲਾਈਨ ਉਪਲਬੱਧ ਕੀਤਾ ਗਿਆ ਹੈ। ਇਸ ਵਿਚ ਦੇ ਦੇ ਉੱਘੇ ਵਿਗਿਆਨੀਆਂ, ਲੇਖਕਾਂ, ਸਿੱਖਿਆ ਮਾਹਿਰਾਂ ਬਾਰੇ ਪੂਰੀ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

**8.5.3.4.7 ਸੀ ਡੀ-ਰਾਮ ਡਾਟਾਬੇਸ**

ਮੈਂਬਰ ਲਾਇਬ੍ਰੇਰੀਆਂ ਵਿਚ ਉਪਲਬੱਧ ਸੀ ਡੀ-ਰਾਮ ਦਾ ਹੁਣੇ ਹੁਣੇ ਇਕ ਡਾਟਾਬੇਸ ਤਿਆਰ ਕੀਤਾ ਗਿਆ ਹੈ ਜਿਸ ਵਿਚ 22,234 ਰਿਕਾਰਡ ਹਨ ਜੋ ਆਨਲਾਇਨ ਉਪਲਬੱਧ ਹਨ।

**8.5.3.4.8 ਯੂਨੀਅਨ ਲਿਸਟ ਆਫ਼ ਵਿਡਿਓ ਰਿਕਾਰਡਿੰਗਜ਼**

ਡੈਲਨੈਟ ਦੀਆਂ ਮੈਂਬਰ ਲਾਇਬ੍ਰੇਰੀਆਂ ਵਿਚ ਉਪਲਬੱਧ ਵਿਡਿਉ ਕੈਸੇਟ ਦਾ ਡਾਟਾਬੇਸ ਤਿਆਰ ਕੀਤਾ ਹੈ ਜਿਸ ਵਿਚ ਲਗਭਗ 6000 ਇੰਦਰਾਜ਼ ਸ਼ਾਮਲ ਹਨ।

**8.5.3.4.9 ਯੂਨੀਅਨ ਲਿਸਟ ਆਫ਼ ਸਾਉਂਡ ਰਿਕਾਰਡਿੰਗਜ਼**

ਮੈਂਬਰ ਲਾਇਬ੍ਰੇਰੀਆਂ ਵਿਚ ਉਪਲਬੱਧ ਆਡਿਓ ਕੈਸੇਟ ਦਾ ਇਹ ਡਾਟਾਬੇਸ ਤਿਆਰ ਕੀਤਾ ਗਿਆ ਹੈ।ਜਿਸ ਵਿੱਚ ਹੁਣ ਤੱਕ 1025 ਰਿਕਾਰਡ ਉਪਲੱਬਧ ਹਨ।

**8.5.3.4.10 ਯੂਨੀਅਨ ਲਿਸਟ ਆਫ਼ ਨਿਊਜ਼ਪੇਪਰਜ਼**

ਦਿੱਲੀ ਦੀਆਂ ਲਾਇਬ੍ਰੇਰੀਆਂ ਵਿਚ ਉਪਲਬੱਧ 70 ਅਖਬਾਰਾਂ ਦਾ ਇਹ ਡਾਟਾਬੇਸ ਡੈਲਨੈਟ ਨੇ ਤਿਆਰ ਕੀਤਾ ਹੈ। ਇਸ ਵਿਚ ਅਜਿਹੀ ਸੂਚਨਾ ਜਿਵੇਂ ਅਖਬਾਰ ਦਾ ਨਾਮ, ਸੰਪਾਦਕ, ਪ੍ਰਕਾਸ਼ਨ ਰੂਮ, ਈ-ਮੇਲ ਸਿਰਨਾਵਾਂ, ਵੈਬ ਐਡਰੈਸ, ਆਦਿ ਸ਼ਾਮਲ ਕੀਤੀ ਗਈ ਹੈ।

**8.5.3.4.11 ਯੂਨੀਅਨ ਲਿਸਟ ਆਫ਼ ਸੀਰੀਅਲਜ਼ ਇਨ ਮੈਨੇਜਮੈਂਟ ਲਾਇਬ੍ਰੇਰੀਜ਼**

ਮੈਨੇਜਮੈਂਟ ਲਾਇਬ੍ਰੇਰੀਆਂ ਵਿਚ ਉਪਲਬੱਧ ਲਗਭਗ 800 ਰਸਾਲਿਆਂ ਦਾ ਡਾਟਾਬੇਸ ਡੈਲਨੈਟ ਨੇ ਤਿਆਰ ਕੀਤਾ ਹੈ।

**8.5.3.4.12 ਯੂਨੀਅਨ ਕੈਟਾਲਾਗ ਆਫ਼ ਹਿੰਦੀ ਬੁਕਸ**

ਡੈਲਨੈਟ ਨੇ ਹਿੰਦੀ ਦੀਆਂ ਪੁਸਤਕਾਂ ਨੇ ਇਸ ਡਾਟਾਬੇਸ ਵਿਚ ਲਗਭਗ 3000 ਇੰਦਰਾਜ਼ ਸ਼ਾਮਲ ਕੀਤੇ ਗਏ ਹਨ।

**8.5.3.4.13 ਡਾਟਾਬੇਸ ਆਫ਼ ਲੈਂਗੁਏਜ਼ ਪਬਲੀਕੇਸ਼ਨਜ਼**

ਡੈਲਨੈਟ ਨੇ ਵਿਭਿੰਨ ਭਾਰਤੀ ਭਾਸ਼ਾਵਾਂ ਅਤੇ ਕੁਝ ਵਿਦੇਸ਼ੀ ਭਾਸ਼ਾਵਾਂ ਦੀਆਂ ਪ੍ਰਕਾਸ਼ਨਾਵਾਂ ਦਾ ਇਕ ਨਮੂਨੇ ਵਜੋਂ ਡਾਟਾਬੇਸ ਤਿਆਰ ਕੀਤਾ ਹੈ। ਮੈਂਬਰ ਲਾਇਬ੍ਰੇਰੀਆਂ ਲਈ ਇਹ ਸੇਧ ਪ੍ਰਦਾਨ ਕਰਨ ਵਾਲਾ ਹੋਵੇਗਾ ਤਾਂ ਜੋ ਉਹ ਆਪਣੇ ਡਾਟਾਬੇਸ ਤਿਆਰ ਕਰ ਸਕਣ।

**8.5.3.4.14 ਉਰਦੂ ਮੈਨਯੂਸਕਰਿਪਟਸ ਡਾਟਾਬੇਸ**

ਮੈਂਬਰ ਲਾਇਬ੍ਰੇਰੀਆਂ ਨੂੰ ਉਰਦੂ ਹਥ-ਲਿਖਤਾਂ ਦਾ ਇਹ ਡਾਟਾਬੇਸ ਆਨਲਾਇਨ ਉਪਲਬੱਧ ਕੀਤਾ ਗਿਆ ਹੈ। ਇਸ ਸਮੇਂ ਇਸ ਡਾਟਾਬੇਸ ਵਿਚ ਵਿਭਿੰਨ ਵਿਸ਼ਿਆਂ ਦੇ ਲਗਭਗ 210 ਹਥ-ਲਿਖਤਾਂ ਬਾਰੇ ਗ੍ਰੰਥਾਤਮਕ ਸੂਚਨਾ ਸ਼ਾਮਿਲ ਕੀਤੀ ਗਈ ਹੈ।

**8.5.3.4.15 ਡਾਟਾਬੇਸ ਆਫ਼ ਥੀਸਿਸ ਐਂਡ ਡਿਜ਼ਰਟੇਨਜ਼**

ਪਿੱਛੇ ਜਿਹੇ ਡੈਲਨੈਟ ਨੇ ਪੀ ਐਚ ਡੀ ਖੋਜ ਪ੍ਰਬੰਧਾਂ ਦਾ 70,293 ਇੰਦਰਾਜਾਂ ਵਾਲਾ ਇਕ ਡਾਟਾਬੇਸ ਤਿਆਰ ਕਰਕੇ ਵਰਤੋਂ ਲਈ ਉਪਲਬੱਧ ਕੀਤਾ ਹੈ।

**8.5.3.4.16 ਡੇਵਿਨਸਾ ਡਾਟਾਬੇਸ**

ਡੇਵਿਨਸਾ ਡਾਟਾਬੇਸ ਜਿਸ ਵਿਚ ਰਸਾਲਾ ਲੇਖਾਂ, ਪੁਸਤਕਾਂ, ਦੱਖਣੀ ਏਸ਼ੀਆਂ ਦੇਸ਼ਾਂ ਦੇ ਸਮਾਜਕ-ਆਰਥਕ ਮੁੱਦਿਆਂ ਬਾਰੇ ਅਣਪ੍ਰਕਾਸ਼ਿਤ ਸਾਮੱਗਰੀ ਸ਼ਾਮਿਲ ਹੈ, ਤਕ ਡੈਲਨੈਟ ਪਹੁੰਚ ਪ੍ਰਦਾਨ ਕਰਦਾ ਹੈ।

**8.5.3.4.17 ਸੀਰੀਅਲਜ਼ : ਪੈਟਰੋਲਿਅਮ ਐਂਡ ਨੈਚੂਰਲ ਗੈਸ**

ਭਾਰਤ ਵਿਚ ਪੈਟਰੋਲਿਅਮ ਅਤੇ ਕੁਦਰਤੀ ਗੈਸ ਲਾਇਬ੍ਰੇਰੀਆਂ ਵਿਚ ਉਪਲਬੱਧ ਲੜੀਵਾਰਾਂ ਦਾ ਇਕ ਡਾਟਾਬੇਸ ਆਰੰਭ ਕਰਕੇ ਆਨਲਾਈਨ ਉਪਲਬੱਧ ਕੀਤਾ ਗਿਆ ਹੈ।

**8.5.3.4.18 ਬੁਕਸ ਇਨ ਪ੍ਰਿੰਟ : ਨਿਊ ਟਾਇਟਲਜ਼ ਫ਼ਰਾਮ ਇੰਡੀਅਨ ਪਬਲਿਸ਼ਰਜ਼**

ਭਾਰਤੀ ਪ੍ਰਕਾਸ਼ਕਾਂ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਦਾ ਇਹ ਆਨਲਾਈਨ ਡਾਟਾਬੇਸ ਦਿਸੰਬਰ 1996 ਵਿਚ ਆਰੰਭ ਕੀਤਾ ਗਿਆ ਸੀ।

**8.5.3.5 ਉਤਪਾਦ**

ਡੈਲਨੈਟ ਦੇ ਕੁਝ ਉਤਪਾਦ ਹੇਠ ਲਿਖੇ ਅਨੁਸਾਰ ਹਨ :

**8.5.3.5.1 ਡੈਲਸਿਸ (DELSIS)**

ਲਾਇਬ੍ਰੇਰੀ ਨੈਟਵਰਕਿੰਗ ਲਈ ਇਕ ਬਹੁਤ ਸ਼ਕਤੀਸ਼ਾਲੀ ਸਾਫ਼ਟਵੇਅਰ ਡੈਲਸਿਸ (ਡੈਲਨੈਟ ਸਿਸਟਮ ਫ਼ਾਰ ਇਨਫ਼ਾਰਮੇਸ਼ਨ ਸਰਵਿਸਜ਼) ਸਮੁੱਚਾ ਮਾਡੂਲਰ ਸਿਸਟਮ ਦੇ ਤੌਰ ਤੇ ਵਿਕਸਤ ਕੀਤਾ ਹੈ ਜੋ ਡੈਲਨੈਟ ਆਨਲਾਇਨ ਡਾਟਾਬੇਸਿਸ ਦੀ ਹਿਮਾਇਤ ਕਰਦਾ ਹੈ। ਬੇਸਿਸ ਪਲੱਸ ਉਪਰ ਵਿਕਸਤ ਕੀਤਾ ਡੈਲਸਿਸ ਨਾ ਕੇਵਲ ਆਨਲਾਈਨ ਪਬਲਿਕ ਐਕਸੈਸ ਕੈਟਾਲਾਗ (OPAC), ਸਗੋਂ ਮੈਨੁ-ਡ੍ਰਿਵਨ ਪੈਕੇਜ ਹੈ ਜਿਸ ਵਿਚ ਅਨੇਕ ਮਾਡਯੂਲ ਹਨ।

**8.5.3.5.2 ਡੈਲ-ਡਾਸ (DEL-DOS)**

ਇਹ ਉਤਪਾਦ ਡਾਸ ਪਲੇਟਫਾਰਮ ਉਪਰ ਆਧਾਰਿਤ ਹੈ। ਇਹ ਅੰਗ੍ਰੇਜ਼ੀ ਵਿਚ ਪ੍ਰਕਾਸ਼ਿਤ ਪੁਸਤਕਾਂ ਦੇ ਮਾਰਕ (MARC) ਰਿਕਾਰਡ ਅਤੇ ਭਾਰਤੀ ਭਾਸ਼ਾਵਾਂ ਵਿਚ ਰਿਕਾਰਡ ਸਿਰਜਣ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹ ਸਾਫ਼ਟਵੇਅਰ ਬਹੁਤ ਸਰਲ ਅਤੇ ਵਰਤੋਂ ਵਿਚ ਆਸਾਨ ਹੈ।

**8.5.3.5.3 ਡੈਲ-ਪਲੱਸ (DEL-PLUS)**

ਗ੍ਰੰਥਾਤਮਕ ਡਾਟਾਬੇਸਿਸ ਅਤੇ ਸੂਚੀਆਂ ਤਿਆਰ ਕਰਨ ਅਤੇ ਮੁੜ-ਪ੍ਰਾਪਤੀ ਲਈ ਡੈਲ-ਪਲੱਸ ਦਾ 1.0.0 ਰੂਪਾਂਤਰ ਇਕ ਕੁਲ ਸੰਦ ਦੇ ਤੌਰ ਤੇ ਜਾਰੀ ਕੀਤਾ ਗਿਆ ਹੈ। ਇਹ ਸਾਧਾਰਣ ਪੀ ਸੀ (PC) ਨੂੰ ਇਕ ਸ਼ਕਤੀਸ਼ਾਲੀ ਪ੍ਰਬੰਧ ਸੂਚਨਾ ਪ੍ਰਣਾਲੀ ਵਿਚ ਬਦਲ ਸਕਦਾ ਹੈ। ਇਹ ਸਰਲ ਅਤੇ ਵਰਤੋਂ ਵਿਚ ਆਸਾਨ ਹੈ। ਇਹ ਵਰਤੋਂਕਾਰ-ਦੋਸਤਾਨਾ ਹੈ ਜਿਸ ਵਿਚ ਡਾਟਾ ਇਨਪੁੱਟ ਅਤੇ ਖੋਜ ਸਮਰੱਥਾ ਲਈ ਢੁਕਵੀਂ ਮੈਨੂ-ਵਿੰਡੋ ਹਨ। ਇਸ ਵਿਚ ਅਮਲ ਸੰਬੰਧੀ ਮਾਡਯੂਲ ਹਨ : (1) ਡਾਟਾ ਕ੍ਰਿਏਸ਼ਨ ਐਂਡ ਮੇਂਟਨੈਂਸ; ਅਤੇ (2) ਆਨਲਾਇਨ ਐਕਸੈਸ ਕੈਟਾਲਾਗ (OPAC)।

**8.5.3.6 ਸੰਖੇਪ ਵਿਚ**

ਡੈਲਨੈਟ ਦੀਆਂ ਸੰਖੇਪ ਵਿਚ ਮੁੱਖ ਵਿਸ਼ੇਸ਼ਤਾਵਾਂ ਇਹ ਹਨ :

1. ਪੁਸਤਕਾਂ ਅਤੇ ਲੜੀਵਾਰਾਂ (Serials) ਦੀਆਂ ਸੰਘ ਸੂਚੀਆਂ ਤੱਕ ਪਹੁੰਚ ਅਤੇ ਸੂਚਨਾ ਵਟਾਂਦਰੇ ਲਈ ਹਰੇਕ ਲਾਇਬ੍ਰੇਰੀ ਨੂੰ ਇਕ ਡਾਇਲ-ਅੱਪ ਮਾਡਲ ਉਪਲਬੱਧ ਕੀਤਾ ਗਿਆ ਹੈ।
2. ਇਸ ਪ੍ਰਣਾਲੀ ਦੇ ਵਰਤੋਕਾਰਾਂ ਨੂੰ ਟੋਲੀ ਵਿਚ ਫਾਇਲ ਟਰਾਂਸਫਰ, ਈ-ਮੇਲ ਅਤੇ ਬੁਲੇਟਿਨ ਬੋਰਡ ਸੇਵਾਵਾਂ ਉਪਲਬੱਧ ਕੀਤੀਆਂ ਗਈਆਂ ਹਨ।
3. ਅੰਤਰ ਲਾਇਬ੍ਰੇਰੀ ਉਧਾਰ ਸੇਵਾ ਲਈ ਬੇਨਤੀਆਂ ਅਤੇ ਹੋਰ ਦਫ਼ਤਰੀ ਸੰਚਾਰਣ ਲਈ ਈ-ਮੇਲ ਦੀ ਮਦਦ ਹੈ।

**8.5.3.7 ਡੈਲਨੈਟ ਦੀਆਂ ਪ੍ਰਕਾਸ਼ਨਾਵਾਂ :**

ਇਹ ਪੂਰੇ ਸਾਲ ਦੀ ਆਪਣੀ ਕਾਰਗੁਜਾਰੀ ਦਾ ਲੇਖਾ ਜੋਖਾ NACLIN National Convention and Information Networking ਵਿੱਚ ਦਿੰਦੀ ਹੈ। DELNET Newsletter ਵੀ ਛਾਪਿਆ ਜਾਂਦਾ ਹੈ ਜਿਹੜਾ ਕਿ ਦਸੰਬਰ ਵਿੱਚ ਛੱਪ ਜਾਂਦਾ ਹੈ। ਇਹ ਦਸੰਬਰ 2015 ਦਾ ਛੱਪ ਚੁੱਕਾ ਹੈ। DELNET ਵੱਲੋ ਡਾਇਰੈਕਟਰ ਰਿਪੋਰਟ 2015-16 ਵੀ ਛੱਪ ਚੁੱਕੀ ਹੈ। ਇਹ ਹਰ ਸਾਲ ਛੱਪਦੀ ਹੈ।

ਹੋਰ ਜਾਣਕਾਰੀ ਲਈ ਡੈਲਨੈਟ ਦੀ website ਵੇਖੋ www.delnet.nic.in

**8.6 ਨੈਸ਼ਨਲ ਸੋਸ਼ਲ ਸਾਇੰਸ ਡਾਕੂਮੈਂਟੇਸ਼ਨ ਸੈਂਟਰ (NASSDOC) :**

<http;//www.icssr.org./fimal.htm> ਨੈਸ਼ਨਲ ਸੋਸ਼ਲ ਸਾਇੰਸ ਡਾਕੂਮੈਂਟੇਸ਼ਨ ਸੈਂਟਰ, ਨਵੀਂ ਦਿੱਲੀ, ਭਾਰਤ ਵਿਚ ਸਮਾਜ ਵਿਗਿਆਨ ਅੰਦਰ ਖੋਜ ਅਤੇ ਨਵੀਆਂ ਕਾਢਾਂ ਦਾ ਸਭ ਤੋਂ ਮੋਹਰੀ ਸੂਚਨਾ ਕੇਂਦਰ ਹੈ। ਇਸਦੀ ਰਿਸਰਚ 1969 ਵਿਚ ਇੰਡੀਅਨ ਕਾਂਸਲ ਆਫ ਸੋਸ਼ਲ ਸਾਇੰਸ ਰਿਸਰਚ (ICSSR) ਦੁਆਰਾ ਬਤੌਰ ਉਸਦੀ ਇਕ ਡਵੀਜ਼ਨ ਦੇ ਹੋਈ ਸੀ। ਇਸਦਾ ਉਦੇਸ਼ ਸਮਾਜ ਵਿਗਿਆਨ ਦੇ ਖੋਜੀਆਂ ਨੂੰ ਲਾਇਬ੍ਰੇਰੀ ਅਤੇ ਸੂਚਨਾ ਸੇਵਾ ਪ੍ਰਦਾਨ ਕਰਨਾ ਸੀ, ਖਾਸ ਤੌਰ ਤੇ ਉਨ੍ਹਾਂ ਨੂੰ ਜਿਹੜੇ ਅਕਾਦਮਿਕ ਸੰਸਥਾਵਾਂ, ਖੁਦਮੁਖਤਾਰ ਖੋਜ ਸੰਗਠਨਾਂ ਨੀਤੀ ਘੜਨ ਵਾਲਿਆਂ, ਸਰਕਾਰੀ ਵਿਭਾਗਾਂ ਦੇ ਯੋਜਨਾ ਅਤੇ ਖੋਜ ਯੂਨਿਟਾਂ, ਵਪਾਰ ਅਤੇ ਉਦਯੋਗ ਵਿਚ ਕਾਰਜ ਕਰਦੇ ਹਨ। ਇਹ ਕੇਂਦਰ ਲਾਇਬ੍ਰੇਰੀ ਅਤੇ ਹਵਾਲਾ-ਸੇਵਾਵਾਂ, ਸਾਹਿਤ ਖੋਜ (ਪ੍ਰਕਾਸ਼ਿਤ, ਡਿਜ਼ੀਟਲ-ਡਾਟਾਬੇਸ, ਸੀ ਡੀ ਰੋਮ) ਅਤੇ ਆਨਲਾਈਨ ਖੋਜ ਆਦਿ ਸੇਵਾਵਾਂ ਮੁਹੱਈਆ ਕਰਦਾ ਹੈ। ਇਸ ਕੋਲ ਤੱਕੜਾ ਭੰਡਾਰ ਹੈ, ਜਿਸ ਵਿਚ ਹਵਾਲਾ ਸ੍ਰੋਤ, ਪੁਸਤਕ-ਸੂਚੀਆਂ, ਲਗਭਗ 5000 ਪੀ ਐਚ ਡੀ ਖੋਜ-ਪ੍ਰਬੰਧ, 3000 ਆਈ ਸੀ ਐਸ ਐਸ ਆਰ ਦੀ ਮਾਲੀ ਸਹਾਇਤਾ ਵਾਲੀਆਂ ਖੋਜ-ਪ੍ਰਾਜੈਕਟ ਰਿਪੋਰਟਾਂ ਅਤੇ 26000 ਪੁਸਤਕਾਂ ਤੇ ਦਸਤਾਵੇਜ਼ ਸ਼ਾਮਿਲ ਹਨ। 'ਨਾਸਡੌਕ' ਕੋਲ ਦੂਜੀ ਕਿਸਮ ਦੇ ਸ੍ਰੋਤਾਂ ਦਾ ਵੀ ਭੰਡਾਰ ਹੈ, ਜਿਹੜਾ ਕਿ ਪ੍ਰਕਾਸ਼ਿਤ ਵੀ ਹੈ ਤੇ ਡਿਜੀਟਲ ਫਾਰਮੈਟ ਵਿਚ ਵੀ ਹੈ, ਜਿਸ ਵਿਚ ਲਗਭਗ 35 ਸੀ ਡੀ ਰੋਮ ਡਾਟਾਬੇਸ ਹਨ। 'ਨਾਮਡੌਕ' ਨੇ ਆਪਣੇ ਡਾਟਾਬੇਸ ਵੀ ਤਿਆਰ ਕਰ ਲਏ ਹਨ, ਜੋਕਿ ਪ੍ਰਕਾਸ਼ਿਤ ਵੀ ਹਨ ਅਤੇ ਇਲੈਕਟ੍ਰਾਨਿਕ ਫਾਰਮੈਟ ਵਿਚ ਵੀ ਹਨ।

ਖੋਜ-ਵਿਦਵਾਨਾਂ, ਸਮਾਜ ਵਿਗਿਆਨੀਆਂ, ਲਾਇਬ੍ਰੇਰੀਅਨਾਂ ਅਤੇ ਸੂਚਨਾ ਮਧਿਅੱਸਥਾਂ ਨੂੰ ਨਵੀਨ ਸੂਚਨਾ ਤਕਨਾਲੋਜੀ ਸਬੰਧੀ ਜਾਣੂ ਕਰਵਾਉਣਾ ਲਈ 'ਨਾਸਡੌਕ' ਅਪਲਕਾਲੀ ਸਿਖਲਾਈ ਵਰਕਸ਼ਾਪਾਂ ਦਾ ਪ੍ਰਬੰਧ ਕਰਦੀ ਹੈ। ਜਪਾਨ ਸਰਕਾਰ ਦੀ ਆਰਥਿਕ ਸਹਾਇਤਾ ਨਾਲ ਕੌਂਸਲ ਨੇ ਇਕ ਡਾਕੂਮੈਂਟੇਸ਼ਨ ਸੈਂਟਰ ਆਨ ਏਸ਼ੀਅਨ ਸਟੱਡੀਜ਼ (DOCAS) ਸਥਾਪਿਤ ਕੀਤਾ ਹੈ। ਇਹ ਕੇਂਦਰ, ਕਾਂਸਲ ਦੇ ਸਦਰਮੁਕਾਮ ਵਿਖੇ ਸਥਿਤ ਹੈ। ਇਸ ਅਧੀਨ ਕਵਰ ਕੀਤੇ ਜਾਂਦੇ ਵਿਸ਼ੇ ਬਹੁਤ ਕਰਕੇ, ਸਮਾਜ ਵਿਗਿਆਨ ਨਾਲ ਸਬੰਧਿਤ ਹਨ। ਜਿਸ ਵਿਚ ਵਾਤਾਵਰਣ ਵਿਗਿਆਨ, ਜਨ ਸਿਹਤ ਆਦਿ ਸ਼ਾਮਿਲ ਹਨ। ਇਸ ਨਾਲ ਏਸ਼ੀਆ ਵਿਚ ਨੀਤੀ ਘੜਨ ਵਾਲਿਆਂ ਨੂੰ ਏਸ਼ੀਆਈ ਦੇਸ਼ਾਂ ਦੇ ਚੰਗੇ ਸਬੰਧ ਸਥਾਪਿਤ ਕਰਨ ਵਿਚ ਮਦਦ ਮਿਲੇਗੀ, ਤਾਂਕਿ ਇਸ ਖਿੱਤੇ ਦੇ ਲੋਕਾਂ ਦੀ ਭਲਾਈ ਹੋ ਸਕੇ।

**8.7 ਇੰਡੀਅਨ ਕਾਂਸਲ ਆਫ ਸੋਸ਼ਲ ਸਾਇੰਸ ਰਿਸਰਚ :**

< http://www.iccsr.org./ > : ਇੰਡੀਅਨ ਕਾਂਸਲ ਆਫ ਸੋਸ਼ਲ ਸਾਇੰਸ ਰਿਸਰਚ (ICSSR) ਨੂੰ ਭਾਰਤ ਸਰਕਾਰ ਵੱਲੋਂ 1969 ਵਿਚ ਸਥਾਪਿਤ ਕੀਤਾ ਗਿਆ ਤਾਂਕਿ ਭਾਰਤ ਵਿਚ ਸਮਾਜ ਵਿਗਿਆਨ ਸਬੰਧੀ ਖੋਜ ਨੂੰ ਪ੍ਰਚਾਰਿਆ ਪ੍ਰਸਾਰਿਆ ਜਾ ਸਕੇ। ਨਤੀਜੇ ਵੱਜੋਂ (ICSSR) ਨੇ 1969 ਵਿਚ NASSDOC ਦੀ ਸਥਾਪਨਾ ਕਰ ਦਿੱਤੀ, ਜੋ ਕਿ ਭਾਰਤ ਵਿਚ ਸਮਾਜ ਵਿਗਿਆਨ ਦੀ ਖੋਜ ਅਤੇ ਕਾਢ ਲਈ ਇਕ ਮੋਹਰੀ ਸੂਚਨਾ ਕੇਂਦਰ ਹੈ। 'ਨਾਸਡੌਕ' ਸਮਾਜ ਵਿਗਿਆਨੀਆਂ, ਨੀਤੀ ਘਾੜਿਆਂ ਅਤੇ ਹੋਰ ਜਿਹੜੇ ਅਕਾਦਮਿਕ, ਸਰਕਾਰੀ ਖੇਤਰਾਂ, ਵਪਾਰ ਅਤੇ ਉਦਯੋਗ ਆਦਿ ਵਿਚ ਕੰਮ ਕਰਦੇ ਹਨ, ਲਈ ਸੂਚਨਾ ਸਹਾਇਤਾ ਪ੍ਰਦਾਨ ਕਰਦਾ ਹੈ। 'ਆਈ ਸੀ ਐਸ ਐਸ ਆਰ' ਦੁਆਰਾ ਤਿਆਰ ਕੀਤੇ ਗਏ ਮੁੱਖ ਡਾਟਾਬੇਸ ਇਸ ਪ੍ਰਕਾਰ ਹਨ :

**ਡਾਇਰੈਕਟਰੀਆਂ :**

(1) ਡਾਇਰੈਕਟਰੀ ਆਫ ਸੋਸ਼ਲ ਸਾਇੰਸ ਲਾਇਬ੍ਰੇਰੀਜ਼ ਐਂਡ ਇਨਫਰਮੇਸ਼ਨ ਸੈਂਟਰਜ਼ ਇਨ ਇੰਡੀਆ

(2) ਡਾਇਰੈਕਟਰੀ ਆਫ ਸੋਸ਼ਲ ਸਾਇੰਸ ਰਿਸਰਚ ਐਂਡ ਟਰੇਨਿੰਗ ਇੰਸਟੀਚਿਊਸ਼ਨ ਇਨ ਇੰਡੀਆ।

(3) ਡਾਇਰੈਕਟਰੀ ਆਫ ਏਸ਼ੀਅਨ ਸੋਸ਼ਲ ਸਾਇੰਸ ਰਿਸਰਚ ਐਂਡ ਟਰੇਨਿੰਗ ਇੰਸਟੀਚਿਊਟਸ/ਆਰਗੇਨਾਈਜੇਸ਼ਨਜ਼ ਇਨ ਇੰਡੀਆ।

ਰੈਟਰੋਸਪੈਕਟਿਵ ਕਿਊਮੁਲੇਟਿਵ ਇੰਡੈਕਸਿਜ਼ ਆਫ ਇੰਡੀਆ ਸੋਸ਼ਲ ਸਾਇੰਸ ਜਰਨਲਜ਼ :

(1) ਇੰਡੀਅਨ ਐਜੂਕੇਸ਼ਨ ਇੰਡੈਕਸ
(2) ਇੰਡੈਕਸ ਟੂ ਇੰਡੀਅਨ ਪਿਰੀਅਡੀਕਲਜ਼ : ਸੋਸਿਆਲੋਜੀ ਐਂਡ ਸਾਈਕਾਲੋਜੀ (1886-1970)
(3) ਇੰਡੈਕਸ ਟੂ ਇੰਡੀਅਨ ਪਿਰੀਅਡੀਕਲਜ਼ : ਇਕਨਾਮਿਕਸ
(4) ਇੰਡੈਕਸ ਟੂ ਇੰਡੀਅਨ ਪਿਰੀਅਡੀਕਲਜ਼ : ਪੋਲਿਟਿਕਲ ਸਾਇੰਸ
(5) ਇੰਡੈਕਸ ਟੂ ਇੰਡੀਅਨ ਪਿਰੀਅਡੀਕਲਜ਼ : ਜੌਗਰਫੀ, ਹਿਸਟਰੀ, ਇੰਡੋਲੋਜੀ ਆਦਿ (ਪ੍ਰਗਤੀ ਅਧੀਨ)

**ਯੂਨੀਅਨ ਕੈਟਾਲਾਗ** (Union Catalogues) **:**

(1) ਯੂਨੀਅਨ ਕੈਟਾਲਾਗ ਆਫ ਸੋਸ਼ਲ ਸਾਇੰਸ ਪਿਰੀਆਡੀਕਲਜ਼ ਐਂਡ ਸੀਰੀਅਲਜ਼ ਇਨ ਇੰਡੀਆ।
(2) ਯੂਨੀਅਨ ਕੈਟਾਲਾਗ ਆਫ ਸੀ ਡੀ ਰੋਮ ਡਾਟਾਬੇਸਿਜ਼ ਇਨ ਸੋਸ਼ਲ ਸਾਇੰਸ ਲਾਇਬ੍ਰੇਰੀਜ਼ ਇਨ ਇੰਡੀਆ।

**ਪੁਸਤਕ ਸੂਚੀਆਂ** (Bibliographics)**:**

(1) ਬਿਬਲਿਓਗ੍ਰਾਫੀ ਆਨ ਇੰਡੀਆ ਇਨ 2000 ਏ ਡੀ:
(2) ਮੋਹਨਦਾਸ ਕਰਮਚੰਦ ਗਾਂਧੀ : ਏ ਬਿਬਲਿਓਗ੍ਰਾਫੀ
(3) ਏਰੀਆ ਸਟੱਡੀ ਬਿਬਲਿਓਗ੍ਰਾਫੀ
(4) ਏਜ਼ਡ ਇਨ ਇੰਡੀਆ – ਐਨ ਐਨੋਟੇਟਿਡ ਬਿਬਲਿਓਗ੍ਰਾਫੀ

**ਲਾਇਬ੍ਰੇਰੀ ਡਾਟਾਬੇਸ :**

(1) ਨਾਸਡੌਕ ਵਿਖੇ ਉਪਲਬੱਧ ਖੋਜ ਪ੍ਰੋਜੈਕਟ ਰਿਪੋਰਟਾਂ ਅਤੇ ਪੀ ਐਚ ਡੀ ਖੋਜ-ਪ੍ਰਬੰਧਾਂ ਸਬੰਧੀ ਡਾਟਾਬੇਸ।
(2) ਇੰਟਰਲਾਇਬ੍ਰੇਰੀ ਰਿਸੋਰਸ ਸੈਂਟਰ : ਹੋਲਡਿੰਗਜ਼ ਆਫ ਪਿਰੀਆਡੀਕਲਜ਼
(3) ਸੋਸ਼ਲ ਸਾਇੰਸ ਰਿਸਰਚ ਰਿਸੋਰਸਿਜ਼ ਇਨ ਮਾਈਕਰੋਫਾਰਮ ਇਨ ਨਾਸਡੌਕ : ਐਨ ਇਨਵੈਂਟਰੀ

**8.8 ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸ ਲਾਇਬ੍ਰੇਰੀ ਡਾਟਾਬੇਸਿਜ਼** (Tata Institute of Social Sceinces Library Database)**:**

< http://www.tiss.edu/ > : ਸਮੇਂ ਸਮੇਂ ਸੰਸਥਾ ਵਿਚ ਕੀਤੇ ਗਏ ਖੋਜ ਕਾਰਜ ਦੀ ਸਹਾਇਤਾ ਲਈ ਲਾਇਬ੍ਰੇਰੀ ਨੇ ਇਕ ਬਿਬਲਿਓਗ੍ਰਾਫਿਕ ਡਾਟਾਬੇਸ ਤਿਆਰ ਕੀਤਾ ਹੈ, ਜੋ ਕਿ ਪ੍ਰਿੰਟ ਅਤੇ ਮਸ਼ੀਨੀ ਰੂਪ ਵਿਚ ਪੜ੍ਹਨਯੋਗ ਹੈ। ਲਾਇਬ੍ਰੇਰੀ ਵਿਚ ਤਿਆਰ ਕੀਤੇ ਗਏ ਡਾਟਾਬੇਸ ਨਿਮਨ ਅਨੁਸਾਰ ਹਨ :

(1) ਫਿਊਚਰ ਆਫ ਸੋਸ਼ੋਲੋਜੀ
(2) ਕੁਆਲਿਟੇਟਿਵ ਰਿਸਰਚ ਮੈਥਡਜ਼
(3) ਸੋਸ਼ਲ ਵਰਕ ਐਜੂਕੇਸ਼ਨ ਇਨ ਇੰਡੀਆ
(4) ਯੂਥ ਇਨ ਇੰਡੀਆ
(5) ਏਜਿੰਗ ਇਨ ਇੰਡੀਆ
(6) ਕਪੈਸਿਟੀ ਬਿਲਡਿੰਗ
(7) ਜੈਰੋਨਟੌਲੋਜੀ
(8) ਕੰਬੈਟਿੰਗ ਡੋਮੈਸਟਿਕ ਵਾਇਲੈਂਸ
(9) ਕਾਊਂਟਰ ਇਮੇਜਿਜ਼ : ਏ ਰਿਸੋਰਸ ਗਾਈਡ ਆਫ ਵੀਡੀਓ ਐਂਡ ਫਿਲਮਜ਼ ਆਨ ਮੂਵਮੈਂਟਸ ਐਂਡ ਕੰਪੈਨਜ਼ (Compaigns)
(10) ਵੂਮੈਨਜ਼ ਰੀਪ੍ਰੋਡੱਕਟਿਵਹੈਲਥ ਐਂਡ ਸੈਕਸੁਐਲਿਟੀ
(11) ਐਲਡਰਲੀ ਇਨ ਇੰਡੀਆ : ਹੈਲਦੀ? ਹੈਪੀ? ਹੈਲਪਲੈਸ? ਰਿਸਪੈਕਟਿੱਡ? ਰਿਵਾਰਡਿਡ? ਰਿਜੈਕਟਿਡ?
(12) ਅਰਬਨ ਹੈਲਥ
(13) ਟੂਵਰਡਜ਼ ਪੀਪਲ-ਸੈਂਟਰਡ ਡਿਵੈਲਪਮੈਂਟ

ਲੋੜੀਂਦੀ ਸੂਚਨਾ ਲਈ ਇਹ ਡਾਟਾਬੇਸ ਬੜੇ ਮਹੱਤਵਪੂਰਣ ਹਨ।

ਇਨ੍ਹਾਂ ਡਾਟਾਬੇਸਾਂ ਦੇ ਵਿਕਾਸ ਨਾਲ ਨੱਲੇਜ-ਮੈਨੇਜਮੈਂਟ ਉੱਤੇ ਪਾਰੰਪਰਿਕ ਅਤੇ ਆਮ ਖੇਤਰਾਂ ਸਬੰਧੀ ਇਕ ਪੰਛੀ-ਝਾਤ ਵੀ ਮਿਲੇਗੀ ਅਤੇ ਵਿਸ਼ੇਸ਼ ਗਿਆਨ ਆਧਾਰਿਤ ਡਾਟਾਬੇਸ ਵੀ ਮਿਲੇਗਾ।

**ਆਈ ਐਸ ਆਈ ਡੀ ਇੰਡੈਕਸ ਟੂ ਇੰਡੀਅਨ ਸੋਸ਼ਲ ਸਾਇੰਸ ਜਰਨਲਜ਼ (ISID Index to Indian Social Sciences Journal):**

URL < http : //isidor.nic.in/odb.html :

ਇਸ ਵਿਚ 85 ਸਮਾਜ ਵਿਗਿਆਨ ਦੇ ਭਾਰਤੀ ਜਰਨਲ ਸ਼ਾਮਿਲ ਹਨ, ਜੋਕਿ ਖੋਜੀਆਂ ਨੂੰ ਖੋਜ ਲਈ ਲੜੀ ਆਧਾਰਿਤ ਹਵਾਲੇ ਪ੍ਰਦਾਨ ਕਰਦੇ ਹਨ, ਜਿਹੜੇ ਕਿ ਚੁਣੇ ਹੋਏ ਜਰਨਲਾਂ ਵਿਚੋਂ ਲੇਖਕ ਦੇ ਨਾਂ, ਪੁਸਤਕ ਸਿਰਲੇਖ ਦੇ ਨਾਂ ਹੁੰਦੇ ਹਨ। ਬਹੁਤੇ ਰਸਾਲੇ ਪਹਿਲੀ ਜਿਲਦ ਵਿਚੋਂ ਹੀ ਇੰਡੈਕਸ ਕੀਤੇ ਗਏ ਹੁੰਦੇ ਹਨ। ਭਾਰਤ ਦੇ 14 ਅੰਗ੍ਰੇਜੀ ਅਖਬਾਰਾਂ ਦੀਆਂ ਪ੍ਰੈਸ ਰਤਰਨਾਂ ਵੀ ਇੰਡੈਕਸ ਕੀਤੀਆਂ ਜਾਂਦੀਆਂ ਹਨ। ਸਮਰਪਣ ਰਜਿਸਟਰੇਸ਼ਨ ਨਾਲ ਇਸ ਤਕ ਪਹੁੰਚਿਆ ਜਾ ਸਕਦਾ ਹੈ।

**ਜਨਗਣਨਾ ਸੂਚਨਾ :** URL: < http : //www.censuindia.net :

1991 ਅਤੇ 2001 ਦੀ ਜਨਗਣਨਾ ਅਨੁਸਾਰ, ਭਾਰਤ ਦੀ ਕੁੱਲ ਜਨ ਸੰਖਿਆ ਦੇ ਅੰਕੜੇ ਮੁਹੱਈਆ ਕੀਤੇ ਜਾਂਦੇ ਹਨ। ਇਸ ਵਿਚ ਭਾਰਤ ਅਤੇ ਰਾਜਾਂ ਦੇ ਨਕਸ਼ੇ ਆਦਿ ਵੀ ਸ਼ਾਮਿਲ ਹਨ।

**ਅੰਕੜਾ ਵਿਭਾਗ, ਭਾਰਤ ਸਰਕਾਰ:** URL < http : //mospinic.in > :

ਵਿਆਪਕ ਅੰਕੜਾ ਸੂਚਨਾ ਜਿਵੇਂ ਕਿ, ਨੈਸ਼ਨਲ ਅਕਾਊਂਟਸ ਸਟੈਟਿਸਟਿਕਸ, ਐਨਰਜੀ ਸਟੈਟਿਸਟਿਕਸ, ਗਾਹਕ ਖਰਚੇ, ਉਦਯੋਗਾਂ ਦਾ ਸਾਲਾਨਾ ਸਰਵੇਖਣ, ਪਸ਼ੂਧਨ ਅੰਕੜੇ ਆਦਿ ਇਸ ਵਿਚ ਉਪਲੱਬਧ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਅੰਕੜੇ ਸੈਂਟਰਲ-ਸਟੈਟਿਸਟਿਕਲ ਆਰਗੇਨਾਈਜ਼ੇਸ਼ਨ ਅਤੇ ਨੈਸ਼ਨਲ ਸੈਂਪਲ ਆਰਗੇਨਾਈਜ਼ੇਸ਼ਨ ਦੁਆਰਾ ਤਿਆਰ ਕੀਤੇ ਜਾਂਦੇ ਹਨ।

**ਇਕਾਨਮੀ ਵਾੱਚ. ਕਾਮ :** URL < http : //www.economywatch.com/ > :

ਇਕਨਾਮਿਕ ਵਾਚ ਇਕ ਕਮਰਸ਼ਲ ਸਾਈਟ ਹੈ, ਜਿਹੜੀ ਕਿ ਭਾਰਤੀ ਅਰਥਚਾਰੇ ਸਬੰਧੀ ਸੂਚਨਾ ਅਤੇ ਡਾਟਾ ਪ੍ਰਦਾਨ ਕਰਦੀ ਹੈ। ਇਸ ਸਾਈਟ ਤੇ ਉਪਲਬੱਧ ਸੂਚਨਾ, ਅੰਕੜਿਆਂ ਨਾਲ ਸਬੰਧਿਤ ਹੈ : ਰਾਸ਼ਟਰੀ ਆਮਦਨ, ਵਿਦੇਸ਼ੀ ਪੂੰਜੀਨਿਵੇਸ਼, ਖੇਤੀਬਾੜੀ, ਉਦਯੋਗ, ਪੈਸਾ ਅਤੇ ਬੈਂਕਿੰਗ, ਅਦਾਇਗੀਆਂ ਦਾ ਬਕਾਇਆ, ਜਨਸੰਖਿਆ ਆਦਿ।

**ਗਿਸਟਨਿਕ** (GISTNIC)**:** URL < http : //gist.ap.mic.in/ > :

ਇਸ ਡਾਟਾਬੇਸ ਤੇ ਉਪਲੱਬਧ ਸੂਚਨਾ ਇਸ ਪ੍ਰਕਾਰ ਹੈ : ਬੈਂਕਿੰਗ-ਅੰਕੜੇ, ਉਦਯੋਗਿਕ ਅੰਕੜੇ, ਪਬਲਿਕ ਫਾਈਨੈਂਸ, ਸਮਾਜਕ-ਖੇਤਰੀ ਅੰਕੜੇ, ਜਨਗਣਨਾ ਡਾਟਾ ਆਦਿ।

## 8.9 ਪੁਸਤਕ-ਸੂਚੀ :


1) Fisher, David, Prince, Sandra P and hanstock, (ed.) (2002) Information Sources in Social Sciences, Muchen : K.G. Saur
2) Siriginidi Subba Rao : Networking of Liberaries and Information Centres : Challenges in India 2001.
3) Chakaraborty, AK : Building Sustainable Digital Library, 2009.

**ਮਾਸਟਰ ਆਫ਼ ਲਾਇਬ੍ਰੇਰੀ ਐਂਡ ਇਨਫ਼ਾਰਮੇਸ਼ਨ ਸਾਇੰਸ** **MLIS 208**

**ਇਨਫ਼ਾਰਮੇਸ਼ਨ ਐਂਡ ਲਿਟਰੇਚਰ–**
**ਸਰਵੇ ਇਨ ਸੋਸ਼ਲ ਸਾਇੰਸਿਜ਼**

**ਪਾਠ ਨੰਬਰ : 2.3**

**ਲੇਖਕ : ਡਾ. ਅਮਰ ਨਾਥ**
**ਅਨੁਵਾਦਕ : ਕਰਮਵੀਰ ਸਿੰਘ**

## ਵੈਬ–ਆਧਾਰਿਤ ਸਾਧਨ ਅਤੇ ਸੇਵਾਵਾਂ : ਸਮਾਜ ਵਿਗਿਆਨ ਦੇ ਸੰਦਰਭ ਵਿਚ ਸੰਖੇਪ ਜਾਣਕਾਰੀ : (Web-Based Resources and Services : A Brief Introduction in the Context of Social Science)

**ਬਣਤਰ**

9.0 ਉਦੇਸ਼
9.1 ਜਾਣ–ਪਛਾਣ
9.2 ਵਿਸ਼ਵ–ਵਿਆਪੀ ਵੈੱਬ
9.2.1 ਵੈੱਬ ਆਧਾਰਿਤ ਸੇਵਾਵਾਂ
9.2.3 ਵੈੱਬ ਕੈਟਾਲਾੱਗ
9.2.4 ਵੈੱਬ ਖੋਜ–ਇੰਜਨ
9.2.5 ਵੈੱਬ ਫਾਰਮ
9.2.6 ਪਰਿਚੈ ਅਤੇ ਸਿਖਲਾਈ
9.3 ਸਮਾਜ ਵਿਗਿਆਨ ਵਿਚ ਵੈੱਬ–ਆਧਾਰਿਤ ਸਾਧਨ ਅਤੇ ਸੇਵਾਵਾਂ
9.4 ਯੂਨੈਸਕੋ ਸੋਸ਼ਲ ਹਿਊਮਨ ਸਾਇੰਸਿਜ਼ ਡਾਕੂਮੈਂਟੇਸ਼ਨ ਸੈਂਟਰ
9.5 ਇਨਫੋਮਾਈਨ (INFOMINE)
9.6 ਸੋਸ਼ਿਓ ਸਾਈਟ
9.7 ਇੰਟਰਨੈਸ਼ਨਲ ਬਿਬਲਿਓਗ੍ਰਾਫੀ ਆਫ ਦੀ ਸੋਸ਼ਲ ਸਾਇੰਸਿਜ਼ (**IBSS**)
9.8 ਮਨੋਵਿਗਿਆਨ ਦੇ ਇਤਿਹਾਸ ਵਿਚ ਕਲਾਸਿਕ
9.9 ਇੰਟਰਨੈਸ਼ਨਲ ਡਿਵੈਲਪਮੈਂਟ ਐਬਸਟ੍ਰੈਕਸ
9.10 ਐਜੂਕੇਸ਼ਨ ਇੰਡੈਕਸ
9.11 ਡਬਲਿਊ ਡਬਲਿਊ ਡਬਲਿਊ ਵਰਚੁਅਲ ਲਾਇਬ੍ਰੇਰੀ ਐਨਥਰੋਪੋਲੇਜੀ
9.12 ਦੀ ਵਰਲਡ ਵਾਈਡ ਵੈੱਬ ਵਰਚੁਅਲ ਲਾਇਬ੍ਰੇਰੀ ਸੋਸ਼ੋਲੋਜੀ
9.13 ਯਾਹੂ ਉੱਤੇ ਸਮਾਜ ਵਿਗਿਆਨ
9.14 ਯੂਨਾਈਟਿਡ ਨੇਸ਼ਨਜ਼ ਪ੍ਰਕਾਸ਼ਨ
9.15 ਇੰਟਰ ਯੂਨੀਵਰਸਿਟੀ ਕਨਸੋਰਟੀਯਮ ਫਾਰ ਪੋਲਿਟਿਕਲ ਐਂਡ ਸੋਸ਼ਲ ਰਿਸਰਚ
9.16 ਕਸਾਕ (CSAC) ਐਂਥਰੋਪੋਲੋਜੀ ਬਿਬਲਿਓਗ੍ਰਾਫੀ
9.17 ਸਿੱਖਿਆ–ਵੈੱਬ
9.18 ਜੇ ਐਸ ਟੀ ਓ ਆਰ (JSTOR)
9.19 ਐਜੁਕੇਸ਼ਨ–ਲਾਈਨ
9.20 ਸਾਈਕੀ–ਸਾਈਟ
9.21 ਬਬਲ ਲਿੰਕ
9.22 ਸੋਸਿਜ਼ (SOSIG) (ਸੋਸ਼ਲ ਸਾਇੰਸ–ਇਨਫਰਮੇਸ਼ਨ ਗੇਟਵੇ)

9.23 ਇੰਟਰਨੈਸ਼ਨਲ ਐਰਿਕ (ERIC)
9.24 ਵੈੱਬ-ਸਾਧਨਾਂ ਦਾ ਮੁਲਾਂਕਣ
9.25 ਪੁਸਤਕ-ਸੂਚੀ

**9.0 ਉਦੇਸ਼ (Objectives) :**

**ਇਸ ਪਾਠ ਦੇ ਅਧਿਐਨ ਨਾਲ ਤੁਹਾਨੂੰ ਇਨ੍ਹਾਂ ਗੱਲਾਂ ਨੂੰ ਸਮਝਣ ਵਿਚ ਮਦਦ ਮਿਲੇਗੀ :**

(1) ਵੱਖ ਵੱਖ ਵੈੱਬ-ਆਧਾਰਿਤ ਸਾਧਨਾਂ ਦਾ ਅਧਿਐਨ
(2) ਇਲੈਕਟ੍ਰਾਨਿਕ ਮਾਹੌਲ ਅੰਦਰ ਸਮਾਜ ਵਿਗਿਆਨ ਦੇ ਵਿਕਾਸ ਵਿਚ ਉਨ੍ਹਾਂ ਦਾ ਰੋਲ

**9.1 ਜਾਣ-ਪਛਾਣ (Introduction) :**

ਸਮਾਜ ਵਿਗਿਆਨ ਆਪਣੇ ਸਮਾਜਿਕ ਅਤੇ ਸਭਿਆਚਾਰਕ ਪੱਖ ਤੋਂ ਮਨੁੱਖੀ-ਵਿਹਾਰ ਨਾਲ ਸਬੰਧਿਤ ਹੈ, ਇਸ ਵਿਚ ਇਹ ਅਨੁਸ਼ਾਸਨ ਸ਼ਾਮਿਲ ਹਨ : ਮਾਨਵ ਵਿਗਿਆਨ, ਸਮਾਜ-ਸ਼ਾਸਤਰ, ਅਰਥ-ਸ਼ਾਸਤਰ, ਰਾਜਨੀਤੀ-ਵਿਗਿਆਨ ਅਤੇ ਅੰਤਰਰਾਸ਼ਟਰੀ ਸਬੰਧਾਂ ਦਾ ਅਧਿਐਨ। ਅਕਸਰ ਇਸ ਵਿਚ ਸਮਾਜਿਕ ਅਤੇ ਆਰਥਿਕ ਭੂਗੋਲ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਸਿੱਖਿਆ ਦੇ ਉਹ ਖੇਤਰ, ਜਿਨ੍ਹਾਂ ਦਾ ਸਮਾਜਿਕ ਸਰੋਕਾਰ, ਗਿਆਨ ਨਾਲ ਅਤੇ ਸਕੂਲ ਤੋਂ ਸਮਾਜਿਕ ਪ੍ਰਬੰਧ ਨਾਲ ਸਬੰਧਿਤ ਹੁੰਦਾ ਹੈ। ਤੁਲਨਾਤਮਕ-ਕਾਨੂੰਨ ਦੇ ਅਧਿਐਨ ਨੂੰ ਵੀ ਸਮਾਜ ਵਿਗਿਆਨ ਦਾ ਹਿੱਸਾ ਮੰਨਿਆ ਜਾ ਸਕਦਾ ਹੈ, ਹਾਲਾਂਕਿ ਇਹ ਕਾਨੂੰਨ ਦੇ ਸਕੂਲਾਂ ਵਿਚ ਹੀ ਪੜ੍ਹਾਇਆ ਜਾਂਦਾ ਹੈ, ਨਾਂ ਕਿ ਉਨ੍ਹਾਂ ਵਿਭਾਗਾਂ ਜਾਂ ਸਕੂਲਾਂ ਵਿਚ ਜਿਥੇ ਸਮਾਜ ਵਿਗਿਆਨ ਦੇ ਹੋਰ ਵਿਸ਼ੇ ਪੜ੍ਹਾਏ ਜਾਂਦੇ ਹਨ।

1950 ਤੋਂ ਸ਼ਬਦ ਵਿਵਹਾਰਕ ਵਿਗਿਆਨ ਨੂੰ ਅਕਸਰ ਸਮਾਜ ਵਿਗਿਆਨ ਦੇ ਹੋਰ ਵਿਸ਼ਿਆਂ ਨਾਲ ਸਮਝਿਆ ਜਾਂਦਾ ਰਿਹਾ ਹੈ। ਜਿਹੜੇ ਇਸ ਸ਼ਬਦ ਦੇ ਹੱਕ ਵਿਚ ਸਨ, ਉਹ ਕੁਝ ਹੱਦ ਤੱਕ ਇਸ ਗੱਲ ਨਾਲ ਸਹਿਮਤ ਸਨ, ਕਿਉਂਕਿ ਇਨ੍ਹਾਂ ਅਨੁਸ਼ਾਸਨਾਂ ਨੂੰ ਕੁਝ ਵਿਗਿਆਨਾਂ ਦੇ ਨੇੜੇ ਲੈ ਆਉਂਦਾ ਗਿਆ ਸੀ, ਜਿਵੇਂ ਕਿ ਭੌਤਿਕ ਮਾਨਵ-ਵਿਗਿਆਨ ਅਤੇ ਸਰੀਰਕ ਕ੍ਰਿਆ ਵਿਗਿਆਨ-ਮਨੋਵਿਗਿਆਨ, ਇਹ ਮਨੁੱਖੀ ਵਿਵਹਾਰ ਨਾਲ ਵੀ ਸਬੰਧਿਤ ਹਨ।

ਸਮਾਜ ਵਿਗਿਆਨ ਨਾਲ ਸਬੰਧਿਤ ਸਾਰੀਆਂ ਸ਼ਾਖਾਵਾਂ ਮਨੁੱਖਾਂ ਦੇ ਸਮਾਜਿਕ ਸਬੰਧਾਂ ਉੱਤੇ ਆਧਾਰਿਤ ਹਨ। ਅਕਸਰ ਇਨ੍ਹਾਂ ਦੇ ਅਧਿਐਨ ਵੇਲੇ ਸਮਾਜ ਵਿਗਿਅਨ ਸ਼ਬਦ ਨੂੰ ਬਹੁਵਚਨ ਰੂਪ ਵਿਚ ਲਿਆ ਜਾਂਦਾ ਹੈ। ਹਾਲਾਂਕਿ, ਮਨੁੱਖ ਦੇ ਸਮਾਜਿਕ ਵਿਵਹਾਰ ਨੂੰ ਪੁਰਾਤਨ ਕਾਲ ਤੋਂ ਹੀ ਪੜ੍ਹਿਆ ਜਾ ਰਿਹਾ ਹੈ ਪਰੰਤੂ 18ਵੀਂ ਸਦੀ ਦੀ ਪੁਨਰ-ਜਾਗ੍ਰਤੀ ਤੋਂ ਬਾਅਦ ਆਧੁਨਿਕ ਸਮਾਜ ਵਿਗਿਆਨ ਨੇ ਬਤੌਰ ਅਨੁਸ਼ਾਸਨ ਇਸ ਦਾ ਵਿਗਿਆਨਕ ਵਿਧੀਆਂ ਨਾਲ ਅਧਿਐਨ ਆਰੰਭ ਦਿੱਤਾ ਸੀ। ਸਮਾਜ ਵਿਗਿਆਨ, ਗਿਆਨ ਦੀਆਂ ਉਨ੍ਹਾਂ ਸਾਰੀਆਂ ਸ਼ਾਖਾਵਾਂ ਨੂੰ ਕਿਹਾ ਜਾਂਦਾ ਹੈ, ਜਿਹੜੀਆਂ ਮਨੁੱਖ ਦੇ ਸਮਾਜਿਕ ਰਿਸ਼ਤਿਆਂ ਨਾਲ ਸਬੰਧਿਤ ਹੁੰਦੀਆਂ ਹਨ। ਆਮ ਤੌਰ ਤੇ ਇਸ ਅਧਿਐਨ ਨੂੰ ਬਤੌਰ ਬਹੁਵਚਨ ਲਿਆ ਜਾਂਦਾ ਹੈ ਜਿਵੇਂ ਕਿ ਸਮਾਜ-ਵਿਗਿਆਨਾਂ। ਭਾਵੇਂ ਕਿ ਮਨੁੱਖੀ ਸਮਾਜਿਕ ਵਿਵਹਾਰ ਦਾ ਪ੍ਰਾਚੀਨ ਕਾਲ ਤੋਂ ਹੀ ਅਧਿਐਨ ਕੀਤਾ ਜਾ ਰਿਹਾ ਹੈ, ਫੇਰ ਵੀ 18ਵੀਂ ਸਦੀ ਦੇ ਪੁਨਰ ਜਾਗਰਣ ਤੋਂ ਸਮਾਜ ਵਿਗਿਆਨ ਨੇ ਬਤੌਰ ਅਨੁਸ਼ਾਸਨ, ਇਸਨੂੰ ਵਿਗਿਆਨ ਢੰਗ ਨਾਲ ਖੋਜਿਆ ਹੈ। ਸਭ ਤੋਂ ਪਹਿਲਾਂ ਅਰਥਸ਼ਾਸਤਰ ਉੱਤੇ ਇਹ ਖੋਜ ਕੇਂਦ੍ਰਿਤ ਕੀਤੀ ਗਈ ਪਰੰਤੂ 19ਵੀ ਸਦੀ ਤੱਕ ਵੱਖ ਵੱਖ ਅਨੁਸ਼ਾਸਨ ਹੋਂਦ ਵਿਚ ਆ ਗਏ। 19ਵੀ ਸਦੀ ਨੂੰ ਵਿਆਪਕ ਸਿੱਧਾਂਤਾਂ ਦੇ ਵਿਕਾਸ ਨਾਲ ਜਾਣਿਆ ਜਾਂਦਾ ਹੈ। (ਜਿਵੇਂ ਕਿ ਆਗਸਤ ਕਾਮਟੇ ਦਾ ਕਾਰਜ, ਮਾਰਕਸ ਅਤੇ ਹਰਬਰਟ ਸਪੈਂਸਰ ਦਾ ਕਾਰਜ)। 20ਵੀਂ ਸਦੀ ਦਾ ਵਿਕਾਸ ਇਨ੍ਹਾਂ ਦਿਸ਼ਾਵਾਂ ਵਿਚ ਹੋਇਆ, ਪਰਿਮਾਣਾਤਮਕ ਢੰਗਾਂ ਅਤੇ ਅੰਕੜਾ ਤਕਨੀਕਾਂ ਵਿਚ ਸੁਧਾਰ ਅਤੇ ਵੱਧ ਵਰਤੋਂ, ਅਨੁਭਵ-ਸਿੱਧ ਢੰਗਾਂ ਦੀ ਵੱਧ ਵਰਤੋਂ, ਜੋ ਕਿ ਆਮ ਸਿੱਧਾਂਤ ਦੇ ਵਿਰੁੱਧ ਸੀ, ਅਤੇ ਸਮਾਜ ਵਿਗਿਆਨ ਦੇ ਗਿਆਨ ਨੂੰ ਸਿੱਧੇ ਰੂਪ ਵਿਚ ਵਰਤਣਾ ਸੀ। ਹੁਣ ਸਮਾਜ ਵਿਗਿਆਨ ਦੇ ਵਿਭਾਗ ਯੂਨੀਵਰਸਿਟੀ ਵਿਚ ਪੱਕੇ-ਪੈਰੀਂ ਖੁੱਲਣ ਲਗ ਪਏ ਹਨ ਅਤੇ ਸਮਾਜ-ਵਿਗਿਆਨੀਆਂ ਨੂੰ ਭਵਿੱਖ-ਯੋਜਨਾ ਲਈ ਉਦਯੋਗਿਕ ਸੰਸਥਾਵਾਂ ਅਤੇ ਸਰਕਾਰਾਂ ਵੱਲੋਂ ਸਲਾਹ ਲਈ ਅਕਸਰ ਬੁਲਾਇਆ ਜਾਂਦਾ ਹੈ।

ਅੰਤਰਰਾਸ਼ਟਰੀ ਇਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸਿਜ਼ ਵਿਚ ਸਮਾਜ ਵਿਗਿਆਨ ਵਿਸ਼ੇ ਵਿੱਚ ਮਾਨਵ-ਵਿਗਿਆਨ, ਭਾਸ਼ਾ ਵਿਗਿਆਨ, ਅਰਥ ਸ਼ਾਸਤਰ, ਬਿਜਨੈੱਸ ਮੈਨੇਜਮੈਂਟ, ਭੂਗੋਲ (ਭੌਤਿਕ ਭੂਗੋਲ ਨੂੰ ਛੱਡ ਕੇ) ਇਤਿਹਾਸ, ਕਾਨੂੰਨ, ਰਾਜਨੀਤੀ ਵਿਗਿਆਨ, ਲੋਕ ਪ੍ਰਸ਼ਾਸਨ, ਅੰਤਰਰਾਸ਼ਟਰੀ ਸਬੰਧ, ਮਨੋਚਕਿਤਸਾ, ਮਨੋਵਿਗਿਆਨ, ਸਮਾਜ-ਸ਼ਾਸਤਰ, ਅਪਰਾਧ ਵਿਗਿਆਨ, ਜਨ ਅੰਕੜਾ ਵਿਗਿਆਨ ਅਤੇ ਅੰਕੜਾ-ਵਿਗਿਆਨ ਨੂੰ ਸ਼ਾਮਿਲ ਕੀਤਾ ਗਿਆ ਹੈ।

ਇਨਸਾਈਕਲੋਪੀਡੀਆ ਆਫ ਲਾਇਬ੍ਰੇਰੀ ਐਂਡ ਇਨਫਰਮੇਸ਼ਨ-ਸਾਇੰਸ ਵਿਚ ਸਮਾਜ ਵਿਗਿਆਨ ਦੀ ਪਰਿਭਾਸ਼ਾ, ਪ੍ਰਾਪੰਰਿਕ ਵਿਸ਼ਾ ਨਾਮਕਰਣ ਤੇ ਆਧਾਰਿਤ ਹੈ। ਜਿਸ ਵਿਚ ਇਹ ਵਿਸ਼ੇ ਸ਼ਾਮਿਲ ਹਨ : ਮਾਨਵ ਵਿਗਿਆਨ, ਅਪਰਾਧ ਵਿਗਿਆਨ, ਅਰਥ ਸ਼ਾਸਤਰ, ਸਿੱਖਿਆ, ਪ੍ਰਾਕ੍ਰਿਤੀ-ਯੋਜਨਾ, ਖੇਤੀ-ਬਾੜੀ ਸੰਬੰਧਿਤ ਅਰਥ ਵਿਵਸਥਾ,

ਫਿਊਚਰੋਲੋਜੀ, ਭੂਗੋਲ, ਇਤਿਹਾਸ, ਭਾਸ਼ਾ ਵਿਗਿਆਨ, ਮੈਨੇਜਮੈਂਟ, ਰਾਜਨੀਤੀ ਵਿਗਿਆਨ, ਮਨੋਵਿਗਿਆਨ, ਸਮਾਜਿਕ ਨੀਤੀ ਅਤੇ ਸਮਾਜਿਕ ਪ੍ਰਬੰਧ, ਸਮਾਜ ਸ਼ਾਸਤਰ, ਅੰਕੜਾ ਵਿਗਿਆਨ, ਅਤੇ ਖੋਜ ਕਾਰਜ-ਪ੍ਰਣਾਲੀ। ਇਸ ਪਰਿਭਾਸ਼ਾ ਵਿਚ ਕਾਨੂੰਨ ਨੂੰ ਹਾਲੇ ਸਮਾਜ ਵਿਗਿਆਨ ਦਾ ਪ੍ਰਮੁੱਖ ਖੇਤਰ ਨਹੀਂ ਦੱਸਿਆ ਗਿਆ।

ਭਾਰਤ ਵਿਚ ਸਮਾਜ ਵਿਗਿਆਨ ਦੀ ਖੋਜ ਸਬੰਧੀ ਪ੍ਰਮੁੱਖ ਸੰਸਥਾ ਇੰਡੀਅਨ ਕਾਂਸਲ ਆਫ ਸੋਸ਼ਲ ਸਾਇੰਸਿਜ਼ ਰਿਸਰਚ (ਆਈ ਸੀ ਐਸ ਐਸ ਆਰ) ਨੇ ਸਮਾਜ ਵਿਗਿਆਨ ਦੀ ਖੋਜ ਲਈ ਨਿਮਨ ਲਿਖਤ ਅਨੁਸ਼ਾਸਨਾਂ ਨੂੰ ਮਾਨਤਾ ਦਿੱਤੀ ਹੈ : ਅਰਥ ਸ਼ਾਸਤਰ (ਵਣਜ ਸਹਿਤ), ਸਿੱਖਿਆ, ਮੈਨੇਜਮੈਂਟ (ਬਿੱਜਨੈਸ ਐਡਮਿਨਿਸਟ੍ਰੇਸ਼ਨ ਸਹਿਤ) ਰਾਜਨੀਤੀ ਵਿਗਿਆਨ (ਅੰਤਰਰਾਸ਼ਟਰੀ ਸਬੰਧਾਂ ਸਹਿਤ), ਮਨੋਵਿਗਿਆਨ, ਲੋਕ ਪ੍ਰਸ਼ਾਸਨ ਅਤੇ ਸਮਾਜ ਸ਼ਾਸਤਰ (ਅਪਰਾਧ ਵਿਗਿਆਨ ਅਤੇ ਸਮਾਜਿਕ ਕਾਰਜ ਸਹਿਤ)। ਆਈ ਸੀ ਐਸ ਐਸ ਆਰ ਇਨ੍ਹਾਂ ਅਨੁਸ਼ਾਸਨਾਂ ਦੇ ਸਮਾਜ ਵਿਗਿਆਨ ਪੱਖ ਸਬੰਧੀ ਤਜ਼ਵੀਜ਼ਾਂ ਵਿਚ ਵੀ ਸਹਿਯੋਗ ਦਿੰਦੀ ਹੈ : ਮਾਨਵ ਵਿਗਿਆਨ, ਭੂਗੋਲ, ਇਤਿਹਾਸ, ਕਾਨੂੰਨ, ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਅਤੇ ਭਾਸ਼ਾ ਵਿਗਿਆਨ ਆਦਿ।

ਇਸ ਪ੍ਰਕਾਰ ਅਸੀਂ ਦੇਖ ਚੁੱਕੇ ਹਾਂ ਕਿ ਸ਼ਬਦ ਸਮਾਜ ਵਿਗਿਆਨ ਦੇ ਕਲਾਵੇ ਵਿਚ ਬਹੁਤ ਸਾਰੇ ਵਿਸ਼ੇ ਸਮਾਏ ਹੋਏ ਹਨ, ਜਿਹੜੇ ਮਨੁੱਖ ਦੇ ਸਮਾਜ ਨਾਲ ਰਿਸ਼ਤੇ ਬਾਰੇ ਗੱਲ ਕਰਦੇ ਹਨ। ਸਮਾਜ ਵਿਗਿਆਨ ਦੀਆਂ ਪਰਿਭਾਸ਼ਾਵਾਂ ਵਿਚ ਅੰਤਰ ਹੈ ਅਤੇ ਰਾਵਾਂ ਵਿਚ ਵੀ ਅੰਤਰ ਹੈ ਕਿ ਕੀ ਇਤਹਾਸ, ਭੂਗੋਲ, ਕਾਨੂੰਨ, ਮਨੋਵਿਗਿਆਨ, ਮਨੋਚਿਕਿਤਸਾ ਆਦਿ ਸਮਾਜ ਵਿਗਿਆਨ ਦੇ ਘੇਰੇ ਵਿਚ ਆਉਂਦੇ ਹਨ ਜਾਂ ਨਹੀਂ। ਭਾਰਤੀ ਸੰਦਰਭ ਵਿਚ ਅਸੀਂ ਆਈ ਸੀ ਐਸ ਐਸ ਆਰ ਦੁਆਰਾ ਪ੍ਰਵਾਨ ਵਿਸ਼ਿਆਂ ਨੂੰ ਸਮਾਜ ਵਿਗਿਆਨ ਵਿਚ ਮੰਨ ਸਕਦੇ ਹਾਂ।

ਰਾਸ਼ਟਰੀ ਵਿਕਾਸ ਵਿਚ ਸਮਾਜ ਵਿਗਿਆਨ ਦੇ ਰੋਲ ਨੂੰ ਵਧੇਰੇ ਕਰਕੇ ਨੀਤੀ-ਵਿਦਾਂ, ਵਿਦਵਾਨਾਂ ਅਤੇ ਪ੍ਰਸ਼ਾਸਕਾਂ ਆਦਿ ਵੱਲੋਂ ਮਾਨਤਾ ਦਿੱਤੀ ਜਾ ਰਹੀ ਹੈ। ਸਮਾਜ ਵਿਗਿਆਨ ਨੇ ਸਮਾਜ ਵਿਚ ਸਮਾਜਿਕ-ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ ਪ੍ਰਕਿਰਿਆਵਾਂ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਮੁੱਖ ਭੂਮਿਕਾ ਨਿਭਾਈ ਹੈ। ਇਨ੍ਹਾਂ ਪ੍ਰਕਿਰਿਆਵਾਂ ਨੂੰ ਠੀਕ ਪ੍ਰਕਾਰ ਸਮਝਣ ਲਈ, ਸਮਾਜ ਵਿਗਿਆਨ ਵਿਚ ਇਕ ਸੰਤੁਲਿਤ ਅਤੇ ਵਿਕਸਿਤ ਸੂਚਨਾ ਪ੍ਰਬੰਧ/ਸੇਵਾ ਦੀ ਬੜੀ ਲੋੜ ਹੈ।

ਸਮਾਜ ਵਿਚ ਵਿਅਕਤੀਆਂ ਦੁਆਰਾ ਅਤੇ ਸੰਗਠਨਾਂ ਦੁਆਰਾ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ। ਸੰਭਾਲ ਅਤੇ ਵਰਤੋਂ ਲਈ ਇਹ ਸੂਚਨਾ ਰਿਕਾਰਡਿਡ ਫਾਰਮੈਟ ਵਿਚ ਹੁੰਦੀ ਹੈ। ਵੱਖ ਵੱਖ ਸੋਮਿਆਂ ਤੋਂ ਸਮਾਜ ਵਿਗਿਆਨ ਸਬੰਧੀ ਸੂਚਨਾ ਬੜੀ ਵਿਸ਼ਾਲ ਹੈ। ਸੂਚਨਾ ਅਤੇ ਗਿਆਨ ਦੇ ਪਹਿਲਾਂ ਮੌਜੂਦ ਭੰਡਾਰ ਵਿਚ ਇਹ ਹਰ ਨਵੀਂ ਸੂਚਨਾ ਵਾਧਾ ਕਰਦੀ ਹੈ। ਇਹ ਸੂਚਨਾ ਵੱਖ ਵੱਖ ਮੀਡੀਆ ਅਤੇ ਸ੍ਰੋਤਾਂ ਦੇ ਰਾਹੀਂ ਪਹੁੰਚਦੀ ਹੈ। ਇਹ ਪੁਸਤਕ ਜਾਂ ਦਸਤਾਵੇਜ਼ਾਂ ਹੋ ਸਕਦਾ ਹੈ, ਰਸਾਲੇ ਦਾ ਕੋਈ ਲੇਖ ਜਾਂ ਪ੍ਰਾਚੀਨ ਸਾਹਿਤ, ਛਪਿਆ ਹੋਇਆ ਜਾ ਅਣਛਪਿਆ ਹੋ ਸਕਦਾ ਹੈ ਮਸਲਨ: ਆਡੀਓ-ਵਿਯੂਅਲ, ਮਾਈਕਰੋਫਿਲਮ ਅਤੇ ਕੰਪਿਊਟਰ ਤੇ ਪੜ੍ਹਨਯੋਗ ਹੋ ਸਕਦਾ ਹੈ। ਇਸ ਸੂਚੀ ਵਿਚ ਕੋਈ ਵੀ ਮਾਧਿਅਮ ਹੋ ਸਕਦਾ ਹੈ, ਜਿਹੜਾ ਸੂਚਨਾ ਮੁਹੱਈਆ ਕਰਦਾ ਹੋਵੇ।

ਸਮਾਜ ਵਿਗਿਆਨ ਵਿਚ ਸੂਚਨਾ ਲੈਣ ਵਾਲਿਆਂ ਦਾ ਕਾਫੀ ਵੱਡਾ ਸਮੂਹ ਹੈ, ਜਿਸ ਵਿਚ ਵਿਦਿਆਰਥੀ, ਅਧਿਆਪਕ, ਵਿਦਵਾਨ, ਵਪਾਰੀ, ਉਦਯੋਗਪਤੀ, ਨੀਤੀ-ਘਾੜੇ, ਵਿਧਾਇਕ, ਯੋਜਨਾਕਾਰ ਅਤੇ ਆਮ ਜਨਤਾ ਸ਼ਾਮਿਲ ਹੈ। ਕੌਮ ਦੀ ਉਸਾਰੀ ਵਿਚ ਸਮਾਜ ਵਿਗਿਆਨ ਸੂਚਨਾ ਦੀ ਅਹਿਮੀਅਤ ਨੂੰ ਸਮਝਦੇ ਹੋਏ, ਵਰਤੋਂ ਕਰਨ ਵਾਲਿਆਂ ਨੂੰ ਸੂਚਨਾ ਪ੍ਰਦਾਨ ਕਰਨ ਲਈ ਕਈ ਕਿਸਮ ਦੇ ਸੰਦ ਅਤੇ ਤਕਨੀਕਾਂ ਅਪਨਾਈਆਂ ਗਈਆਂ ਹਨ। ਰਾਸ਼ਟਰੀ, ਖੇਤਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਇਸ ਪਾਸੇ ਸੂਚਨਾ ਸੋਮੇ, ਵਿਧੀਆਂ ਅਤੇ ਸੇਵਾਵਾਂ ਅਪਨਾਈਆਂ ਗਈਆਂ ਹਨ।

ਸਮਾਜ ਵਿਗਿਆਨ, ਅਕਾਦਮਿਕ ਅਨੁਸ਼ਾਸਨਾਂ ਦਾ ਇਕ ਸਮੂਹ ਹੁੰਦਾ ਹੈ ਜਿਹੜਾ ਦੁਨੀਆਂ ਦੇ ਮਾਨਵੀ ਪੱਖ ਦੇ ਅਧਿਐਨ ਕਰਦਾ ਹੈ। ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ ਸੀ ਟੀ) ਹਰੇਕ ਵਿਸ਼ੇ ਦੇ ਸਾਹਿਤ ਵਿਚ ਵਾਧਾ ਕਰ ਰਹੀ ਹੈ। ਸਮਾਜ ਵਿਗਿਆਨ ਦੇ ਖੋਜੀਆਂ ਦੀਆਂ ਸੂਚਨਾ ਲੋੜਾਂ ਨੂੰ ਤੇਜ਼ੀ ਨਾਲ ਇੰਟਰਨੈੱਟ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ। ਇਲੈਕਟ੍ਰਾਨਿਕ ਸੂਚਨਾ ਸ੍ਰੋਤ, ਜਿਹੜੇ ਸਮਾਜ ਵਿਗਿਆਨ ਲਈ ਲੋੜੀਂਦੇ ਹਨ, ਜਿਨ੍ਹਾਂ ਵਿਚ ਡਾਟਾ ਅਤੇ ਡਾਟਾਸੈੱਟ ਸ਼ਾਮਿਲ ਹਨ, ਨੂੰ ਸੰਸਾਰ ਪੱਧਰ ਤੇ ਲੋਕਾਂ ਲਈ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਖੋਜੀਆਂ ਲਈ ਇੰਟਰਨੈੱਟ ਇਹ ਸੂਚਨਾ ਉਨ੍ਹਾਂ ਦੇ ਡੈਸਕਟਾਪ ਤੱਕ ਪਹੁੰਚਾ ਦਿੰਦਾ ਹੈ। ਇੰਟਰਨੈਟ ਦੀ ਜਾਣਕਾਰੀ ਨਾ ਹੋਣ ਕਾਰਣ, ਕੁਝ ਖੋਜੀਆਂ ਨੂੰ ਕਿਸੇ ਸੂਚਨਾ ਸ੍ਰੋਤ ਨੂੰ ਤੇਜੀ ਨਾਲ ਲੱਭਣ ਅਤੇ ਦਰੁੱਸਤ ਕਰਨ ਵਿਚ ਮੁਸ਼ਕਿਲ ਆਉਂਦੀ ਹੈ।

## 9.2 **ਵਰਲਡ-ਵਾਈਡ ਵੈੱਬ** (World Wide Web):

ਵਰਲਡ-ਵਾਈਡ ਵੈੱਬ, ਇੰਟਰਨੈੱਟ ਉੱਤੇ ਸੂਚਨਾ ਅਦਲ-ਬਦਲ ਦਾ ਸਭ ਤੋਂ ਸੂਖਮ ਅਤੇ ਸੂਝਵਾਨ ਢੰਗ ਹੈ। ਖੋਜੀ ਨੂੰ ਲੱਖਾਂ ਐਸੇ 'ਵੈੱਬ ਪੰਨੇ' ਮਿਲ ਜਾਂਦੇ ਹਨ, ਜਿਨ੍ਹਾਂ ਵਿਚ ਡਾਟਾ ਸ੍ਰੋਤ, ਸੂਚਨਾ ਅਤੇ/ਜਾਂ ਹੋਰ ਅਗਲੇਰੇ ਲਿੰਕਸ ਹੁੰਦੇ ਹਨ। ਵੈੱਬ ਪੰਨੇ ਦੇ ਸ੍ਰੋਤਾਂ ਨੂੰ ਵੈੱਬ ਬ੍ਰਾਊਜ਼ਰ (ਜਿਵੇਂ ਨੈੱਟਸਕੇਪ) ਜਾਂ ਟੈਕਸਚੁਅਲੀ (ਮੂਲ-ਪਾਠ-ਬ੍ਰਾਊਜ਼ਰ ਸਹਿਤ, ਜਿਵੇਂ ਕਿ ਲਿੰਕਸ) ਦੇ ਨਾਲ ਦੇਖਿਆ ਜਾ ਸਕਦਾ ਹੈ। ਇਹ ਮਦਦ ਕਰਦਾ ਹੈ ਕਿ ਕਿਥੋਂ ਸ਼ੁਰੂ ਕਰਨਾ ਹੈ। ਵਰਲਡ ਵਾਈਡ ਵੈੱਬ (ਡਬਲਿਊ ਡਬਲਿਊ ਡਬਲਿਊ) ਇੰਟਰਨੈੱਟ ਉੱਤੇ ਇਕ ਪ੍ਰਮੁੱਖ ਮੂਲ-ਖਰੜੇ ਦੇ ਰੂਪ ਵਿਚ ਬਣ ਗਿਆ ਹੈ, ਇਹ ਉਸ ਦੀਆਂ ਖਾਸ ਵਿਸ਼ੇਸ਼ਤਾਈਆਂ ਕਰਕੇ ਹੈ, ਜਿਵੇਂ ਕਿ ਵਿਭਿੰਨ ਪਲੈਟਫਾਰਮਾਂ/ਤਕਨਾਲੋਜੀ/ਫਾਰਮੈੱਟਾਂ ਦਾ ਆਸਾਨੀ ਨਾਲ ਅੰਤਰਸਤਹੀਕਰਨ ਕਰਨਾ, ਮੂਨ-ਪਾਠ, ਗ੍ਰਾਫਿਕਾਂ, ਆਡੀਓ ਅਤੇ ਵੀਡਿਓ ਨੂੰ ਸੰਗ੍ਰਹਿਤ ਕਰਨ ਦਾ ਪ੍ਰਬੰਧ ਕਰਨਾ, ਅਸਿੱਧੇ ਢੰਗ ਨਾਲ ਸੂਚਨਾ ਤਕ ਪਹੁੰਚਾਉਣ ਦੀ ਇਜ਼ਾਜਤ ਦੇਣਾ, ਲਿੰਕਸ ਦੇ ਰਾਹੀਂ ਜਰੂਰੀ ਕਾਰਜ ਕਰਨਾ, ਜੋ ਕਿ ਕੋਈ ਸੂਚਨਾ ਅਸਤਿੱਤਣ ਹੋਵੇ ਆਦਿ।

ਇਸਦੇ 'ਯੂਨੀਵਰਸਲ ਰਿਸੋਰਸ ਲੋਕੇਟਰ' (ਯੂ ਆਰ ਐਲ) ਵਿਚ ਮੂਲ-ਖਰੜਾ, ਮਸ਼ੀਨ/ਮੇਜ਼ਬਾਨ (Host) ਦਾ ਨਾਮ ਅਤੇ ਫਾਈਲ ਦਾ ਨਾਮ ਸ਼ਾਮਿਲ ਹੁੰਦੇ ਹਨ, ਇਹ ਸਾਰੇ ਵੈੱਬ ਤੇ ਸੂਚਨਾ ਲੱਭ ਸਕਦੇ ਹਨ। ਯੂ ਆਰ ਐਲ ਸੂਚਨਾ ਸ੍ਰੋਤ ਤੱਕ ਪਾਰਦਰਸ਼ੀ ਢੰਗ ਨਾਲ ਪਹੁੰਚ ਕਰਦਾ ਹੈ ਅਤੇ ਵੈੱਬ ਮੁੱਖ ਤੌਰ ਤੇ 'ਗਾਹਕ-ਸਰਵਅ' ਵਿਧੀ ਉਤੇ ਕਾਰਜ ਕਰਦਾ ਹੈ। ਇਹ ਇਕ ਪੁਆਇੰਟ ਪੇਸ਼ ਕਰਦਾ ਹੈ ਅਤੇ ਇੰਟਰਫੇਸ ਨੂੰ ਕਲਿੱਕ ਕਰਦਾ ਹੈ। ਇਹ ਸਿਖਾਂਦਰੂਆਂ ਅਤੇ ਮਾਹਿਰਾਂ ਲਈ ਲਾਹੇਵੰਦ ਹੈ।

ਪ੍ਰਿੰਟ ਮੀਡੀਆ ਦੀ ਭਰਮਾਰ ਥੱਲੇ ਦੱਬ ਕੇ, ਨਜ਼ਰ ਮਾਰਨ ਦੀ ਅਲੌਕਿਕ-ਸ਼ਕਤੀ, ਜਿਹੜੀ ਅਸੀਂ ਗਵਾ ਚੁੱਕੇ ਸਾਂ, ਉਸ ਦਾ ਹੁਣ ਵੈੱਬ ਦੇ ਰਾਹੀਂ ਆਸਾਨੀ ਨਾਲ ਨਵੀਂਕਰਣ ਹੋ ਸਕਦਾ ਹੈ। ਕਿਉਂ ਜੋ ਇਹ ਸਾਨੂੰ ਅੰਤਰ ਅਤੇ ਅੰਤਰਾ-ਵਿਭਾਗ/ਸੰਗਠਨ/ਦੇਸ਼ ਦੇ ਪੱਧਰ ਤੇ ਕਾਰੋਬਾਰ ਦੁਆ ਸਕਦਾ ਹੈ। ਸੂਚਨਾ-ਪ੍ਰਦਾਨ ਕਰਨ ਵਾਲੇ ਨੂੰ ਇਹ ਪ੍ਰਿੰਟ ਮਾਧਿਅਮ ਦਾ ਵਿਵਹਾਰਕ ਬਦਲ ਪੇਸ਼ ਕਰਦਾ ਹੈ ਅਤੇ ਮੂਲ-ਪਾਠ ਤੇ ਗ੍ਰਾਫਿਕਸ/ਤਸਵੀਰਾਂ ਆਦਿ ਨੂੰ ਇਕੱਤਰ ਕਰਨ ਦੀ ਇਜਾਜਤ ਦਿੰਦਾ ਹੈ, ਜਿਸ ਨਾਲ ਉਤਪਾਦਨ ਅਤੇ ਵੰਡ ਵਿਚ ਸਮੇ ਅਤੇ ਪੈਸੇ ਦੀ ਕਾਫੀ ਬੱਚਤ ਹੁੰਦੀ ਹੈ।

ਵਰਲਡ ਵਾਈਡ ਵੈੱਬ ਦੇ ਵਿਕਾਸ ਨਾਲ, ਆਨਲਾਈਨ ਹਵਾਲਾ ਸ੍ਰੋਤਾਂ ਵਿਚ ਵੀ ਤੇਜ਼ੀ ਆਈ ਹੈ। ਇਨ੍ਹਾਂ ਵਿਚੋਂ ਕਈ ਤਾਂ ਪਹਿਲਾਂ ਮੌਜੂਦ ਪੇਪਰ ਸ੍ਰੋਤਾਂ ਦਾ ਇਲੈਕਟ੍ਰਾਨਿਕ ਰੂਪ ਹੀ ਹਨ, ਜਦੋਂ ਕਿ ਕਈਆਂ ਦਾ ਕੋਈ ਪੇਪਰ-ਸ੍ਰੋਤ ਉਪਲਬੱਧ ਨਹੀਂ ਹੈ। ਵੈੱਬ ਉਤੇ ਬਹੁਤ ਸਾਰੇ ਉੱਤਮ ਕਿਸਮ ਦੇ ਹਵਾਲਾ ਸ੍ਰੋਤਾਂ ਲਈ ਚੰਦਾ ਲਿਆ ਜਾਂਦਾ ਹੈ ਪਰੰਤੂ ਕਾਫੀ ਮਾਤਰਾਂ ਵਿਚ ਕੁਆਲਿਟੀ ਸ੍ਰੋਤ ਮੁਫਤ ਵੀ ਉਪਲਬੱਧ ਹਨ।

ਵਰਲਡ ਵਾਈਡ ਵੈੱਬ ਖੋਜੀਆਂ ਨੂੰ ਲਾਹੇਵੰਦ ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਵੱਖ ਵੱਖ ਇਲੈਕਟ੍ਰਾਨਿਕ ਸੂਚਨਾ ਸ੍ਰੋਤਾਂ ਅਤੇ ਸਾਈਬਰਸਪੇਸਾਂ ਤੇ ਉਲਪਬੱਧ ਸੇਵਾਵਾਂ ਹੀ ਮੁਹੱਈਆ ਕਰਦਾ ਹੈ। ਇਹ ਕਾਰਜ ਲਾਇਬ੍ਰੇਰੀ ਹੋਮ-ਪੇਜ ਤਿਆਰ ਕਰਕੇ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿਚ ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਪ੍ਰਦਾਨ ਕਰਨ ਦੀ ਪਰੰਪਰਾ ਤੇ ਚਲੇ ਆ ਰਹੇ ਢੰਗਾਂ ਵਿਚ ਬਹੁਤ ਜ਼ਿਆਦਾ ਬਦਲਾਵ ਆ ਗਿਆ ਹੈ, ਇਹ ਖਾਸ ਤੌਰ ਤੇ ਇੰਟਰਨੈੱਟ ਅਤੇ ਨਵੀਂ ਤਕਨਾਲੋਜੀ ਦੇ ਪ੍ਰਯੋਗ ਕਾਰਨ ਹੋ ਰਿਹਾ ਹੈ। ਪਾਠਕਾਂ ਦੀਆਂ ਮੰਗਾਂ ਅਤੇ ਆਸਾਂ ਵੀ ਬਹੁਤ ਜ਼ਿਆਦਾ ਵੱਧ ਗਈਆਂ ਹਨ। ਇਸ ਬਦਲੇ ਹੋਏ ਦ੍ਰਿਸ਼ ਕਾਰਣ, ਸੰਸਾਰ ਦੀਆਂ ਬਹੁਤ ਸਾਰੀਆਂ ਲਾਇਬ੍ਰੇਰੀਆਂ ਵੈੱਬ ਆਧਾਰਿਤ ਸੇਵਾਵਾਂ ਜਿਵੇਂ ਕਿ ਵੈੱਬ ਕੈਟਾਲਾਗ, ਵੈੱਬ ਖੋਜ ਇੰਜਨ, ਵੈੱਬ ਫਾਰਮ ਆਦਿ ਖੋਜ ਰਹੀਆਂ ਅਤੇ ਪੇਸ਼ ਕਰ ਰਹੀਆਂ ਹਨ। ਉਹ ਅਜਿਹਾ ਆਪਣੇ ਪਾਠਕਾਂ ਦੀਆਂ ਲਾਇਬ੍ਰੇਰੀ ਅਤੇ ਸੂਚਨਾ ਮੰਗਾਂ ਨੂੰ ਪੂਰਾ ਕਰਨ ਲਈ ਕਰ ਰਹੀਆਂ ਹਨ। ਐਪਰ, ਅਜਿਹੀਆਂ ਵੈੱਬ-ਆਧਾਰਿਤ ਸੇਵਾਵਾਂ ਦਾ ਉਪਬੰਧ ਆਪਣੇ ਆਪ ਵਿਚ ਅੰਤਿਮ ਨਹੀਂ ਹੈ। ਲਾਇਬ੍ਰੇਰੀਆਂ ਲਈ ਇਹ ਅਤਿਆਵਸ਼ੱਕ ਹੈ ਕਿ ਉਹ ਇਨ੍ਹਾਂ ਨਵੀਆਂ ਸੇਵਾਵਾਂ ਨੂੰ ਲਾਗੂ ਕਰਨ ਲਈ ਖੁਦ ਜਾਗ੍ਰਿਤ ਹੋਣ ਅਤੇ ਇਨ੍ਹਾਂ ਦੀ ਲੋੜੀਂਦੀ ਸਿਖਲਾਈ ਲੈਣ, ਤਾਂਕਿ ਤਬਦੀਲੀ ਲਈ ਹਾਂ-ਪੱਖੀ ਮਾਹੌਲ ਬਣਾ ਸਕਣ। ਪ੍ਰਬੰਧਕੀ ਤਬਦੀਲੀ ਦਾ ਅਰਥ ਹੈ ਕਿ ਦਿਸ਼ਾ ਨਿਰਦੇਸ਼ ਨੂੰ ਅਸਲ ਵਿਚ ਲਿਆਉਣਾ ਅਤੇ ਕੰਟਰੋਲ ਕਰਨਾ, ਇਸ ਨਾਲ ਹੀ ਤਬਦੀਲੀ ਦੇ ਨਤੀਜਿਆਂ ਨੂੰ ਕੁਝ ਹੱਕ ਤੱਕ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਤੇਜ਼ੀ ਨਾਲ ਆ ਰਹੀ ਤਕਨਾਲੋਜੀ ਨੇ ਅਕਾਦਮਿਕ ਲਾਇਬ੍ਰੇਰੀਆਂ ਵਿਚ ਬੇਮਿਸਾਲ ਢੰਗਾਂ ਨਾਲ ਤਬਦੀਲੀ ਲਿਆਂਦੀ ਹੈ। ਅਸਲ ਵਿਚ ਪ੍ਰਬੰਧਕੀ ਤਬਦੀਲੀਆਂ, ਅਜੋਕੀਆਂ ਅਤੇ ਆਉਣ ਵਾਲੀਆਂ ਲਾਇਬ੍ਰੇਰੀਆਂ ਲਈ ਅਹਿਮ ਚੁਨੌਤੀ ਹੈ। ਬਹੁਤ ਸਾਰੀਆਂ ਤਕਨੀਕਾਂ, ਪ੍ਰਕਿਰਿਆਵਾਂ, ਸਿਧਾਂਤ ਅਤੇ ਕਾਰਜ-ਪ੍ਰਣਾਲੀਆਂ ਤਜਵੀਜੀਆਂ ਗਈਆਂ ਹਨ, ਤਾਂਕਿ ਲਾਇਬ੍ਰੇਰੀਅਨਾਂ ਨੂੰ ਇਸ ਤਬਦੀਲੀ ਨਾਲ ਨਜਿੱਠਣ ਵਿਚ ਮਦਦ ਮਿਲ ਸਕੇ। ਲਾਇਬ੍ਰੇਰੀਅਨਾਂ ਨੂੰ ਇਹ ਸਿਖੱਣਾ ਪਵੇਗਾ ਕਿ ਉਹ ਕਾਰਗਰ 'ਚੇਂਜ ਏਜੰਟ' ਕਿਵੇਂ ਬਣ ਸਕਦੇ ਹਨ। ਇਨ੍ਹਾਂ ਇੰਟਰਨੈੱਟ ਵਿਚਲੀਆਂ ਤਬਦੀਲੀਆਂ ਨਾਲ ਨਜਿੱਠਣ ਲਈ ਇਕ ਜੁਗਤ ਇਹ ਹੈ ਕਿ ਖੋਜੀਆਂ/ਵਰਤੋਂ ਕਰਨ ਵਾਲਿਆਂ ਨੂੰ ਸਿਖਲਾਈ ਪ੍ਰਦਾਨ ਕੀਤੀ ਜਾਵੇ।

**9.2.1 ਵੈੱਬ-ਆਧਾਰਿਤ ਸੇਵਾਵਾਂ** (Web Based Services)**:**

ਲਾਇਬ੍ਰੇਰੀਅਨਾਂ ਨੂੰ ਵੈੱਬ-ਆਧਾਰਿਤ ਸੇਵਾਵਾਂ ਦਾ ਪ੍ਰਬੰਧ ਬਹੁਤ ਲਾਹੇਵੰਦ ਕੋਸ਼ਿਸ਼ ਜਾਪਦਾ ਹੈ। ਲਾਇਬ੍ਰੇਰੀ ਦੇ ਪਾਠਕ ਇਸ ਸੇਵਾ ਦੇ ਮੁੱਲ ਨੂੰ ਜਾਣਦੇ ਹਨ, ਜੋ ਕਿ ਉਨ੍ਹਾਂ ਦੇ ਡੈੱਸਕਟਾਪ ਤੇ ਪਹੁੰਚਾ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਸਮਾਂ ਬਚਾਂਦੀ ਹੈ। ਉਹ ਇਸ ਗੱਲ ਤੇ ਵੀ ਖੁਸ਼ ਹੁੰਦੇ ਹਨ ਕਿ ਉਹ ਆਪਣੀ ਸਹੂਲਤ ਅਨੁਸਾਰ ਅਤੇ ਲਾਇਬ੍ਰੇਰੀ ਦੇ ਸਮੇਂ ਦੀ ਬੰਦਿਸ਼ ਵੀ ਨਾ ਹੋਣ ਕਰਕੇ, ਇਸਨੂੰ ਵਰਤੋਂ ਵਿਚ ਲਿਆ ਸਕਦੇ ਹਨ। ਲਾਇਬ੍ਰੇਰੀਆਂ ਹਮੇਸ਼ਾਂ ਵੈਬ-ਆਧਾਰਿਤ ਸੇਵਾਵਾਂ ਜਿਵੇਂ ਕਿ ਕੈਟਾਲਾਗ, ਸਰਚ-ਇੰਜਨ, ਫਾਰਮ, ਹਿਦਾਇਤਾਂ, ਡਿਸਟੈਂਸ ਲਰਨਿੰਗ, ਈ-ਰਿਜ਼ਰਵਜ਼ ਆਦਿ ਪ੍ਰਦਾਨ ਕਰ ਰਹੀਆਂ ਹਨ।

**9.2.3 ਵੈੱਬ ਕੈਟਾਲੱਾਗ** (Web Catalogues)**:**

ਵਰਲਡ-ਵਾਈਡ ਵੈੱਬ ਦੇ ਜ਼ਰੀਏ ਤਕਨੀਕੀ ਸੇਵਾਵਾਂ ਦੇ ਕਾਰਜ ਲਈ ਹੁਣ ਬਹੁਤ ਜ਼ਿਆਦਾ ਸ੍ਰੋਤ ਉਪਲਬੱਧ ਹੁੰਦੇ ਹਨ। ਇਨ੍ਹਾਂ ਵਿਚੋਂ ਕੁਝ ਸ੍ਰੋਤ ਕਮਰਸ਼ਲ-ਵੈਂਡਰਾਂ ਨੂੰ ਫੀਸ ਅਦਾ ਕਰਕੇ ਮੁਹੱਈਆ ਕੀਤੇ ਜਾਂਦੇ ਹਨ। ਬਹੁਤੇ ਸ੍ਰੋਤ ਮੁਫਤ ਹੁੰਦੇ ਹਨ, ਕੁਝ ਤਾਂ ਖਾਸ ਲਾਇਬ੍ਰੇਰੀਆਂ ਵੱਲੋਂ ਅਤੇ ਕੁਝ ਸਿਆਣੇ ਤੇ ਉਤਸ਼ਾਹੀ ਵਿਅਕਤੀਆਂ ਵੱਲੋਂ ਤਿਆਰ ਕੀਤੇ ਹੁੰਦੇ ਹਨ।

ਵੈੱਬ ਬੇਸਡ ਆਨਲਾਈਨ ਪਬਲਿਕ ਐਕਸੈਸ ਕੈਟਾਲਾਗਜ਼ (Welopacs) 1990 ਦੇ ਅਖੀਰ ਵਿਚ ਹੋਂਦ ਅੰਦਰ ਆਉਣ ਲਗੇ ਸਨ ਅਤੇ ਬਹੁਤ ਸਾਰੀਆਂ ਲਾਇਬ੍ਰੇਰੀਆਂ ਅੱਜ ਵੀ ਇਨ੍ਹਾਂ ਨੂੰ ਲਾਗੂ ਕਰ ਰਹੀਆਂ ਹਨ। ਵਰਲਡ ਵਾਈਡ ਵੈੱਬ ਦੁਆਰਾ ਦਿੱਤੀਆਂ ਆਪਸ਼ਨਾਂ ਨੂੰ ਵਰਤੋਂ ਵਿਚ ਲਿਆਉਣ ਵੇਲੇ, ਓ ਪੀ ਏ ਸੀ ਐਸ (OPACs) ਨੂੰ ਆਰੰਭਕ ਨੁਕਤਾ ਬਣਾਇਆ ਜਾ ਸਕਦਾ ਹੈ, ਜਦੋਂ ਵੈਬ ਨੂੰ ਵਿਗਿਆਨਕ ਅਤੇ ਤਕਨੀਕੀ ਸੂਚਨਾ ਲਈ ਖੋਜਿਆ ਜਾ ਰਿਹਾ ਹੋਵੇ।

ਅਸਲ ਵਿਚ ਵੈੱਬ ਓ ਪੀ ਏ ਸੀ ਐਸ ਖੋਜੀਆਂ ਲਈ ਕੇਵਲ ਲਾਇਬ੍ਰੇਰੀ ਸਮੱਗਰੀ, ਸਰਲ ਤੇ ਸੌਖੇ ਢੰਗ ਨਾਲ ਮੁਹੱਈਆ ਹੀ ਨਹੀਂ ਕਰਦੀ, ਸਗੋਂ ਲਾਇਬ੍ਰੇਰੀਅਨਾਂ ਨੂੰ ਉਨ੍ਹਾਂ ਦੇ ਕੈਟਾਲਾਗ ਡਾਟੇ ਨੂੰ ਵੱਡਮੁੱਲਾ ਬਣਾਉਣ ਵਿਚ ਵੀ ਸਹਾਈ ਹੁੰਦੀ ਹੈ।

**9.2.4 ਵੈੱਬ-ਸਰਚ ਇੰਜਨ** (Web Search Engines)**:**

ਵੈੱਬ-ਪੇਜ ਲੱਭਣ ਲਈ ਸਰਚ ਇੰਜਨ ਖਾਸ ਸੰਦ ਹੁੰਦੇ ਹਨ, ਉਹ ਵੈੱਬ ਪੇਜ਼ਾਂ ਤੋਂ ਉਨ੍ਹਾਂ ਸ਼ਬਦਾਂ ਨੂੰ ਲੱਭ ਲੈਂਦੇ ਹਨ, ਜਿਹੜੇ ਉਨ੍ਹਾਂ ਨੂੰ ਆਪਣੇ ਡਾਟਾਬੇਸ ਵਿਚ ਨਜ਼ਰੀ ਆਉਂਦੇ ਹਨ। ਇਹ ਸਦਾ ਇਕ ਚੰਗਾ ਵਿਚਾਰ ਹੁੰਦਾ ਹੈ ਕਿ ਇਕ ਪੇਜ ਤਿਆਰ ਕਰ ਲਿਆ ਜਾਵੇ ਜਿਸਦਾ ਲਿੰਕ ਸਰਚ-ਇੰਜਨ ਨਾਲ ਹੋਵੇ ਤਾਂ ਕਿ ਲਾਇਬ੍ਰੇਰੀਅਨ ਉਨ੍ਹਾਂ ਨੂੰ ਸੌਖੀ ਤਰ੍ਹਾਂ ਇਸਤੇਮਾਲ ਕਰ ਸਕਣ ਤੇ ਉਨ੍ਹਾਂ ਤੇ ਨਿਰਭਰ ਕਰ ਸਕਣ। ਲਾਇਬ੍ਰੇਰੀਆਂ ਨੂੰ ਜਰੂਰ ਚਾਹੀਦਾ ਹੈ ਕਿ ਉਹ ਵਰਤੋਂ ਕਰਨ ਵਾਲੇ ਦਾ ਧਿਆਨ ਇਸ ਗੱਲ ਵੱਲ ਦੁਆਉਣ ਕਿ ਉਹ ਉਸੇ ਪੇਜ ਤੋਂ ਕੁਝ ਹੋਰ ਸਰਚ-ਟੂਲਜ਼ ਵੀ ਲੱਭ ਸਕਦੇ ਹਨ। ਇਕ ਛੋਟਾ ਜਿਹਾ ਵੱਡੇ ਅੱਖਰਾਂ ਵਿਚ ਟੈਕਸਟ-ਨੋਟ ਵੀ ਦਿੱਤਾ ਜਾ ਸਕਦਾ ਹੈ, ਤਾਂ ਕਿ ਨੌਜਵਾਨ ਪਾਠਕਾਂ/ਖੋਜੀਆਂ ਨੂੰ ਹਰੇਕ ਸਰਚ-ਇੰਜਨ ਉੱਤੇ ਸਹਾਇਤਾ ਜਾਂ ਹਿੰਟ ਮਿਲ ਸਕਣ ਅਤੇ ਉਨ੍ਹਾਂ ਨੂੰ ਕੋਈ ਚੰਗੀ ਸੂਚਨਾ ਪ੍ਰਾਪਤ ਕਰਨ ਵਿਚ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

**9.2.5 ਵੈੱਬ ਫਾਰਮ** (Web Forms)**:**

ਬਹੁਤ ਸਾਰੀਆਂ ਲਾਇਬ੍ਰੇਰੀਆਂ ਦੁਆਰਾ ਅੱਜਕਲ ਇਲੈਕਟ੍ਰਾਨਿਕ-ਮੇਲ ਦੁਆਰਾ ਇਲੈਕਟ੍ਰਾਨਿਕ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਪਰੰਤੂ ਇਨ੍ਹਾਂ ਦੀਆਂ ਵੀ ਸੀਮਾਵਾਂ ਹਨ। ਐਪਰ, ਵੈੱਬ-ਆਧਾਰਿਤ ਫਾਰਮਾਂ ਨੇ ਇਨ੍ਹਾਂ ਸੀਮਾਵਾਂ ਵਿਚ ਸੁਧਾਰ ਲਿਆਂਦਾ ਹੈ ਅਤੇ ਲਾਇਬ੍ਰੇਰੀ ਦੀਆਂ ਇਲੈਕਟ੍ਰਾਨਿਕ ਸੇਵਾਵਾਂ ਦਾ ਮੁੱਲ ਵਧਾਇਆ ਹੈ। ਫਾਰਮਾਂ ਉੱਤੇ ਪਾਠਕ ਆਪਣੇ ਵਿਚਾਰ ਲਿਖਕੇ ਲਾਇਬ੍ਰੇਰੀ ਨੂੰ ਵਾਪਸ ਪਰਤਾ ਦਿੰਦਾ ਹੈ, ਨਵੀਂ ਪੁਸਤਕ ਬਾਰੇ ਸੁਝਾਅ, ਪੁਸਤਕਾਂ ਨਵਿਆਉਣ ਸਬੰਧੀ ਜਾਂ ਲਾਇਬ੍ਰੇਰੀ ਇੰਸਟ੍ਰਕਸ਼ਨ ਕਲਾਸ ਬਾਰੇ ਬੇਨਤੀ ਜਾਂ ਹੋਰ ਬਹੁਤ ਸਾਰੇ ਵਿਕਲਪਾਂ ਵਿੱਚੋਂ ਚੋਣ ਕਰ ਸਕਦਾ ਹੈ। ਪਾਠਕਾਂ ਅਤੇ ਲਾਇਬ੍ਰੇਰੀਆਂ ਦਰਮਿਆਨ ਸੰਚਾਰ ਵੱਧ ਜਾਂਦਾ ਹੈ, ਜਦੋਂ ਇਨ੍ਹਾਂ ਵਿਚ ਇਲੈਕਟ੍ਰਾਨਿਕ-ਫਾਰਮ ਚਾਲੂ ਕੀਤੇ ਜਾਂਦੇ ਹਨ।

**9.2.6 ਜਾਣਕਾਰੀ ਅਤੇ ਸਿਖਲਾਈ** (Orientation and Training) **:**

ਲਾਇਬ੍ਰੇਰੀ ਨਿਰਦੇਸ਼ਾਂ ਲਈ ਵੈੱਬ ਮਾਹੌਲ ਇਕ ਫਾਇਦੇਮੰਦ ਸਥਾਨ ਬਣਦਾ ਜਾ ਰਿਹਾ ਹੈ। ਕਿਉਂ ਜੋ ਲਾਇਬ੍ਰੇਰੀ ਦੇ ਪਾਠਕ ਜਾਗਰੂਕ ਆਨਲਾਈਨ ਯੂਜ਼ਰ ਬਣਦੇ ਜਾ ਰਹੇ ਹਨ, ਇਸ ਲਈ ਇਹ ਮਹੱਤਵਪੂਰਣ ਹੈ ਕਿ ਲਾਇਬ੍ਰੇਰੀਅਨ ਵੀ ਉਨ੍ਹਾਂ ਨੂੰ ਆਨਲਾਈਨ ਸਹਾਇਤਾ ਦੇਣ ਲਈ ਤਿਆਰ ਰਹਿਣ। ਕੁਝ ਸਾਲਾਂ ਤੋਂ ਲਾਇਬ੍ਰੇਰੀਆਂ ਵੱਖ ਵੱਖ ਕਿਸਮ ਦੇ ਨੌਕਰੀ ਸਬੰਧੀ ਕਾਰਜ ਨਿਭਾਉਣ ਲਈ ਵੈੱਬ ਤੇ ਨਿਰਭਰ ਕਰਦੀਆਂ ਹਨ। ਇਹ ਹੈਰਾਨੀਜਨਕ ਨਹੀਂ ਕਿ ਲਾਇਬ੍ਰੇਰੀ ਸੇਵਾਵਾਂ ਪ੍ਰਦਾਨ ਕਰਨ ਲਈ ਵੈੱਬ ਹੁਣ ਇਕ ਸਮੱਰਥ ਜ਼ਰੀਆ ਬਣ ਗਿਆ ਹੈ। ਆਨਲਾਈਨ ਸ੍ਰੋਤਾਂ ਦੇ ਵੱਧਣ ਨਾਲ ਸੂਚਨਾ ਵਾਤਾਵਰਣ ਹੋਰ ਵੀ ਗੁੰਝਲਦਾਰ ਤੇ ਪੇਚੀਦਾ ਹੋ ਗਿਆ ਹੈ। ਪਾਠਕਾਂ ਨੂੰ ਰਵਾਇਤੀ ਪ੍ਰਕਾਸ਼ਿਤ ਲਾਇਬ੍ਰੇਰੀ ਸਾਧਨਾਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਹੁਣ ਇਹ ਲਾਜ਼ਮੀ ਹੋ ਗਿਆ ਹੈ ਕਿ ਇਲੈਕਟ੍ਰਾਨਿਕ ਡਾਟਾਬੇਸਾਂ ਅਤੇ ਜਰਨਲਾਂ ਦੇ ਨਾਲ ਨਾਲ ਵਰਲਡ ਵਾਈਡ ਵੈੱਬ ਸ੍ਰੋਤਾਂ ਅਤੇ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ। ਇਸ ਕੰਮ ਲਈ ਵਧੇਰੇ ਧਿਆਨ ਖੋਜ

ਅਤੇ ਮੁਲਾਂਕਣ ਵਿਧੀਆਂ ਸਬੰਧੀ ਅਗਵਾਈ ਕਰਨ ਉੱਤੇ ਦੇਣਾ ਬਣਦਾ ਹੈ। ਬਿਨਾਂ ਸ਼ੱਕ ਵੈੱਬ ਲਾਇਬ੍ਰੇਰੀਅਨਾਂ ਲਈ ਪਾਠਕਾਂ ਤੇ ਪੜ੍ਹਨ ਵਾਲੇ ਮਾਹੌਲ ਨੂੰ ਚੰਗੇਰਾ ਬਨਾਉਣ ਹਿਤ ਇਕ ਵਧੀਆ ਟੂਲ (ਸੰਦ) ਹੈ। ਪਰੰਤੂ ਵੈੱਬ ਬੇਸਡ ਲਾਇਬ੍ਰੇਰੀ ਹਿਦਾਇਤਾਂ ਲਾਇਬੇਰੀਅਨ ਅਤੇ ਪਾਠਕ ਵਿਚਲੇ ਪਰਸਪਰ ਸਬੰਧ ਲਈ ਮੁਕੰਮਲ ਬਦਲ ਨਹੀਂ ਬਣ ਸਕਦੀਆਂ ।

**9.3 ਸਮਾਜ ਵਿਗਿਆਨ ਵਿਚ ਵੈੱਬ ਆਧਾਰਿਤ ਸਾਧਨ ਅਤੇ ਸੇਵਾਵਾਂ** (Web Based Resources and Services and Services in Social Sciences) **:**

ਅਕਾਦਮਿਕ ਭਾਈਚਾਰੇ, ਜਿਵੇਂ ਕਿ ਸਿੱਖਿਅਕਾਂ ਅਤੇ ਸਿਖਿਆਰਥੀਆਂ ਲਈ ਇੰਟਰਨੈਟ ਇਕ ਮਸ਼ੱਕਤ ਟੂਲ ਬਣਕੇ ਉਭਰਿਆ ਹੈ। ਵੈੱਬ ਉੱਤੇ ਉਪਲਬੱਧ ਸ੍ਰੋਤਾਂ ਵਿਚ ਆਨਲਾਈਨ ਜਰਨਲ, ਲੇਖ, ਕਾਨਫਰੰਸ-ਕਾਰਵਾਈਆਂ, ਖੋਜ-ਪ੍ਰਾਜੈਕਟ, ਹਵਾਲਾ-ਸਮੱਗਰੀ ਆਦਿ ਸ਼ਾਮਿਲ ਹੁੰਦੀ ਹੈ। ਇੰਟਰਨੈੱਟ ਉੱਤੇ ਨਵੇਂ ਨਵੇਂ ਸ੍ਰੋਤਾਂ ਨਾਲ ਜੁੜਨਾ ਕੋਈ ਆਸਾਨ ਕੰਮ ਨਹੀਂ ਹੁੰਦਾ, ਕਿਉਂਕਿ ਹਰ ਰੋਜ਼ ਕਿੰਨੀਆਂ ਹੀ ਨਵੀਆਂ ਵੈੱਬ ਸਾਈਟਾਂ, ਡਿਸਕੱਸ਼ਨ ਸੂਚੀਆਂ, ਨਵੇਂ ਗਰੁੱਪ ਅਤੇ ਇਲੈਕਟ੍ਰਾਨਿਕ ਜਰਨਲ ਨਿਕਲ ਰਹੇ ਹਨ। ਸਮਾਜ ਵਿਗਿਆਨ ਵਿਚ ਵੈੱਬ ਆਧਰਿਤ ਸ੍ਰੋਤ ਅਤੇ ਸੇਵਾਵਾਂ ਨਿਮਨ ਅਨੁਸਾਰ ਹਨ, ਜਿਹੜੀਆਂ ਸਮਾਜ ਵਿਗਿਆਨੀਆਂ ਨੂੰ ਨਵੀਨ ਸੂਚਨਾ ਦਿੰਦੀਆਂ ਰਹਿੰਦੀਆਂ ਹਨ।

**9.4 ਯੂਨੈਸਕੋ ਸੋਸ਼ਲ ਐਂਡ ਹਿਉਮਨ ਸਾਇੰਸਿਜ਼ ਡਾਕੂਮੈਂਟੇਸ਼ਨ ਸੈਂਟਰ :**

http://www.unesco.org./shs/shsde/ : ਯੂਨੈਸਕੋ ਸੋਸ਼ਲ ਐਂਡ ਹਿਉਮਨ ਸਾਇਸਿੰਜ਼ ਡਾਕੂਮੈਂਟੇਸ਼ਨ ਸੈਂਟਰ ਸਮਾਜ ਵਿਗਿਆਨ ਵਿਚ ਅੰਤਰਰਾਸ਼ਟਰੀ ਸਹਿਯੋਗ ਦਿੰਦਾ ਹੈ। ਇਹ ਸਹਿਯੋਗ ਸੂਚਨਾ ਦੇ ਤਬਾਦਲੇ ਨਾਲ ਦਿੰਦਾ ਹੈ ਅਤੇ ਯੂਨੈਸਕੋ ਦੇ ਸਮਾਜਿਕ ਅਤੇ ਹਿਉਮਨ ਸਾਇੰਸ ਸੂਚਨਾ ਅਤੇ ਡਾਕੂਮੈਂਟੇਸ਼ਨ ਪ੍ਰੋਗਰਾਮ ਵਿੱਚ ਸਹਾਇਤਾ ਦਿੰਦਾ ਹੈ। ਇੰਟਰਨੈੱਟ ਦੀ ਸੋਸ਼ਲ ਐਂਡ ਹਿਉਮਨ ਸਾਇੰਸਿਜ਼ ਆਨਲਾਈਨ ਪਿਰੀਆਡਿਕਲਜ਼ ਵੈੱਬਸਾਈਟ ਉੱਤੇ ਸਮਾਜ ਅਤੇ ਮਾਨਵੀ-ਵਿਗਿਆਨ ਦੇ ਲਗਭਗ 700 ਵਿਗਿਆਨਕ ਰਸਾਲਿਆਂ ਵਿਚੋਂ ਮੂਲ-ਪਾਠ ਵਾਲੇ ਮੁੰਕਮਲ ਲੇਖ ਮੁਹੱਈਆ ਕੀਤੇ ਜਾਂਦੇ ਹਨ।

**9.5 ਇਨਫੋਮਾਈਨ** (INFOMINE) : **ਸਕਾਲਰਲੀ ਇੰਟਰਨੈੱਟ ਰਿਸੋਰਸ ਕੁਲੈਕਟਰਜ਼ :**

http://www.infomine.ucr.edu./main.html : ਇਨਫੋਮਾਈਲ ਜਨਵਰੀ, 1994 ਵਿਚ ਕੈਲੀਫੋਰਨੀਆਂ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੇ ਇਕ ਪ੍ਰਾਜੈਕਟ ਦੇ ਰੂਪ ਵਿਚ ਸ਼ੁਰੂ ਹੋਈ ਸੀ। ਇਹ ਕਿਸੇ ਲਾਇਬ੍ਰੇਰੀ ਦੁਆਰਾ ਕਿਸੇ ਕਿਸਮ ਦੇ ਵੈੱਬ-ਸ੍ਰੋਤ ਪੇਸ਼ ਕਰਨ ਵਾਲੀ ਪਹਿਲੀ ਸੰਸਥਾ ਸੀ। ਇਹ ਅਕਾਦਮਿਕ ਲਾਇਬ੍ਰੇਰੀਆਂ ਵਿਚੋਂ ਪਹਿਲੀ ਵੈੱਬ ਆਧਾਰਿਤ ਲਾਇਬ੍ਰੇਰੀ ਸੀ, ਜਿਸਨੇ ਵੈੱਬ ਦੀਆਂ ਉਚੇਰੇ ਮੂਲ-ਪਾਠ ਅਤੇ ਮਲਟੀਮੀਡੀਆ ਦੀਆਂ ਸੰਭਾਵਨਾਵਾ ਦੇ ਲਾਭਾਂ ਨੂੰ ਸੰਯੁਕਤ ਕਰਕੇ ਇਕ ਸਿਸਟਮ ਬਣਾਇਆ ਅਤੇ ਇਨ੍ਹਾਂ ਨੂੰ ਡਾਟਾਬੇਸ ਮੈਨੇਜਰ ਦੇ ਮੁੜ-ਪ੍ਰਾਪਤੀ ਅਤੇ ਸੋਧ ਸੁਧਾਈ ਵਾਲੇ ਕਾਰਜਾਂ ਨਾਲ ਜੋੜਿਆ। ਇਨਫੋਮਾਈਨ ਸ੍ਰੇਸ਼ਠ ਵੈੱਬ ਸ੍ਰੋਤ ਹੈ, ਜਿਹੜਾ ਇੰਟਰਨੈੱਟ ਉੱਤੇ ਮਹੱਤਵਪੂਰਣ ਯੂਨੀਵਰਸਿਟੀ ਪੱਧਰ ਦੀ ਖੋਜ ਅਤੇ ਵਿੱਦਿਅਕ ਸੋਮਿਆਂ ਤੱਕ ਉੱਚਿਤ ਢੰਗ ਨਾਲ ਪਹੁੰਚ ਕਰਦਾ ਹੈ। ਇਨਫੋਮਾਈਨ ਅਸਲੀ ਮਾਅਨਿਆਂ ਵਿਚ ਲਾਇਬ੍ਰੇਰੀ ਹੈ, ਜਿਹੜੀ ਆਪਦੀ ਟਿੱਪਣੀਆਂ ਅਤੇ ਇੰਡੈਕਸ ਲਿੰਕਾਂ ਦੇ ਸੰਗ੍ਰਹਿ ਕਾਰਣ ਪ੍ਰਸਿੱਧ ਹੈ। ਇਨਫੋਮਾਈਨ ਵਿਚ ਸੂਚਨਾ ਪ੍ਰਾਪਤ ਕਰਨੀ ਆਸਾਨ ਹੈ। (ਸੂਚਨਾ ਲੱਭਣ ਦੇ ਢੰਗ ਸ਼ਾਮਿਲ ਹਨ)। ਇਨਫੋਮਾਈਨ ਕੋਲ ਲਗਭਗ 100,000 ਲਿੰਕ (26000 ਲਾਇਬ੍ਰੇਰੀਆਂ ਵੱਲੋਂ ਬਣਾਏ ਲਿੰਕ ਅਤੇ 75,000 ਤੋਂ ਵੱਧ ਰੋਬੋਟ/ਕਰਾਲਰ ਦੁਆਰਾ ਬਣਾਏ ਲਿੰਕ) ਉਪਲਬੱਧ ਹਨ। ਸੁਤੰਤਰ ਡਾਟਾਬੇਸ, ਇਲੈਕਟ੍ਰਾਨਿਕ ਜਰਨਲ, ਬਹੁਤ ਸਾਰੇ ਅਨੁਸ਼ਾਸਨਾਂ ਲਈ ਨਿਰਦੇਸ਼ਨਾਵਾਂ, ਮੂਲ-ਪਾਠ ਅਤੇ ਕਾਨਫਰੰਸ ਦੀਆਂ ਕਾਰਵਾਈਆਂ ਜਿਹੇ ਕਈ ਸ੍ਰੋਤ ਸ਼ਾਮਿਲ ਹਨ। ਉਦਾਹਰਣ ਦੇ ਲਈ ਕੇਵਲ ਜੀਵ-ਵਿਗਿਆਨ ਇਨਫੋਮਾਈਨ, ਕਈ ਹਜ਼ਾਰ ਡਾਟਾਬੇਸ ਆਪਸੀ ਲੋਡ ਲਈ ਪ੍ਰਦਾਨ ਕਰਦੀ ਹੈ। ਇਨਫੋਮਾਈਨ ਜਾਂ ਵੱਖਰੇ ਵਾਸਤਵਿਕ ਸੰਗ੍ਰਹਿ, ਯੂਨੀਵਰਸਿਟੀ ਪੱਧਰ ਦੀ ਖੋਜ ਅਤੇ ਵਿਦਿਅਕ ਅਦਾਰਿਆਂ ਵਿਚ ਅਕਸਰ ਹੁੰਦੇ ਹੀ ਹਨ। ਜਿਵੇਂ ਕਿ ਦਸਿਆ ਗਿਆ ਹੈ ਕਿ ਇਨਫੋਮਾਈਨ ਕਈ ਪ੍ਰਕਾਰ ਦੇ ਪਹੁੰਚ ਸ੍ਰੋਤ ਪ੍ਰਦਾਨ ਕਰਦੀ ਹੈ : ਬ੍ਰਾਊਜ਼ (ਨਵਾਂ ਕੀ ਹੈ, ਟਾਈਟਲ, ਤਤਕਰਾ-ਸੂਚੀ, ਵਿਸ਼ਾ-ਐਲ ਸੀ ਐਸ ਐਚ, ਵਿਸ਼ਾ-ਐਲ ਸੀ ਸੀ, ਖੋਜ-ਅਨੁਸ਼ਾਸਨ, ਕੁੰਜੀ ਸ਼ਬਦ, ਮੈਗਾਟਾਪਿਕਸ, ਸਦੰਰਭ ਵਿਚ ਪ੍ਰਮੁੱਖ ਸ਼ਬਦ, ਟਾਈਟਲ ਲੇਖਕ, ਹਾਈਪਰਲਿੰਕਡ ਇੰਡੈਕਸਿੰਗ) ਅਤੇ ਖੋਜ (ਸਿਰਲੇਖ, ਵਿਸ਼ਾ, ਐਲ ਸੀ ਐਸ ਐਚ ਪ੍ਰਮੁੱਖ ਸ਼ਬਦ, ਲੇਖਕ, ਵਿਵਰਣ, ਮੂਲ-ਪਾਠ) ਅਤੇ ਐਸ ਆਈ ਟੀ ਖੋਜ (ਸ੍ਰੋਤ ਕਿਸਮ, ਸ੍ਰੋਤ ਉਤਪਤੀ ਅਤੇ ਪਹੁੰਚ) ਵਿਸ਼ੇ ਸੰਬਧੀ ਖੋਜ ਦੇ ਢੰਗ ਅਤੇ ਮੂਲ-ਪਾਠ ਵਾਲੇ ਢੰਗ-ਤਰੀਕੇ, ਚੁਨੀਂਦਾ ਵਿਸ਼ੇ/ਵਿਸ਼ਿਆਂ ਬਾਰੇ ਪਾਠਕ ਨੂੰ ਤੁਰੰਤ ਉੱਚ ਪੱਧਰੀ ਸ੍ਰੋਤ ਲੱਭ ਪੈਂਦੇ ਹਨ। ਸੰਗ੍ਰਹਿਤ, ਬੂਲੀਅਨ ਖੋਜ ਸਮੱਰਥਾ, ਸਹੀ ਤੇ ਉਚਿੱਤ ਖੋਜ ਮੰਨੀ ਜਾਂਦੀ ਹੈ। ਖੋਜ ਨਤੀਜੇ, ਕ੍ਰਿਆਸ਼ੀਲ ਢੰਗ ਨਾਲ ਬਣਾਏ ਵੈੱਬ-ਪੇਜਾਂ ਦੇ ਰੂਪ ਵਿਚ ਪ੍ਰਾਪਤ ਹੋ ਜਾਂਦੇ ਹਨ।

**9.6 ਸੋਸ਼ਿਓਸਾਈਟ** (Socio Site)**:**

http://www.sociosit.net/ : ਸੋਸ਼ਿਓਸਾਈਟ ਇਕ ਐਸਾ ਪ੍ਰਾਜੈਕਟ ਹੈ ਜੋ ਯੂਨੀਵਰਸਿਟੀ ਆਫ ਐਮਸਟਰੱਡਸ ਵਿਖੇ ਸਮਾਜ ਵਿਗਿਆਨ ਦੇ ਅਧਿਆਪਕਾਂ ਤੇ ਆਧਾਰਿਤ ਹੈ। ਇਹ ਉਨ੍ਹਾਂ ਸ੍ਰੋਤਾਂ ਤੇ ਸੂਚਨਾਵਾਂ ਨੂੰ ਪੇਸ਼ ਕਰਦਾ ਹੈ, ਜਿਹੜੀਆਂ ਕਿ ਅੰਤਰਰਾਸ਼ਟਰੀ-ਸਮਾਜ ਵਿਗਿਆਨਕ ਪੱਖ ਤੋਂ ਮਹੱਤਵਪੂਰਣ ਹੋਣ। ਇਹ ਸਮਾਜ ਵਿਗਿਆਨ ਦੇ ਵਿਦਿਆਰਥੀਆਂ ਨੂੰ ਸਾਈਬਰਸਪੇਸ ਵਿਚ ਬਹੁਤ ਸਾਰੀਆਂ ਦਿਲਚਸਪ, ਸਮਾਜ ਵਿਗਿਆਨ ਸਬੰਧੀ ਉਚਿਤ ਸਾਈਟਾਂ ਨਾਲ ਜੋੜਦਾ ਹੈ। ਸੋਸ਼ਿਓ ਸਾਈਟ ਇਕ ਸਰਬਾਂਗੀ ਸੂਚਨਾ ਪ੍ਰਬੰਧ ਹੈ, ਜਿਸਦਾ ਇਸਤੇਮਾਲ ਬੜੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਸੋਸ਼ਿਓ ਸਾਈਟ ਨੂੰ ਇਸ ਪ੍ਰਕਾਰ ਡੀਜ਼ਾਈਨ ਕੀਤਾ ਗਿਆ ਹੈ ਕਿ ਜਿਹੜੀ ਸੂਚਨਾ ਅਤੇ ਸ੍ਰੋਤ ਸਮਾਜ ਸ਼ਾਸਤਰੀ ਅਤੇ ਹੋਰ ਸਮਾਜ ਵਿਗਿਆਨੀਆਂ ਲਈ ਯੋਗ ਹੋਵੇ, ਉਹ ਉਨ੍ਹਾਂ ਤਕ ਆਸਾਨੀ ਨਾਲ ਪਹੁੰਚ ਸਕਣ। ਇਸਨੂੰ ਸਮੁੱਚੇ ਸੰਸਾਰ ਨੂੰ ਸਾਹਮਦੇ ਰਖ ਕੇ ਬਣਾਇਆ ਗਿਆ ਹੈ। ਇਹ ਸਮਾਜ ਵਿਗਿਆਨ ਦੇ ਸਰਬ-ਵਿਆਪਕ ਸ੍ਰੋਤਾਂ ਦੀ ਜਾਣਕਾਰੀ ਦਿੰਦਾ ਹੈ। ਇਸਦਾ ਮੁੱਖ ਮੰਤਵ ਇਹ ਹੈ ਕਿ ਇੰਟਰਨੈੱਟ ਉੱਤੇ ਸਮਾਜ ਵਿਗਿਆਨ ਸਬੰਧੀ ਸਾਰੇ ਸ੍ਰੋਤਾਂ ਦੀ ਸਰਬਪੱਖੀ ਸੂਚੀ ਮੁਹੱਈਆ ਕਰਵਾਈ ਜਾ ਸਕੇ।

**9.7 ਇੰਟਰਨੈਸ਼ਨਲ ਬਿਬਲਿਓਗ੍ਰਾਫੀ ਆਫ ਦੀ ਸੋਸ਼ਲ ਸਾਇੰਸਿਜ਼** (IBSS)**:**

http://www.isel.ac.uk/collection/IBSS/about/alphabetical.journal.html.):ਸਮਾਜ ਵਿਗਿਆਨ ਅਤੇ ਅੰਤਰਰਾਸ਼ਟਰੀ ਖੋਜ ਲਈ ਇੰਟਰਨੈਸ਼ਨਲ ਬਿਬਲਿਓਗ੍ਰਾਫੀ ਆਫ ਦੀ ਸੋਸ਼ਲ ਸਾਇੰਸਿਜ਼ (ਆਈ ਬੀ ਐਸ ਐਸ) ਇਕ ਆਨਲਾਈਨ ਸ੍ਰੋਤ ਹੈ। ਆਈ ਬੀ ਐਸ ਐਸ ਅੰਤਰਰਾਸ਼ਟਰੀ ਸਮੱਗਰੀ ਨੂੰ ਕਵਰ ਕਰਨ ਵਿਚ ਸ੍ਰੇਸ਼ਠ ਹੈ ਅਤੇ ਇਹ 100 ਤੋਂ ਵੱਧੇਰੇ ਭਾਸ਼ਾਵਾਂ ਅਤੇ ਦੇਸ਼ਾਂ ਨੂੰ ਸੰਮਿਲਿਤ ਕਰਦੀ ਹੈ। ਆਈ ਬੀ ਐਸ ਐਸ ਮੁੱਖ ਤੌਰ ਤੇ ਸਮਾਜ ਵਿਗਿਆਨ ਉੱਤੇ ਹੀ ਕੇਂਦ੍ਰਿਤ ਹੁੰਦੀ ਹੈ ਪਰੰਤੂ ਇਹ ਬਹੁਤ ਸਾਰੇ ਅੰਤਰ ਅਨੁਸ਼ਾਸਨੀ ਖੇਤਰ ਵੀ ਕਵਰ ਕਰ ਲੈਂਦੀ ਹੈ। ਆਈ ਬੀ ਐਸ ਐਸ ਵਿਚ ਸ਼ਾਮਿਲ ਵਿਸ਼ੇ ਇਸ ਪ੍ਰਕਾਰ ਹਨ: ਅਕਾਊਂਟਿੰਗ, ਖੇਤੀਬਾੜੀ, ਮਾਨਵ-ਵਿਗਿਆਨ, ਪੁਰਾਤੱਤਵ ਵਿਗਿਆਨ ਤੇ ਭਵਨ-ਨਿਰਮਾਣ, ਵਪਾਰ-ਅਧਿਐਨ, ਸੰਚਾਰ ਅਤੇ ਮੀਡੀਆ, ਅਪਰਾਧ-ਵਿਗਿਆਨ, ਸਭਿਆਚਾਰਕ ਅਧਿਐਨ, ਜਨ-ਅੰਕੜਾ ਵਿਗਿਆਨ, ਵਿਕਾਸ ਅਧਿਐਨ, ਅਰਥ ਸ਼ਾਸਤਰ, ਸਿੱਖਿਆ, ਵਾਤਾਵਰਣ, ਨਸਲ-ਵਿਗਿਆਨ ਅਤੇ ਨਸਲ-ਸ਼ਾਸ਼ਤਰ, ਪਰਿਵਾਰਕ ਸਟੱਡੀਜ਼, ਵਿੱਤ, ਜੈਂਡਰ ਐਂਡ ਸੈਕਸੁਐਲਿਟੀ ਸਟੱਡੀਜ਼, ਭੂਗੋਲ, ਗਲੋਬਲਾਈਜੇਸ਼ਨ, ਸਿਹਤ, ਇਤਿਹਾਸ, ਮਨੁੱਖੀ-ਵਿਵਹਾਰ, ਉਦਯੋਗਿਕ ਸੰਬੰਧ, ਕਾਨੂੰਨ, ਭਾਸ਼ਾ-ਵਿਗਿਆਨ, ਆਰਗੇਨਾਈਜ਼ੇਸ਼ਨ ਸਿੱਧਾਂਤ, ਦਰਸ਼ਨਸ਼ਾਸਤਰ, ਪਾਲਿਸੀ ਸਟੱਡੀਜ਼, ਰਾਜਨੀਤੀ ਵਿਗਿਆਨ, ਮਨੋਵਿਗਿਆਨ, ਲੋਕ ਪ੍ਰਸ਼ਾਸਨ, ਨਸਲ ਅਤੇ ਨਸਲੀ ਅਧਿਐਨ, ਖੇਤਰੀ ਅਧਿਐਨ, ਧਾਰਮਿਕ ਅਧਿਐਨ, ਵਿਗਿਆਨ ਅਤੇ ਤਕਨਾਲੋਜੀ, ਸਮਾਜਿਕ ਕਾਰਜ, ਸਮਾਜਿਕ ਸਮੱਸਿਆਵਾਂ, ਅਤੇ ਸਮਾਜਿਕ ਨੀਤੀ, ਸਮਾਜ ਸ਼ਾਸਤਰ, ਸਮਾਜ ਵਿਗਿਆਨ, ਅੰਕੜਾ ਵਿਗਿਆਨ ਅਤੇ ਸ਼ਹਿਰੀ ਤੇ ਦੇਹਾਤੀ ਅਧਿਐਨ। ਆਈ ਬੀ ਐਸ ਐਸ ਵਿਚ ਜਰਨਲਾਂ ਦੇ ਲੇਖ, ਕਿਤਾਬਾਂ, ਦੇ ਲੇਖ, ਰਿਵਿਊ ਅਤੇ 1951 ਤੋਂ ਲੈ ਕੇ ਹੁਣ ਤੱਕ ਦੇ ਚੋਣਵੇਂ ਅਧਿਆਇਆਂ ਦੇ ਲਗਭਗ ਦੋ ਲੱਖ ਬਿਬਲਿਓਗ੍ਰਾਫੀਕ ਹਵਾਲੇ ਸ਼ਾਮਿਲ ਹਨ। ਹਰ ਸਾਲ ਨਿਯਮਿਤ ਰੂਪ ਵਿਚ 2700 ਤੋਂ ਵਧੇਰੇ ਜਰਨਲਾਂ ਨੂੰ ਇੰਡੈਕਸ ਅਤੇ ਲਗਭਗ 7000 ਪੁਸਤਕਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਨਵੇਂ ਜਰਨਲਾਂ ਦੇ ਲਗਭਗ ਅੱਧੇ ਲੇਖਾਂ ਦੇ ਸਾਰ ਦਿੱਤੇ ਜਾਂਦੇ ਹਨ ਪਰੰਤੂ ਪੂਰੇ ਮੂਲ-ਪਾਠਾਂ ਦੀ ਮੰਗ ਦਿਨ-ਬ-ਦਿਨ ਵੱਧ ਰਹੀ ਹੈ। ਆਈ ਬੀ ਐਸ ਐਸ ਚੁਨੀਂਦਾ ਵੈੱਬ-ਸ੍ਰੋਤਾਂ ਅਤੇ ਨਵੀਨ ਹਵਾਲਿਆਂ (ਸਪਲੀਮੈਂਟਰੀ ਡਾਟਾਬੇਸ) ਦੇ ਨਾਲ ਲਿੰਕ ਵੀ ਮੁਹੱਈਆ ਕਰਦਾ ਹੈ। ਆਈ ਬੀ ਐਸ ਐਸ ਡਾਟਾਬੇਸ ਨੂੰ ਤਿਮਾਹੀ ਬਾਅਦ ਨਵਿਆਇਆ ਜਾਂਦਾ ਹੈ ਅਤੇ ਇਹ ਸੀ ਐਸ ਏ (CSA) ਨਿਰਦੇਸ਼ ਨੂੰ ਅਪਨਾਉਂਦਾ ਹੈ। ਆਈ ਬੀ ਐਸ ਐਸ ਕੁਆਲਿਟੀ ਵੈੱਬ ਸਾਈਟਾਂ ਵੀ ਇੰਡੈਕਸ ਕਰਦਾ ਹੈ, ਜਿਨ੍ਹਾਂ ਵਿਚ ਮਾਨਤਾ ਪ੍ਰਾਪਤ ਅਤੇ ਗੈਰ ਪੱਖਪਾਤੀ ਸ੍ਰੋਤਾਂ ਤੋਂ ਲਈ ਵਿਸ਼ੇਸ਼ ਤਕਨੀਕੀ ਸੂਚਨਾ ਸ਼ਾਮਿਲ ਹੁੰਦੀ ਹੈ, ਜਿਵੇਂ ਕਿ ਵਿਦਿੱਅਕ ਸੰਸਥਾਵਾਂ, ਸਰਕਾਰੀ ਏਜੰਸੀਆਂ ਅਤੇ ਵਿਗਿਆਨਕ ਸੰਗਠਨ।

**9.8 ਕਲਾਸਿਕਸ ਇਨ ਦੀ ਹਿਸਟਰੀ ਆਫ ਸਾਈਕਾਲੋਜੀ :**

http://www.yorku.ca/dept/psych/classics/>: ਕਲਾਸਿਕਸ ਇਨ ਦੀ ਹਿਸਟਰੀ ਆਫ ਸਾਈਕਾਲੋਜੀ ਇਕ ਬਹੁਮੁੱਲਾ ਸ੍ਰੋਤ ਹੈ, ਜਿਸ ਵਿਚ ਮਨੋਵਿਗਿਆਨ ਦਾ ਵਿਦਵਤਾ ਭਰਪੂਰ ਸਾਹਿਤ ਵਿਚੋਂ ਇਤਿਹਾਸਕ ਮਹੱਤਤਾ ਵਾਲੇ ਜਨਤਕ ਖੇਤਰ ਦੇ ਪੂਰੇ ਮੂਲ-ਪਾਠ ਸਹਿਤ ਦਸਤਾਵੇਜ਼ ਸ਼ਾਮਿਲ ਕੀਤੇ ਜਾਂਦੇ ਹਨ ਅਤੇ ਵਰਲਡ ਵਾਈਡ ਵੈੱਬ ਉੱਤੇ ਇਸ ਨਾਲ ਸਬੰਧਿਤ ਅਨੁਸ਼ਾਸਨ ਉਪਲੱਬਧ ਹੁੰਦੇ ਹਨ। ਮੁੱਢਲੇ ਦਸਤਾਵੇਜ਼, ਪ੍ਰਾਜੈਕਟ ਦੇ ਸੰਪਾਦਕ ਕਰਿਸਟਫਰ ਡੀ. ਗਰੀਨ (Christopher D. Green), ਯਾਰਕ ਯੂਨੀਵਰਸਿਟੀ ਦੁਆਰਾ ਮਨੋਵਿਗਿਆਨ ਦੇ ਹੋਰ ਇਤਿਹਾਸਕਾਰਾਂ ਦੀ ਮਦਦ ਨਾਲ ਚੁਣੇ ਸਨ। ਇਸ ਸਮੇਂ ਆਨਲਾਈਨ ਉੱਤੇ ਲਗਭਗ 20 ਕਿਤਾਬਾਂ ਅਤੇ 80 ਤੋਂ ਵਧੇਰੇ ਲੇਖ ਅਤੇ 150 ਦੇ ਲਗਭਗ ਸੰਬੰਧਿਤ ਕਿਰਤਾਂ ਦੇ ਲਿੰਕ (Links) ਉਪਲਬਧ ਹਨ ਜਿਹੜੇ ਕਿ ਹੋਰ ਹੋਰ ਥਾਵਾਂ (Sites) ਤੇ ਰੀਕਾਰਡ ਹੋਏ ਹਨ। ਇਹ ਵਿਸ਼ਾ ਅਤੇ ਲੇਖਕ ਦੀ ਤਰਤੀਬ ਵਿਚ ਉਪਲੱਬਧ ਹਨ। ਸਾਈਟ ਇਹ ਸੰਕੇਤ ਕਰਦੀ ਹੈ ਕਿ ਉਸਦਾ ਮੁੱਖ ਨਿਸ਼ਾਨਾ, ਮਨੋਵਿਗਿਆਨ ਦੇ ਇਤਹਾਸ ਨਾਲ ਸਬੰਧਿਤ ਖੋਜੀ, ਅਧਿਆਪਕ ਅਤੇ

ਵਿਦਿਆਰਥੀ ਹਨ। ਇਹ ਵਿਸ਼ੇਸ਼ ਤੌਰ ਤੇ ਇਕ ਲਾਭਦਾਇਕ ਸਾਈਟ ਹੈ, ਜਿਹੜੀ ਕਿ ਉਹ ਸੂਚਨਾ ਪ੍ਰਦਾਨ ਕਰਦੀ ਹੈ, ਜਿਹੜੀ ਉਂਜ ਆਨਲਾਈਨ ਤੇ ਉਪਲਬੱਧ ਨਹੀਂ ਹੁੰਦੀ।

**9.9 ਇੰਟਰਨੈਸ਼ਨਲ ਡਿਵੈਲਪਮੈਂਟ ਐਬਸਟ੍ਰੈਕਟਸ :**

http://www.elsevier.nl/inca/publications/store/4/0/5/8/8/8/> : ਇੰਟਰਨੈਸ਼ਨਲ ਡਿਵੈਲਪਮੈਂਟ ਐਬਸਟ੍ਰੈਕਟ (ਐਮਸਟਰੱਡਮ : ਐਲਸੇਵਿਅਰ, 1982) ਦੋਮਾਸਿਕ, ਇਸ ਟਾਈਟਲ ਦਾ ਓਨਲਾਈਨ ਰੂਪਾਂਤਰ, 'ਜਿਓਬੇਸ' ਫਾਈਲ ਦੇ ਇੱਕ ਹਿੱਸੇ ਵਜੋਂ ਉਪਲੱਬਧ ਹੈ, ਇਸ ਸਮੇਂ ਵਾਇਆ 'ਡਾਇਲਾਗ' ਕੈਮਿ ਵੈੱਬ ਅਤੇ ਓਸੀ ਐਲ ਸੀ ਫਸਟ ਸਰਚ ਉਪਲੱਬਧ ਹੈ। ਇਹ ਸੀ ਡੀ ਰੋਮ ਵੱਜੋਂ ਵੀ ਪ੍ਰਕਾਸ਼ਿਤ ਹੁੰਦਾ ਹੈ। ਇਸ ਵਿਚ ਅੰਤਰਰਾਸ਼ਟਰੀ ਵਿਕਾਸ ਸਬੰਧੀ ਸਾਹਿਤ ਵਾਲੇ 500 ਤੋਂ ਉਪਰ ਜਰਨਲ, ਮੋਨੋਗ੍ਰਾਫ, ਰਿਪੋਰਟਾਂ ਅਤੇ ਕਾਨਫਰੰਸ-ਕਾਰਵਾਈਆਂ ਦਰਜ ਹਨ। ਇਸ ਵਿਚ ਮਾਨਵੀ-ਭੂਗੋਲ, ਰਾਜਨੀਤੀ ਅਤੇ ਅਰਥ-ਸ਼ਾਸਤਰ ਵੀ ਸ਼ਾਮਿਲ ਹਨ। ਇਸ ਅੰਦਰ ਨਿਯਮਿਤ ਰੂਪ ਵਿਚ ਮਾਨਵ-ਵਿਗਿਆਨੀਆਂ ਦੇ ਨਾਲ ਸਬੰਧਿਤ ਸਭਿਆਚਾਰਕ ਸਮੱਗਰੀ ਵੀ ਛੱਪਦੀ ਹੈ। ਖਾਸ ਤੌਰ ਤੇ, ਏਡ-ਪ੍ਰੋਗਰਾਮਾਂ ਅਤੇ ਸਮਾਜਿਕ ਸਿੱਖਿਆ, ਮਕਾਨ ਉਸਾਰੀ, ਅਤੇ ਔਰਤਾਂ ਦੇ ਮਸਲਿਆਂ ਨੂੰ ਪੂਰੀ ਤਰ੍ਹਾਂ ਕਵਰ ਕੀਤਾ ਜਾਂਦਾ ਹੈ।

**9.10 ਸਿੱਖਿਆ ਇੰਡੈਕਸ** (Education Index)**:**

ਐਜੁਕੇਸ਼ਨ ਇੰਡੈਕਸ ਐਜੂਕੇਸ਼ਨ ਐਬਸਟ੍ਰੈਕਟਸ ਅਤੇ ਐਜੂਕੇਸ਼ਨ ਫੁੱਲ ਟੈਕਸਟ (ਨਿਊ ਯਾਰਕ: ਐਚ ਡਬਲਿਊ ਵਿਲਸਨ, 1983) ਇਲੈਕਟ੍ਰਾਨਿਕ ਡਾਟਾਬੇਸ ਦੀ ਇਹ ਇਕ ਤਿੱਕੜੀ ਹੈ, ਜੋ ਕਿ ਪ੍ਰਕਾਸ਼ਿਤ ਇੰਡੈਕਸ ਨੂੰ ਉਤਸ਼ਾਹਤ ਕਰਦੀ ਹੈ। ਐਬਸਟ੍ਰੈਕਟਿੰਗ ਸੇਵਾ 1994 ਵਿਚ ਆਰੰਭ ਹੋਈ ਸੀ ਅਤੇ ਇਸਨੇ ਇਸ ਸੇਵਾ ਨੂੰ ਬਹੁਤ ਵਧਾਇਆ ਹੈ। ਵਿੱਦਿਅਕ ਐਬਸਟ੍ਰੈਕਟ, ਇੰਡੈਕਸ ਨੂੰ ਬੜਾ ਵਿਸ਼ਾਲ ਬਣਾਉਂਦੇ ਹਨ ਅਤੇ ਹਰੇਕ ਦਰਜ ਆਈਟਮ ਦਾ 50-150 ਸ਼ਬਦਾਂ ਦਾ ਸਾਰ ਸ਼ਾਮਿਲ ਕਰਦੇ ਹਨ। ਐਜੂਕੇਸ਼ਨ-ਫੁੱਲ ਟੈਕਸਟ ਇਸਤੋਂ ਵੀ ਵਧੇਰੇ ਜਾਣਕਾਰੀ ਸ਼ਾਮਿਲ ਕਰਦੇ ਹਨ, ਉਹ ਡਾਟਾਬੇਸ ਵਿਚਲੇ 133 ਤੋਂ ਵਧੇਰੇ ਜਰਨਲਾਂ ਦੀ ਮੁਕੰਮਲ ਮੂਲ-ਪਾਠ ਪ੍ਰਦਾਨ ਕਰਦੇ ਹਨ। ਇਹ ਸੇਵਾਵਾਂ ਸੀਡੀ ਰੋਮ ਉੱਤੇ ਮਾਸਿਕ ਨਵੀਨੀਕਰਣ ਅਤੇ ਇੰਟਰਨੈਟ ਦੇ ਰਾਹੀਂ ਉਪਲੱਬਧ ਹੁੰਦੀਆਂ ਹਨ। ਹੋਰ ਜਾਣਕਾਰੀ ਲਈ <www.umi.com> ਓ ਵੀ ਆਈ ਡੀ ਇੰਟਰਫੇਸ ਦੁਆਰਾ ਡਾਟਾ-ਸੇਵਾਵਾਂ ਵੇਖੀਆਂ ਜਾ ਸਕਦੀਆਂ ਹਨ। ਇਸ ਵਿਚ 700000 ਤੋਂ ਉੱਤੇ ਉਧਰਣ ਸ਼ਾਮਿਲ ਹਨ। ਇਸ ਸਮੇਂ ਇਹ ਦੁਨੀਆਂ ਦਾ ਸਭ ਤੋਂ ਵੱਡਾ ਵਿੱਦਿਅਕ ਡਾਟਾਬੇਸ ਹੈ। ਸਿੱਖਿਆ ਦੇ ਸ੍ਰੋਤਾਂ ਵਾਲੇ ਇਸ ਕਰੰਟ ਇੰਡੈਕਸ ਟੂ ਜਰਨਲਜ਼ ਸਬੰਧੀ ਇਸ ਆਨਲਾਈਨ ਰੂਪ ਦੇ ਰਾਹੀਂ ਸਿੱਖਿਆ ਵਿਚ ਅੰਤਰਰਾਸ਼ਟਰੀ ਸਾਹਿਤ ਨੂੰ ਖੋਜਣ ਦਾ ਇਕ ਸਸ਼ੱਕਤ ਜ਼ਰੀਆ ਪ੍ਰਦਾਨ ਕੀਤਾ ਜਾਂਦਾ ਹੈ। ਸਾਧਾਰਣ ਅਤੇ ਗੁੰਝਲਦਾਰ ਖੋਜਾਂ ਸੰਭਵ ਹਨ, (ਜਰਨਲ ਜਾਂ ਰਿਪੋਰਟ ਟਾਈਟਲਾਂ ਦੁਆਰਾ ਖੋਜ ਕੀਤੀ ਜਾਂਦੀ ਹੈ)। ਵੱਖ ਵੱਖ ਕਿਸਮਾਂ ਦੇ ਪ੍ਰਕਾਸ਼ਿਤ ਫੀਚਰਾਂ ਦੁਆਰਾ ਵੀ ਖੋਜ ਕੀਤੀ ਜਾ ਸਕਦੀ ਹੈ। ਹਾਲਾਂਕਿ, ਇਸਦਾ ਮੁੱਖ ਕੇਂਦਰ ਬਿੰਦੂ ਸਿੱਖਿਆ ਹੁੰਦਾ ਹੈ, ਪਰ ਇਸ ਦੀ ਪਹੁੰਚ ਬਹੁਤ ਸਾਰੇ ਲਾਗਵੇਂ ਖੇਤਰਾਂ ਤੱਕ ਵੀ ਹੁੰਦੀ ਹੈ, ਐਬਸਟ੍ਰੈਕਟਾਂ ਦੇ ਸ਼ਾਮਿਲ ਹੋਣ ਨਾਲ ਇਸ ਡਾਟਾਬੇਸ ਦਾ ਮੁੱਲ ਬਹੁਤ ਵੱਧ ਗਿਆ ਹੈ।

**9.11 WWW ਵਰਚੁਅਲ ਲਾਇਬ੍ਰੇਰੀ ਐਨਥਰੋਪੌਲੋਜੀ** (Virtual Library Anthropology)**:**

<vliv:anthirotech.com/> : ਵਰਚੁਅਲ ਲਾਇਬ੍ਰੇਰੀ ਐਨਥਰੋਪੌਲੋਜੀ, ਜੋ ਕਿ ਡਬਲਿਊ ਡਬਲਿਊ ਡਬਲਿਊ ਦੁਆਰਾ ਸਪਾਂਸਰ ਕੀਤਾ ਜਾਂਦਾ ਹੈ। ਇਸ ਵਿਚ ਭੌਤਿਕ ਅਤੇ ਸਮਾਜਿਕ ਮਾਨਵ ਵਿਗਿਆਨ ਦੇ ਸਾਰੇ ਪਹਿਲੂ ਕਵਰ ਕੀਤੇ ਜਾਂਦੇ ਹਨ ਅਤੇ ਇਸ ਵਿਚ ਕਈ ਹਜ਼ਾਰ ਲਿੰਕ, ਡਾਇਰੈਕਟਰੀਆਂ, ਡਿਸ਼ਕਸ਼ਨ ਫੋਰਮਾਂ, ਇਲੈਕਟ੍ਰਾਨਿਕ-ਜਰਨਲਾਂ ਅਤੇ ਸਮਾਚਾਰ-ਸੇਵਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਫੀਚਰ-ਸਾਈਟਾਂ ਦੀ ਇਕ ਵੱਖਰੀ ਸੂਚੀ ਹੁੰਦੀ ਹੈ, ਜਿਸ ਵਿਚ ਗਲਾਸਰੀਆ, ਸਮਾਚਾਰ ਸੇਵਾਵਾਂ ਅਤੇ ਵਿਸ਼ਾ ਸ੍ਰੋਤਾਂ ਉੱਤੇ ਜੋਰ ਦਿੱਤਾ ਗਿਆ ਹੁੰਦਾ ਹੈ, ਇਸਦੇ ਨਾਲ ਹੀ ਨਵੀਨ ਜੁੜੇ-ਸ੍ਰੋਤਾਂ ਦੀ ਸੂਚੀ ਵੀ ਪ੍ਰਦਾਨ ਕੀਤੀ ਜਾਂਦੀ ਹੈ। ਇਨ੍ਹਾਂ ਸਾਰੇ ਸ੍ਰੋਤਾਂ ਦੀ ਦਰਜਾਬੰਦੀ ਅਤੇ ਵਿਆਖਿਆ ਸੰਪਾਦਕਾਂ ਦੁਆਰਾ ਕੀਤੀ ਜਾਂਦੀ ਹੈ। ਪਾਠਕ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ, ਤਾਂ ਕਿ ਉਨ੍ਹਾਂ ਨੂੰ ਨਵੀਨ-ਵਾਧਿਆਂ ਬਾਰੇ ਨਿਯਮਿਤ ਅਧਿਸੂਚਨਾ, ਈ-ਮੇਲ ਦੇ ਰਾਹੀਂ ਪ੍ਰਾਪਤ ਹੋ ਸਕੇ।

**9.12 ਦੀ ਵਰਲਡ ਵਾਈਡ ਵੈੱਬ ਵਰਚੁਅਲ ਲਾਇਬ੍ਰੇਰੀ ਸੋਸ਼ੌਲੋਜੀ :**

<www.momaster.ca/socscidocs/w3visitsocial/index.htm: ਵਰਲਡ ਵਾਈਡ ਵੈੱਬ ਵਰਚੁਅਲ ਲਾਇਬ੍ਰੇਰੀ ਸੋਸ਼ੌਲੋਜੀ, ਅੰਤਰਰਾਸ਼ਟਰੀ ਸ੍ਰੋਤਾਂ ਨੂੰ ਇਕ ਰਾਹ ਪ੍ਰਦਾਨ ਕਰਦਾ ਹੈ। ਸੂਚੀ ਨੂੰ ਮਹਾਂਦੀਪ (Continent) ਦੇ ਰੂਪ ਵਿਚ ਬਣਾਇਆ ਗਿਆ ਹੈ, ਨਾਕਿ ਦੇਸ਼ ਦੇ ਹਿਸਾਬ ਨਾਲ। ਇਹ ਸਾਧਨ, ਸੰਸਥਾਵਾਂ ਨਾਲ ਸੰਪਰਕ ਪੈਦਾ ਕਰਦਾ ਹੈ, ਜਿਸ ਵਿਚ ਸਮਾਜ ਸ਼ਾਸਤਰ ਦੇ ਵਿਭਾਗ, ਡਾਇਰੈਕਟਰੀਆਂ, ਵਿਚਾਰ ਵਿਮਰਸ਼ ਦੇ ਗਰੁੱਪ, ਇਲੈਕਟ੍ਰਾਨਿਕ ਜਰਨਲ

ਅਤੇ ਸੰਗਠਨ ਆਦਿ ਸ਼ਾਮਲ ਹਨ। ਇਸ ਸਾਈਟ ਨੂੰ ਡਾ. ਕਾਰਲ ਕੁਨੀਓ, ਸਮਾਜ ਸ਼ਾਸਤਰ ਵਿਭਾਗ, ਮੈਕਮਾਸਟਰ ਯੂਨੀਵਰਸਿਟੀ, ਕਨੇਡਾ, ਵੱਲੋਂ ਚਲਾਇਆ ਜਾਂਦਾ ਹੈ।

**9.13 ਸੋਸ਼ੌਲੋਜੀ ਆਨ ਯਾਹੂ** (Sociology on Yahoo)**:**

<cir.yahoo.com/socialscience/sociology> : ਸੋਸ਼ੌਲੋਜੀ ਆਨ ਯਾਹੂ ਵੈੱਬ ਸ੍ਰੋਤਾਂ ਦੀ ਡਾਇਰੈਕਟਰੀ ਹੈ, ਜੋ ਕਿ ਵੱਖ ਵੱਖ ਵਰਗਾਂ ਵਿਚ ਵੈੱਬਸਾਈਟਾਂ ਨਾਲ ਲਿੰਕ ਜੋੜਦੀ ਹੈ, ਜਿਸ ਵਿਚ ਮੁਜਰਮਾਨਾ-ਨਿਆ, ਸਮਾਜਿਕ-ਮਨੋਵਿਗਿਆਨ, ਸ਼ਹਿਰ ਅਧਿਐਨ ਅਤੇ ਇਸਦੇ ਨਾਲ ਹੀ ਇਲੈਕਟ੍ਰਾਨਿਕ, ਜਰਨਲਾਂ ਅਤੇ ਸੰਸਥਾਵਾਂ ਤੱਕ ਵੀ ਪਹੁੰਚਾਂਦੀ ਹੈ।

**9.14 ਯੁਨਾਈਟਿਡ ਨੇਸ਼ਨਜ਼ ਪਬਲਿਕੇਸ਼ਨ** (United Nations Publications)**:**

<www.un.org/pubs/sales.htm> : ਯੂ ਐਨ ਦੇ ਪ੍ਰਕਾਸ਼ਨ ਭਾਗ ਦੀ ਵੈੱਬਸਾਈਟ ਯੂਨਾਈਟਿਡ ਨੇਸ਼ਨਜ਼ ਅਤੇ ਯੂ ਐਨ ਸਿਸਟਮ ਵਿਚਲੀਆਂ ਹੋਰ ਸੰਸਥਾਵਾਂ ਦੀਆਂ ਸਾਰੀਆਂ ਪ੍ਰਕਾਸ਼ਨਾਵਾਂ ਦੀਆਂ ਆਨਲਾਈਨ ਸੂਚੀਆਂ ਪ੍ਰਦਾਨ ਕਰਦੀ ਹੈ। ਜਿਹੜੇ ਜਰਨਲ ਅਤੇ ਉਤਪਾਦਨ ਇਲੈਕਟ੍ਰਾਨਿਕ ਰੂਪ ਵਿਚ ਉਪਲੱਬਧ ਹੁੰਦੇ ਹਨ, ਉਨ੍ਹਾਂ ਦੀ ਅਲੱਗ ਸੂਚੀ ਸ਼ਾਮਿਲ ਹੁੰਦੀ ਹੈ। ਪ੍ਰਮੁੱਖ ਟਾਈਟਲ ਵਾਲੀ ਸੂਚੀ ਦਾ ਖਾਸ ਮਹੱਤਵ ਹੁੰਦਾ ਹੈ, ਜੋ ਕਿ ਬੜੇ ਉਪਯੋਗੀ ਸ੍ਰੋਤਾਂ ਨੂੰ ਉਘਾੜਦੀ ਹੈ ਅਤੇ ਪ੍ਰਕਾਸ਼ਨਾਵਾਂ ਨਾਲ ਇੰਟਰਨੈਟ ਉੱਤੇ ਸਿੱਧਾ ਸੰਪਰਕ ਮੁਹੱਈਆ ਕਰਵਾਂਦੀ ਹੈ, ਜਿਥੇ ਵੀ ਉਹ ਉਪਲੱਬਧ ਹੋਣ। ਯੂਨੈਸਕੋ (ਯੂਨਾਈਟਿੱਡ ਨੇਸ਼ਨਜ਼ ਐਜੂਕੇਸ਼ਨਲ, ਸਾਇੰਟਿਫਿਕ ਐਂਡ ਕਲਚਰਲ ਆਰਗੇਨਾਈਜ਼ੇਸ਼ਨ) (UNESCO) <www.unesco.org.> : ਸਮਾਜ ਵਿਗਿਆਨੀਆਂ ਦੀ ਰੁਚੀ ਅਨੁਸਾਰ ਇਹ ਅੰਤਰਰਾਸ਼ਟਰੀ ਦਸਤਾਵੇਜਾਂ ਦਾ ਪ੍ਰਮੁੱਖ ਪ੍ਰਕਾਸ਼ਕ ਹੈ। ਇਸ ਕੋਲ 10000 ਤੋਂ ਉਪਰ 80 ਭਾਸ਼ਾਵਾਂ ਵਿਚ ਅਨੁਵਾਦਿਤ ਟਾਈਟਲਾਂ ਦੀ ਪੁਸਤਕ ਸੂਚੀ ਹੈ। ਇਸ ਦੀ ਲੜੀ ਵਿਚ ਸ਼ਾਮਿਲ ਹਨ : ਸੰਚਾਰ, ਵਿਕਾਸ ਤੇ ਸਮਾਜ, ਸਭਿਆਚਾਰ ਅਤੇ ਵਿਕਾਸ, ਕਲਚਰਜ਼ ਆਫ ਪੀਸ, ਲੋਕਤੰਤਰ ਅਤੇ ਤਾਕਤ, ਵਾਤਾਵਰਣ ਅਤੇ ਵਿਕਾਸ, ਨੈਤਿਕ ਸ਼ਾਸਤਰ, ਪਰਿਵਾਰ ਪਲੱਸ, ਮਨੁੱਖੀ ਅਧਿਕਾਰ ਪਰਿਪੇਖ, ਸਾਈਬਰ-ਸਪੇਸ ਵਿਚ ਕਾਨੂੰਨ, ਸ਼ਾਂਤੀ ਅਤੇ ਝਗੜੇ ਸਬੰਧੀ ਮਸਲੇ, ਸਮਾਜ ਵਿਗਿਆਨ ਅਧਿਐਨ, ਦਰਸ਼ਨ ਸ਼ਾਸਤਰੀਆਂ ਦੀ ਲਾਇਬ੍ਰੇਰੀ, ਖੋਜੀਆਂ ਦੀ ਲਾਇਬ੍ਰੇਰੀ, ਯੂਨੈਸਕੋ ਵਰਲਡ ਰਿਪੋਰਟਾਂ, ਵੂਮੈਨ-ਪਲੱਸ ਅਤੇ ਯੂਥ-ਪਲੱਸ।

**9.15 ਦੀ ਇੰਟਰ ਯੂਨੀਵਰਸਿਟੀ ਕਨਸੋਰਟੀਅਮ ਫਾਰ ਪੋਲਿਟਿਕਲ ਐਂਡ ਸੋਸ਼ਲ ਰਿਸਰਚ :**

<www.icpsr.umich.edu> : ਦੀ ਇੰਟਰ ਯੂਨੀਵਰਸਿਟੀ ਕਨਸੋਰਟੀਅਸ ਫਾਰ ਪੋਲਿਟਿਕਲ ਐਂਡ ਸੋਸ਼ਲ ਰਿਸਰਚ (ਆਈ ਸੀ ਪੈ ਐਸ ਆਰ) ਲਾਭ ਰਹਿਤ ਸੰਗਠਨ ਹੈ, ਜੋ ਕਿ ਮਿਲੀਗਨ ਯੂਨੀਵਰਸਿਟੀ ਦੀ ਸਮਾਜਿਕ ਖੋਜ ਵਾਲੀ ਸੰਸਥਾ ਵਿਖੇ ਸਥਿਤ ਹੈ। ਇਹ ਦੁਨੀਆ ਦੀਆਂ ਪੁਰਾਤਨ ਲਿਖਤਾਂ ਸਬੰਧੀ ਸਮਾਜ ਵਿਗਿਆਨ ਦੇ ਕੰਪਿਉਟਰੀਕ੍ਰਿਤ ਡਾਟੇ ਤਕ ਪਹੁੰਚ ਕਰਵਾਉਂਦਾ ਹੈ। ਪੁਰਾਤਨ-ਲਿਖਤਾਂ ਦੇ ਖੋਜੀ ਡਾਟਾਸੈੱਟਾਂ ਅਤੇ ਐਬਸਟ੍ਰੈਕਟਾਂ ਦਾ ਅਧਿਐਨ ਕਰ ਸਕਦੇ ਹਨ। ਇਹ ਅਧਿਐਨ ਵਿਆਪਕ ਤੌਰ ਤੇ ਯੂਨਾਈਟਿਡ-ਸਟੇਟਸ ਸ੍ਰੇਣੀ ਵਿਚ ਅਤੇ ਯੂਨਾਇਟਿਡ-ਸਟੇਟਸ ਤੋਂ ਇਲਾਵਾ, ਦੂਜੇ ਦੇਸ਼ਾਂ ਵਿਚ ਵੰਡਿਆ ਹੋਇਆ ਹੈ।

**9.16 ਕਸਾਕ ਐਨਥਰੋਪੌਲੋਜੀ ਬਿਬਲਿਓਗ੍ਰਾਫੀ** (CSAC Anthropology Bibliography)**:**

<lucy.ukc.ac.uk/cgi.bin/uncgi/search-bibz/Makhzan> : ਇਹ ਪ੍ਰਾਜੈਕਟ ਸੈਂਟਰ ਫਾਰ ਸੋਸ਼ਲ ਐਨਥਰੋਪੌਲੋਜੀ ਐਂਡ ਕੰਪਿਊਟਿੰਗ, ਯੂਨੀਵਰਸਿਟੀ ਆਫ ਕੈਂਟ, ਕੈਂਟਰਬਰੀ ਦੁਆਰਾ ਚਲਾਇਆ ਜਾਂਦਾ ਹੈ। ਕਈ ਵਾਰ ਇਸਨੂੰ ਮਖਜ਼ਾਨ ਸੋਸ਼ਲ ਐਨਥਰੋਪੌਲੋਜੀ ਬਿਬਲਿਓਗ੍ਰਾਫੀ ਵੀ ਆਖਿਆ ਜਾਂਦਾ ਹੈ। ਇਸਦਾ ਮੁੱਖ ਮੰਤਵ ਸਮਾਜਿਕ ਮਾਨਵ ਵਿਗਿਆਨ ਨੂੰ ਕਵਰ ਕਰਨਾ ਹੈ। ਪ੍ਰਾਜੈਕਟ 15000 ਇੰਦਰਾਜਾਂ ਤੱਕ ਪਹੁੰਚ ਕਰਦਾ ਹੈ, ਜਿਸ ਵਿਚ ਮੋਨੋਗ੍ਰਾਫ ਅਤੇ ਰਸਾਲਿਆਂ ਦੇ ਲੇਖ ਸ਼ਾਮਿਲ ਹੁੰਦੇ ਹਨ। ਕੁਝ ਸੰਖੇਪ ਟਿੱਪਣੀਆਂ ਵੀ ਦਿੱਤੀਆਂ ਜਾਂਦੀਆਂ ਹਨ।

**9.17 ਐਜੂ. ਵੈੱਬ** (Edu. Web)**:**

<www.edu.web.co.uk/> : ਐਜੂ. ਵੈੱਬ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਵਰਤੋਂ ਲਈ ਇਕ ਇੰਟਰਨੈੱਟ ਸੇਵਾ ਹੈ। ਇਸ ਵਿਚ ਵਿਦਿਅੱਕ ਸ੍ਰੋਤ ਅਤੇ ਲਿੰਕਜ਼ ਭਰੇ ਪਏ ਹਨ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਇਹ ਵੈੱਬਸਾਈਟ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਉਪਯੋਗੀ ਸਾਬਿਤ ਹੋਵੇ, ਸਾਈਟ ਖੋਜਣ ਦੀ ਉੱਚਿਤਤਾ ਨੂੰ ਸੁਨਿਸਚਿੱਤ ਕੀਤਾ ਗਿਆ ਹੈ।

**9.18 ਜੇ ਐਸ ਟੀ ਓ ਆਰ** (JSTOR)**:**

<www.jstor.ac.uk> : ਜੇ ਐਸ ਟੀ ਓ ਆਰ ਬਹੁਤ ਹੀ ਗਿਆਨ ਭਰਪੂਰ ਜਰਨਲਾਂ ਵਿਚੋਂ ਜਿਨ੍ਹਾਂ ਵਿਚ 11 ਪ੍ਰਮੁੱਖ ਸਮਾਜ ਸ਼ਾਸਤਰ ਦੇ ਜਰਨਲ ਹਨ, ਡਿਜਿਟਲ ਪੁਰਾਤਨ-ਲਿੱਖਤਾਂ ਦੇ ਮੂਲ-ਪਾਠ ਦਾ ਸੰਗ੍ਰਹਿ ਮੁਹੱਈਆ ਕਰਦਾ

ਹੈ। ਜੇ ਐਸ ਟੀ ਓ ਆਰ ਦਾ ਟੀਚਾ ਹਿਊਮੈਨਿਟੀਜ਼ ਸਮਾਜ ਵਿਗਿਆਨ ਅਤੇ ਵਿਗਿਆਨ ਦੇ ਪ੍ਰਮੁੱਖ ਜਰਨਲਾਂ ਦੇ ਪਿਛਲੇ ਅੰਕਾਂ ਤੱਕ ਇਲੈਕਟ੍ਰਾਨਿਕ ਪਹੁੰਚ ਮੁਹੱਈਆ ਕਰਵਾਉਣਾ ਹੈ। ਜੇ ਐਸ ਟੀ ਓ ਆਰ ਡਾਟਾਬੇਸ ਨਿਵੇਕਲਾਂ ਹੈ, ਕਿਉਂਕਿ ਇਨ੍ਹਾਂ ਗਿਆਨ ਭਰਪੂਰ ਪ੍ਰਮੁੱਖ ਜਰਨਲਾਂ ਦਾ ਸਮੁੱਚ ਸੰਗ੍ਰਹਿ ਡਿਜ਼ੀਟਾਈਜ਼ ਹੋ ਚੁੱਕਿਆ ਹੈ, ਕਈਆਂ ਦਾ ਪਹਿਲਾ ਅੰਕ ਸੰਨ 1800 ਵਿਚ ਨਿਕਲਿਆ ਸੀ। ਲੇਖਾਂ ਲਈ ਕੇਵਲ ਮੂਲ ਪਾਠ ਸਟੈਂਡ ਤੇ ਡਿਸਪਲੇ ਕਰਨ ਦੀ ਬਜਾਏ, ਉਹ ਪੰਨੇ ਦੇ ਪ੍ਰਤਿਚਿੱਤਰ ਜਰਨਲ ਦੇ ਕਵਰ ਤੋਂ ਕਵਰ ਤਕ ਨੂੰ ਦੁਹਰਾਇਆ ਜਾ ਸਕੇ।

**9.19 ਐਜੁਕੇਸ਼ਨ ਲਾਈਨ** (Education Line)**:**

<brs.leeds.ac.uk/beid.html> : ਐਜੁਕੇਸ਼ਨ ਲਾਈਨ ਵੈੱਬਸਾਈਟ ਆਨਲਾਈਨ ਤੇ ਸਿੱਖਿਅਕ ਦਸਤਾਵੇਜਾਂ ਤਕ ਪਹੁੰਚ ਕਰਵਾਂਦਾ ਹੈ। ਤਿੰਨ ਮੁੱਖ ਢੰਗਾਂ ਨਾਲ ਖੋਜ ਕੀਤੀ ਜਾ ਸਕਦੀ ਹੈ: ਬ੍ਰਿਟਿਸ਼ ਐਜੁਕੇਸ਼ਨ ਥੀਸਾਰਸ ਤੇ ਸਰਸਰੀ ਨਜਰ ਮਾਰਨੀ, ਇੰਡੈਕਸ ਸ਼ਬਦਾਂ ਦੀ ਸੂਚੀ ਵਿਚ ਲੇਖਕ, ਟਾਈਟਲ ਜਾਂ ਵਿਸ਼ੇ ਖੇਤਰਾਂ ਅਨੁਸਾਰ ਖੋਜ ਕਰਨੀ, ਤੁਹਾਡੇ ਆਪਣੇ ਚੁਣੇ ਹੋਏ ਖੇਤਰਾਂ ਵਿਚੋਂ ਸਿੱਧੀ ਖੋਜ਼ ਕਰਨੀ।

**9.20 ਸਾਈਕਸਾਈਟ** (Psychsite)**:**

<stange.simplenet.com/psycsite/> : ਸਾਈਕਸਾਈਟ ਇਕ ਗੈਰ ਲਾਹੇਵੰਦ, ਲੋਕ ਸੇਵਾ ਇੰਟਰਨੈਟ ਸਾਈਟ ਹੈ, ਜਿਹੜੀ ਕਿ ਮਨੋਵਿਗਿਆਨੀ ਅਤੇ ਮਨੋਵਿਗਿਆਨ ਦੇ ਵਿਦਿਆਰਥੀਆਂ ਲਈ ਹੈ, ਜਿਸਦਾ ਕੇਂਦਰ ਬਿੰਦੂ ਪੂਰੀ ਤਰ੍ਹਾਂ ਖੋਜ ਅਤੇ ਵਿਗਿਆਨ ਉੱਤੇ ਹੈ, ਇਸ ਵਿਚ ਕੋਈ ਸਵੈ-ਮਦਦ ਲਿੰਕ ਸ਼ਾਮਿਲ ਨਹੀਂ ਹਨ। ਜਹਾਜ਼ਰਾਨੀ ਦੀ ਸਹੂਲਤ ਵਾਸਤੇ ਇਸ ਸਾਈਟ ਵਲ ਧਿਆਨ ਦੇਣਾ ਚਾਹੀਦਾ ਹੈ।

**9.21 ਬੂਬਲ ਲਿੰਕ** (Bubl Link)**:**

<link.buble.ac.uk./sociology> : ਬੂਬਲ ਲਿੰਕ ਕੁਆਲਿਟੀ ਪੱਧਰ ਦੇ ਸਾਧਨਾਂ ਲਈ ਇਕ ਰਾਹ ਦਾ ਕੰਮ ਕਰਦਾ ਹੈ, ਜਿਸ ਵਿਚ ਸਮਾਜ ਸ਼ਾਸਤਰ ਵਰਗੇ ਖੇਤਰ ਵੀ ਸ਼ਾਮਿਲ ਹਨ। ਉਨ੍ਹਾਂ ਸਾਈਟਾਂ ਨੂੰ ਲਿੰਕ ਮੁਹੱਈਆ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਮੁਲਾਂਕਣ ਕੀਤਾ ਗਿਆ ਹੁੰਦਾ ਹੈ ਤੇ ਜਿਹੜੀਆਂ ਉੱਚ-ਪੱਧਰ ਦੀਆਂ ਪਾਈਆਂ ਜਾਂਦੀਆਂ ਹਨ। ਜਿਹੜੇ ਖੇਤਰ ਕਵਰ ਕੀਤੇ ਜੋਂਦ ਹਨ, ਉਹਨਾਂ ਵਿਚ ਇਹ ਸ਼ਾਮਿਲ ਹਨ: ਸਮਾਜਿਕ ਪ੍ਰਕਿਰਿਆ, ਆਪਸੀ ਪ੍ਰਭਾਵ, ਤਬਦੀਲੀ, ਜਨਸੰਖਿਆ, ਨੌਕਰੀਆਂ ਬਾਰੇ ਹੋਣ ਵਾਲੀਆਂ ਕਾਨਫਰੰਸਾਂ ਬਾਰੇ ਅਖਬਾਰਾਂ ਅਤੇ ਸਮਾਚਾਰ ਸੇਵਾਵਾਂ ਬਾਰੇ ਵੇਰਵੇ ਦਿੰਦਾ ਹੈ। ਜਿਥੇ ਲੋੜ ਹੋਵੇ ਚਲੰਤ ਜਾਣਕਾਰੀ ਦੀ ਸਹੂਲਤ ਮੌਜੂਦ ਹੁੰਦੀ ਹੈ, ਜਿਸ ਨਾਲ ਈ-ਮੇਲ ਦੁਆਰਾ ਜਰਨਲਾਂ ਦੇ ਤਤਕਰੇ ਵਾਲੇ ਪੇਜ਼ ਪ੍ਰਾਪਤ ਕੀਤੇ ਜਾ ਸਕਦੇ ਹਨ, ਕਈ ਜਰਨਲਾਂ ਦੇ ਤਤਕਰੇ ਵਾਲੇ ਪੇਜ਼ਾਂ ਤੱਕ ਪਹੁੰਚ ਸੇਵਾ ਨੂੰ ਮੁਫਤ ਮੁਹੱਈਆ ਕੀਤਾ ਜਾਂਦਾ ਹੈ।

**9.22 ਸੋਸਿਗ (ਸੋਸ਼ਲ ਸਾਇੰਸ ਇਨਫਰਮੇਸ਼ਨ ਗੇਟਵੇ)** (SOSIG (Social Science Information Gateway)**:**

<www.sosig.ac.uk/ : ਸੋਸਿਗ ਸੋਸ਼ਲ ਸਾਇੰਸ ਇਨਫਰਮੇਸ਼ਨ ਗੇਟਵੇਅ ਦੀ ਆਰਥਿਕ ਸਹਾਇਤਾ, ਹਾਇਰ ਐਜੁਕੇਸ਼ਨ ਫੰਡਿੰਗ ਕੌਂਸਲ ਫਾਰ ਇੰਗਲੈਂਡ (ਐਚ ਈ ਐਫ ਸੀ ਈ) ਦੁਆਰਾ ਕੀਤੀ ਜਾਂਦੀ ਹੈ ਅਤੇ ਇਸਨੂੰ ਕਈ ਮਾਹਿਰ ਵਿਸ਼ਾ ਸੰਪਾਦਕਾਂ ਦੁਆਰਾ ਸੰਗ੍ਰਹਿਤ ਕੀਤਾ ਜਾਂਦਾ ਹੈ, ਜਿਹੜੇ ਸ੍ਰੋਤਾਂ ਬਾਰੇ ਰਿਵਿਊ ਕਰਦੇ ਹਨ ਅਤੇ ਉਨ੍ਹਾਂ ਦੇ ਤਤਕਰਿਆਂ ਬਾਰੇ ਸਹਾਇਕ ਵਿਵਰਣ ਵੀ ਦਿੰਦੇ ਹਨ। ਨਾਮ ਬਦਲੀ ਸਬੰਧੀ : ਸਮਾਜ ਵਿਗਿਆਨ <www.intute.ac.uk/s : ਮਾਨਵ ਵਿਗਿਆਨ ਦਾ ਭਾਗ, ਅੱਜਕਲ ਸੈਂਟਰ ਫਾਰ ਸੋਸ਼ਲ ਐਨਥਰੋਪੋਲੋਜੀ ਐਂਡ ਕੰਪਿਊਟਿੰਗ, ਯੂਨੀਵਰਸਿਟੀ ਆਫ ਕੈਂਟ ਅਤੇ ਯੂਨੀਵਰਸਿਟੀ ਆਫ ਮੈਨਚੈਸਟਰ ਲਾਇਬ੍ਰੇਰੀ ਦੁਆਰਾ ਚਲਾਇਆ ਜਾਂਦਾ ਹੈ। ਇਸ ਵਿਚ ਵਿਸ਼ੇਸ਼ ਉਪ ਭਾਗ ਹਨ, ਜੋਕਿ ਸਬੰਧਾਂ ਬਾਰੇ ਅਰਥਸ਼ਾਸਤਰ ਬਾਰੇ, ਮੈਡੀਕਲ ਬਾਰੇ ਅਤੇ ਦ੍ਰਿਸ਼ਟੀਗਤ ਮਾਨਵ ਵਿਗਿਆਨ ਜਿਹੇ ਵਿਸ਼ਿਆਂ ਬਾਰੇ ਸੂਚਨਾ ਦਿੰਦੇ ਹਨ।

**9.23 ਇੰਟਰਨੈਸ਼ਨਲ ਐਰਿਕ** (International Eric) **:**

**ਇੰਟਰਨੈਸ਼ਨਲ ਐਰਿਕ (ਮਾਊਂਟਵਿਊ ਸੀ ਏ. ਨਾਈਟ-ਰਿੱਡਰ ਇਨਫਰਮੇਸ਼ਨ ਇਨਕ) :** ਇਹ ਬ੍ਰਿਟਿਸ਼ ਐਜੁਕੇਸ਼ਨ ਇੰਡੈਕਸ ਦਾ ਸੀ ਡੀ ਰੋਮ ਰੂਪ ਹੈ ਅਤੇ ਇਸ ਵਿਚ ਅਸਟ੍ਰੇਲੀਅਨ ਐਜੁਕੇਸ਼ਨ ਇੰਡੈਕਸ, ਕਨੇਡੀਅਨ ਐਜੁਕੇਸ਼ਨ ਇੰਡੈਕਸ ਬਿਬਲਿਓਗ੍ਰਾਫੀ ਆਫ ਐਜੁਕੇਸ਼ਨ ਸ਼ਾਮਿਲ ਹਨ। ਇਹ ਆਸਟ੍ਰੇਲੀਆ ਵਿਚ ਅਤੇ ਬ੍ਰਿਟਿਸ਼ ਐਜੁਕੇਸ਼ਨ ਥੀਮਿਜ਼ ਇੰਡੈਕਸ ਵਿਚ ਹਨ। ਇਕੋ ਹੀ ਪ੍ਰਮੁੱਖ ਸ਼ਬਦ ਦੀ ਵਰਤੋਂ ਨਾਲ ਸਾਰੇ ਡਾਟਾਬੇਸਾਂ ਤੇ ਖੋਜ਼ ਕੀਤੀ ਜਾ ਸਕਦੀ ਹੈ। ਆਮ ਤੌਰ ਤੇ ਐਬਸਟ੍ਰੈਕਟ ਉਪਲੱਬਧ ਨਹੀਂ ਹੁੰਦੇ, ਪਰੰਤੂ ਬਾਅਦ ਦੇ ਸਾਲਾਂ ਵਾਲੇ ਹਿੱਸਿਆਂ ਵਿਚ ਵਧੇਰੇ ਸਾਹਿਤ ਕਵਰ ਕੀਤਾ ਜਾ ਰਿਹਾ ਹੈ। ਤਿਮਾਹੀ ਰੂਪ ਵਿਚ ਨਵੀਨੀਕਰਣ ਕੀਤਾ ਜਾਂਦਾ ਹੈ। ਕੁਝ ਚੋਣਵੇਂ ਯੂਰੋਪੀ ਅੰਗ੍ਰੇਜ਼ੀ ਭਾਸ਼ਾ ਦੇ ਟਾਈਟਲ ਵੀ ਸ਼ਾਮਿਲ ਕੀਤੇ ਜਾ

ਰਹੇ ਹਨ। ਇਹ ਬੜਾ ਸਰਲ ਹੁੰਦਾ ਹੈ ਕਿ ਕਿਸੇ ਇਕ ਵਿਸ਼ੇ ਜਾ ਲੇਖਕ ਉਤੇ ਕਾਰਜ ਕੀਤਾ ਜਾਵੇ। ਡਾਟਾਬੇਸ ਦੀ ਬਾਥ ਇਨਫਰਮੇਸ਼ਨ ਅਤੇ ਡਾਟਾ ਸਰਵਿਸਜ਼ (ਬੀ ਆਈ ਡੀ ਐਸ) <www.bids.ac.uk/>: ਅਤੇ ਓ ਸੀ ਐਲ ਸੀ ਦੁਆਰਾ ਉਪਲਬੱਧ ਹੁੰਦਾ ਹੈ। ਸਭ ਤੋਂ ਪਹਿਲਾਂ ਇਥੇ ਲੱਭੋ <first search.oclc.org.>: ਐਰਿਕ ਵਧੇਰੇ ਜਾਣਕਾਰੀ ਲਈ 2200 ਤੋਂ ਵਧੇਰੇ ਡਾਈਜੈਸਟਾਂ ਦੇ ਮੁਕੰਮਲ ਮੂਲ-ਪਾਠ ਦਿੰਦਾ ਹੈ, ਹਵਾਲਿਆਂ ਸਹਿਤ ਅਤੇ 1000 ਤੋਂ ਵਧੇਰੇ ਵਿੱਦਿਅਕ ਅਤੇ ਵਿੱਦਿਆ ਨਾਲ ਸਬੰਧਤ ਰਸਾਲਿਆਂ ਵਿਚੋਂ ਐਬਸਟ੍ਰੈਕਟ ਅਤੇ ਟੂਕਾਂ ਵੀ ਦਿੰਦਾ ਹੈ।

## 9.24 ਵੈੱਬ ਸਾਧਨਾਂ ਦਾ ਮੁਲਾਂਕਣ :

ਵੈੱਬ ਉੱਤੇ ਕੁਆਲਟੀ ਸੂਚਨਾ ਦੀ ਪਛਾਣ ਲਈ ਕੁਝ ਤਕਨੀਕਾਂ ਇਹ ਹਨ :

ਆਪਣੇ ਖੋਜ਼ ਨਤੀਜਿਆਂ ਨੂੰ ਦੇਖੋ ਅਤੇ ਯੂ ਆਰ ਐਲ ਦੀ ਜਾਂਚ ਕਰੋ (ਯੂਨੀਫਾਰਮ ਰਿਸੋਰਸ ਲੋਕੇਟਰ ਜਿਸਨੂੰ ਲਿੰਕ ਦੇ ਹੋਰ ਤੇ ਵੀ ਜਾਣਿਆ ਜਾਂਦਾ ਹੈ) ਖੇਤਰ ਨੂੰ ਪਛਾਣੋ (ਐਜੁ. ਕੌਸ ਨੈੱਟ. ਆਰਗੇ) ਜੇਕਰ ਤੁਸੀਂ ਗਿਆਨ ਭਰਪੂਰ ਸੂਚਨਾ ਲੱਭ ਰਹੇ ਹੋ, ਤਾਂ ਇਹ ਠੀਕ ਹੈ। ਤਾਂ ਤੁਸੀਂ ਸਿੱਖਿਆ ਖੇਤਰ ਦੇ ਵੈੱਬਸਾਈਟ ਵਿਚੋਂ ਲੱਭ ਸਕਦੇ ਹੋ। ਇਹ ਗੱਲ ਨਹੀਂ ਕਿ ਦੂਜੇ ਸਾਰੇ ਖੇਤਰਾਂ ਵਿਚੋਂ ਤੁਹਾਨੂੰ ਗਿਆਨ ਭਰਪੂਰ ਸੂਚਨਾ ਪ੍ਰਾਪਤ ਨਹੀਂ ਹੋਵੇਗੀ। ਤੁਸੀਂ ਆਪਣੇ ਵਿਸ਼ੇ ਲਈ ਸਭ ਤੋਂ ਲੋੜੀਂਦੀ ਸੂਚਨਾ ਕੱਢ ਲਵੋ।

- ਸੰਕੇਤਾਂ ਵਲ ਦੇਖੋ ਕਿ ਅਸਤਿੱਤਵ ਕੀ ਹੈ ਅਤੇ ਸਾਈਟ ਕਿਸਨੇ ਬਣਾਈ ਹੈ। ਵੈੱਬਸਾਈਟ ਹੋਣ ਸਬੰਧੀ ਕੋਈ ਕਥਨ ਜਾਂ ਉਚਿਤਤਾ। ਦੇਖੋ ਕਿ ਉਹ ਪਿਛਲੀ ਵਾਰ ਕਦੋਂ ਨਵਿਆਈ ਗਈ ਸੀ। ਇਹ ਅਕਸਰ ਹੇਠਾਂ ਜਾਂ ਪੇਜ਼ ਦੇ ਸੱਜੇ ਪਾਸੇ ਹੇਠਾਂ ਕਰਕੇ ਦਰਸਾਇਆ ਹੁੰਦਾ ਹੈ।
- ਜੇਕਰ ਵਧੀਕ ਲਿੰਕਸ ਜਾਂ ਸਬੰਧਿਤ ਲਿੰਕਜ਼ ਹੋਣ ਤਾਂ ਇਹ ਦੇਖੋ ਕਿ ਮੈਟੀਰੀਅਲ ਦੀ ਗੁਣਵੱਤਾ ਵਿਚ ਪਕਿਆਈ ਹੈ ਜਾਂ ਨਹੀਂ।
- ਜੇਕਰ ਸਾਈਟ ਉੱਤੇ ਸ੍ਰੋਤ ਅਤੇ ਹਵਾਲੇ ਦਿੱਤੇ ਗਏ ਹੋਣ, ਤਾਂ ਇਹ ਜਾਂਚ ਕੀਤੀ ਜਾਵੇ ਕਿ ਕੀ ਉਹ ਕਿਸੇ ਪ੍ਰਕਾਰ ਦਸਤਾਵੇਜ਼ੀ ਹਨ ਜਾਂ ਨਹੀਂ।
- ਦਿੱਤੀ ਗਈ ਸੂਚਨਾ ਦਾ ਕਾਰਜ ਖੇਤਰ ਦੇਖਿਆ ਜਾਵੇ ਕਿ ਕੀ ਤੁਹਾਡੇ ਵਿਸ਼ੇ ਸਬੰਧੀ ਉਹ ਮੁੱਢਲੀ ਸੂਚਨਾ ਹੈ ਜਾਂ ਵਿਸ਼ੇਸ਼ ਕਿਸਮ ਦੀ ਸੂਚਨਾ ਹੈ?
- ਬਹੁਤ ਜਰੂਰੀ! ਜੇਕਰ ਤੁਸੀਂ ਕੋਈ ਵੈੱਬਸਾਈਟ ਆਪਣੇ ਪੇਪਰ ਜਾਂ ਪ੍ਰਾਜੈਕਟ ਵਿਚ ਵਰਤਦੇ ਹੋ ਤਾਂ ਕਦੇ ਵੀ ਉਸਨੂੰ ਦਰਸਾਉਣਾ ਨਾ ਭੁੱਲੋ। ਭਾਵੇਂ ਤੁਸੀਂ ਐਮ ਐਲ ਏ ਜਾਂ ਏ ਪੀ ਏ ਸਟਾਈਲ ਦੀਆਂ ਟੂਕਾਂ ਵੀ ਵਰਤਦੇ ਹੋ ਤਾਂ ਵੈੱਬਸਾਈਟ ਨੂੰ ਦਰਸਾਉਣ ਦਾ ਉਸ ਸਬੰਧੀ ਵੀ ਇਕ ਢੰਗ ਹੁੰਦਾ ਹੈ। ਇਨ੍ਹਾਂ ਦੋਹਾਂ ਸਟਾਇਲਾਂ ਦੇ ਸਾਰਾਂਸ਼ ਤੁਸੀਂ : <http://www.english.uiuc.edu./ews/wworkshop/bibliigraphy.htm.>: ਇਥੇ ਦੇਖ ਸਕਦੇ ਹੋ। ਜੇਕਰ ਤੁਸੀਂ ਕਿਸੇ ਵੈੱਬਸਾਈਟ ਬਾਰੇ ਤੁਰੰਤ ਅਤੇ ਸਹੀ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਾਰੇ ਵੈੱਬ-ਕੌਮ ਉਸ ਸਬੰਧੀ ਐਬਸਟ੍ਰੈਕਟ ਮੁਹੱਈਆ ਕਰ ਸਕਦੇ ਹਨ। ਜੇਕਰ ਤੁਸੀਂ ਕੇਵਲ ਵੈੱਬਸਾਈਟ ਐਂਟਰ ਕਰਦੇ ਹੋ, ਤਾਂ ਤੁਸੀਂ ਸਰਚ-ਬੌਕਸ, <http://www.alltheweb.com/ex:www.snopes.com>: ਨੂੰ ਵਾਚ ਰਹੇ ਹੁੰਦੇ ਹੋ।
- ਵਿਵਰਣ : ਸ਼ਹਿਰੀ ਲੋਕ ਕਥਾਵਾਂ, ਲੋਕ ਧਾਰਾਵਾਂ, ਮਿੱਥਾਂ, ਅਫਵਾਹਾਂ ਅਤੇ ਝੂਠੀਆਂ ਖਬਰਾਂ ਬਾਰੇ ਇੰਟਰਨੈਟ ਸਹੀ ਅਤੇ ਅੰਤਿਮ ਇੰਟਰਨੈੱਟ ਹਵਾਲਾ ਸ੍ਰੋਤ ਹੈ।

## 9.25 ਪੁਸਤਕ-ਸੂਚੀ :

1. Smith, S.S. Web-based Instruction: a guide for Libraries, American Library Association : Chicago, Ed3, 2010.
2. Bhatnagar, Anjana : Web Based Library Services, 2005.
3. Chakaraborty, AK : Building Sustainable Digital Library, 2009.

ਪਾਠ ਨੰਬਰ : 2.4

ਲੇਖਕ : ਡਾ. ਆਰ.ਕੇ. ਭੱਟ
ਅਨੁਵਾਦਕ ਡਾ. ਬਰਿਜਿੰਦਰ ਕੌਰ

# ਰਾਸ਼ਟਰੀ ਪੱਧਰ ਤੇ ਸਮਾਜ ਵਿਗਿਆਨ ਸੰਸਥਾਵਾਂ ਦੀ ਖੋਜ ਪ੍ਰਕਿਰਿਆ
# (Research Activities of Social Science, Organisations : National)

**ਪਾਠ ਬਣਤਰ :**

10.0 ਉਦੇਸ਼
10.1 ਜਾਣ ਪਛਾਣ
10.2 ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰੀਸਰਚ (ਆਈ ਸੀ ਐਸ ਐਸ ਆਰ)
10.3 ਨੈਸ਼ਨਲ ਸੋਸ਼ਲ ਸਾਇੰਸ ਡਾਕੂਮੈਨਟੇਸ਼ਨ ਸੈਂਟਰ (ਐਨ ਏ ਐਸ ਐਸ ਡੀ ਓ ਸੀ.)
10.4 ਇੰਡੀਅਨ ਸੋਸ਼ਲ ਸਾਇੰਸ ਪੀਰੀਆਡੀਕਲਜ਼ ਲਿਟਰੇਚਰ (ਆਈ ਐਨ ਐਸ ਐਸ ਪੀ.ਈ. ਐਲ)
10.5 ਇੰਡੀਅਨ ਇਨਸੀਚਿਊਟ ਆਫ ਪਬਲਿਕ ਐਡਮਨਿਸਟਰੇਸ਼ਨ (ਆਈ ਆਈ ਪੀ. ਏ.)
10.6 ਇੰਨਸਚਿਊਟ ਆਫ ਇਕਨੋਮਿਕ ਗਰੋਥ (ਆਈ.ਈ.ਜੀ)
10.7 ਨਹਿਰੂ ਮੈਮੋਰੀਅਲ ਮਿਊਜਿਅਮ ਐਂਡ ਲਾਇਬਰੇਰੀ
10.8 ਇੰਡੀਅਨ ਕੌਂਸਲ ਆਫ ਹਿਸਟੋਰੀਕਲ ਰੀਸਰਚ (ਆਈ ਸੀ ਐਚ ਆਰ)
10.9 ਟਾਟਾ ਇੰਨਸੀਚਿਊਟ ਆਫ ਸੋਸ਼ਲ ਸਾਇੰਸਿਜ (TISS)
10.10 ਦੋਰਾਬਜੀ ਟਾਟਾ ਮੈਮੋਰੀਅਲ ਲਾਇਬਰੇਰੀ
10.11 ਐਚ ਐਸ ਐਸ ਡਾਕੂਮੈਨਟੇਸ਼ਨ ਸੈਲ
10.12 ਵੂਮੈਨ'ਸ ਸਟੱਡੀਜ਼ ਸੈਲ
10.13 ਇਨਸੀਚਿਊਟ ਆਫ ਸੋਸ਼ਲ ਐਂਡ ਇਕਨਾਮਿਕ ਚੇਂਜ
10.14 ਆਈ ਐਸ ਈ.ਸੀ. ਲਾਇਬ੍ਰੇਰੀ
10.15 ਸੈਂਟਰ ਫਾਰ ਰੀਸਰਚ ਇਨ ਰੂਰਲ ਐਂਡ ਇਨਡਸਟ੍ਰੀਅਲ ਡਿਵੈਲਪਮੈਂਟ

## 10.0 ਉਦੇਸ਼ (Objectives) :

ਇਸ ਪਾਠ ਦਾ ਅਧਿਐਨ ਤੁਹਾਨੂੰ :

(i) ਮਹੱਤਵਪੂਰਣ ਰਾਸ਼ਟਰੀ ਸਮਾਜ ਵਿਗਿਆਨ ਸੰਸਥਾਵਾਂ ਦਾ ਅਧਿਐਨ ; ਅਤੇ,

(ii) ਸਮਾਜ ਵਿਗਿਆਨ ਨੂੰ ਸਮਰਪਿਤ ਮਹੱਤਵਪੂਰਨ ਲਾਇਬਰੇਰੀਆਂ ਦੀ ਜਾਣਕਾਰੀ ਦੇਣ ਵਿਚ ਸਹਾਇਕ ਹੋਵੇਗਾ।

## 10.1 ਜਾਣ ਪਹਿਚਾਣ (Introduction) :

1947 ਦੀ ਸੁਤੰਤਰਤਾ ਤੋਂ ਬਾਅਦ ਭਾਰਤ ਸਰਕਾਰ ਨੇ ਹਰ ਵਰਗ ਦੀ ਉਚੇਰੀ ਸਿੱਖਿਆ ਦੇ ਵਿਕਾਸ ਨੂੰ ਗੰਭੀਰਤਾ ਨਾਲ ਲਿਆ। ਇਸ ਸਬੰਧੀ ਵਿਕਾਸ ਕਰਨ ਲਈ ਠੋਸ ਕਦਮ ਚੁਕਣੇ ਲਾਜ਼ਮੀ ਹੋ ਗਏ। ਉਦਾਹਰਣ ਦੇ ਤੌਰ ਤੇ 1948 ਵਿਚ ਭਾਰਤ ਸਰਕਾਰ ਨੇ ਰਾਧਾ ਕ੍ਰਿਸ਼ਨਨ ਕਮਿਸ਼ਨ ਦਾ ਗਠਨ ਕੀਤਾ। ਪਾਰਲੀਮੈਂਟ ਦੇ ਐਕਟ ਅਨੁਸਾਰ 1957 ਵਿਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਸਥਾਪਤ ਕੀਤਾ ਗਿਆ।

ਉਚੇਰੀ ਸਿੱਖਿਆ ਦੇ ਵਿਕਾਸ ਲਈ 1964 ਵਿਚ ਕੋਠਾਰੀ ਕਮਿਸ਼ਨ ਅਤੇ ਕਈ ਹੋਰ ਸੰਸਥਾਵਾਂ ਬਣਾਈਆਂ ਗਈਆਂ। ਕਾਲਜ ਅਤੇ ਵਿਸ਼ਵ-ਵਿਦਿਆਲਿਆ ਦੀ ਸਥਾਪਨਾ ਤੇ ਸਿੱਖਿਆ ਦੇ ਵਿਕਾਸ ਤੋਂ ਇਲਾਵਾ ਸਰਕਾਰ ਦੀ ਇਹ ਸੋਚਣੀ ਸੀ ਕਿ ਵਿਸ਼ਾ ਵਿਸ਼ੇਸ਼ ਖੇਤਰ ਦੇ ਵਿਕਾਸ ਤੇ ਨਿਗਰਾਨੀ ਲਈ ਵਿਸ਼ੇਸ਼ ਸੰਸਥਾਵਾਂ ਦੀ ਲੋੜ ਹੈ। ਸਰਕਾਰ ਦੀ ਇਸ ਸੋਚ ਨਾਲ ਵਿਗਿਆਨ ਤੇ ਸਮਾਜ ਵਿਗਿਆਨ ਦੇ ਖੇਤਰ ਵਿਚ ਕਈ ਸੰਸਥਾਵਾਂ ਸੁਤੰਤਰ ਰੂਪ ਵਿਚ ਹੋਂਦ ਵਿਚ ਆਈਆਂ ਜਿਹਨਾਂ ਨੇ ਵਿਸ਼ਾ ਵਿਸ਼ੇਸ਼ ਖੇਤਰ ਦੇ ਵਿਕਾਸ ਪ੍ਰਤੀ ਜ਼ੁੰਮੇਵਾਰੀ ਨਿਭਾਈ। ਇਹਨਾਂ ਵਿਚੋਂ ਕਈਆਂ ਨੇ ਇਸ ਖੇਤਰ ਵਿਚ ਬਹੁਤ ਜ਼ਿਆਦਾ ਯੋਗਦਾਨ ਪਾਇਆ। ਇਹਨਾਂ ਸੰਸਥਾਵਾਂ ਦਾ ਕ੍ਰਮਵਾਰ ਇਥੇ ਜਿਕਰ ਕਰਨਾ ਜ਼ਰੂਰੀ ਹੈ।

## 10.2 ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰੀਸਰਚ (ICSSR) (Indian Council of Social Science Research) :

ਦੇਸ਼ ਭਰ ਵਿਖੇ ਸਮਾਜ ਵਿਗਿਆਨ ਦੇ ਖੇਤਰ ਵਿਚ ਖੋਜ ਕਾਰਜ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਨੇ 1969 ਵਿਚ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰੀਸਰਚ ਦੀ ਹੇਠ ਲਿਖੇ ਕਾਰਜਾਂ ਕਰਕੇ ਸਥਾਪਨਾ ਕੀਤੀ :

(i) ਖੋਜ ਪ੍ਰੋਗਰਾਮਾਂ ਨੂੰ ਸਰਪ੍ਰਸਤੀ, ਖੋਜਾਰਥੀਆਂ ਤੇ ਸੰਸਥਾਵਾਂ ਨੂੰ ਗ੍ਰਾਂਟ ਦੀ ਪ੍ਰਾਪਤੀ ਕਰਵਾਉਣੀ।
(ii) ਖੋਜਾਰਥੀਆਂ ਨੂੰ ਵਜੀਫੇ ਤੇ ਫੈਲੋਸ਼ਿਪ ਪ੍ਰਾਪਤ ਕਰਵਾਉਣੇ ;
(iii) ਸਮਾਜ ਵਿਗਿਆਨ ਦੇ ਕਿਹੜੇ ਖੇਤਰ ਬੇਧਿਆਨੇ ਤੇ ਕਿਹੜੇ ਨਵੇਂ ਪੱਖ ਹਨ, ਸਬੰਧੀ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨਾ ;
(iv) ਸੰਸਥਾਵਾਂ, ਸਭਾਵਾਂ ਤੇ ਅਜਿਹੀਆਂ ਪੱਤ੍ਰਿਕਾਵਾਂ ਨੂੰ ਵਿੱਤੀ ਸਹਾਇਤਾ ਦੇਣੀ ਜੋ ਖੋਜ ਪ੍ਰਤੀ ਕਾਰਜਸ਼ੀਲ ਹਨ ;
(v) ਖੋਜ ਵਿਧਾਨ ਸਬੰਧੀ ਤਕਨੀਕੀ ਸਿਖਲਾਈ ਤੇ ਅਗਵਾਈ ;
(vi) ਅੰਤਰ-ਵਿਸ਼ਾ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨਾ ਤੇ ਖੋਜ ਵਿਚ ਤਾਲਮੇਲ ਸਥਾਪਿਤ ਕਰਨਾ
(vii) ਡਾਕੂਮੈਨਟੇਸ਼ਨ ਸੈਂਟਰਾਂ ਦੇ ਵਿਕਾਸ ਤੇ ਡਾਟੇ ਦੀ ਉਪਲਬਧੀ ਵਿਚ ਸਹਿਯੋਗ ;
(viii) ਅਧਿਆਪਨ, ਅਧਿਐਨ, ਵਰਕਸ਼ਾਪ, ਸੈਮੀਨਾਰ ਆਯੋਜਿਤ ਕਰਨੇ ਤੇ ਵਿੱਤੀ ਸਹਾਇਤਾ ਦੇਣੀ ;
(ix) ਜਰਨਲਜ ਤੇ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਸਹਾਇਤਾ ਪ੍ਰਦਾਨ ਕਰਨੀ।
(x) ਸਮਾਜ ਵਿਗਿਆਨ ਦੇ ਖੇਤਰ ਵਿਚ ਖੋਜ ਦੀ ਲੋੜ ਤੇ ਮਹੱਤਵ ਦੇ ਲੇਖੇ ਜੋਗੇ ਬਾਰੇ ਸਰਕਾਰ ਨੂੰ ਜਾਣੂ ਕਰਵਾਉਣਾ।

### ਵਿਉਂਤਬੰਧੀ ਤੇ ਸਹਿਯੋਗ (Planning and Coordination) :

ਜਿਵੇਂ ਕਿ ਪਹਿਲਾਂ ਵੀ ਦਸਿਆ ਜਾ ਚੁੱਕਾ ਹੈ ਕਿ ਕੌਂਸਲ ਦਾ ਮੁੱਖ ਉਦੇਸ਼ ਸਮਾਜ ਵਿਗਿਆਨ ਦੀ ਖੋਜ ਨੂੰ ਉਤਸ਼ਾਹਿਤ ਕਰਨਾ ਹੈ। ਇਸ ਲਈ ਕਿਸੇ ਯੋਜਨਾ ਅਤੇ ਉਸ ਵਿਚ ਤਾਲਮੇਲ ਦਾ ਹੋਣਾ ਜਰੂਰੀ ਹੈ। ਮਿਥੇ ਗਏ ਉਦੇਸ਼ ਨੂੰ ਪੂਰਾ ਕਰਨ ਲਈ ਵਿਉਂਤ ਇਕ ਸੁਚੱਜਾ ਕਦਮ ਹੈ। ਇਕ ਵਧੀਆ ਸੁਚੱਜੀ ਵਿਉਂਤ ਵਿਚ ਦ੍ਰਿਸ਼ਟੀਕੋਣ, ਏਜੰਡਾ, ਪ੍ਰਾਥਮਿਕਤਾ ਤੇ ਕਾਰਜ ਸ਼ੈਲੀ ਸ਼ਾਮਲ ਹੁੰਦੀ ਹੈ ਅਤੇ ਜਿਹਨਾਂ ਚਿੰਨ੍ਹਾਂ ਤੇ ਪ੍ਰਤੀਕਾਂ ਅਤੇ ਭਾਸ਼ਾ ਦਾ ਪ੍ਰਯੋਗ ਖੋਜ ਵਿਚ ਕੀਤਾ ਜਾਣਾ ਹੈ, ਉਸ ਸਬੰਧੀ ਵਿਉਂਤਬੰਧੀ ਤੋਂ ਗਿਆਨ ਹੋ ਜਾਂਦਾ ਹੈ। ਵਰਤਮਾਨ ਸੰਦਰਭ ਤੇ ਭਵਿੱਖਤੀ ਉਦੇਸ਼ਾਂ ਦੀ ਜਾਣਕਾਰੀ ਵਿਉਂਤ ਪ੍ਰਤੀ ਦ੍ਰਿਸ਼ਟੀਕੋਣ ਤੋਂ ਹੋ ਜਾਂਦੀ ਹੈ। ਇਸ ਯੋਜਨਾ ਵਿਚ ਉਦੇਸ਼ ਦੀ ਪ੍ਰਾਪਤੀ, ਕਾਰਜਸ਼ੈਲੀ ਦੀ ਉਚਤਮ ਚੋਣ ਆਦਿ ਵੀ ਸ਼ਾਮਲ ਹਨ। ਕੌਂਸਲ ਦੀ ਉਦੇਸ਼ ਪੂਰਤੀ ਵਿਚ ਯੋਜਨਾ ਇਕ ਮਹੱਤਵਪੂਰਨ ਕਾਰਜ ਕਰਦੀ ਹੈ। ਖੋਜਾਰਥੀਆਂ ਦੇ ਪੱਥ ਪ੍ਰਦਰਸ਼ਕ ਬਣਨਾ, ਸਭਿਆਚਾਰਕ ਤਬਦੀਲੀ ਪ੍ਰੋਗਰਾਮ (ਸੀ.ਈ.ਪੀ.) ਦੇ ਅੰਤਰਗਤ ਸੰਯੁਕਤ ਵਿਦਿਅਕ ਕਾਰਜਾਂ ਨੂੰ ਉਤਸ਼ਾਹਿਤ ਕਰਦਾ ਹੈ। ਦੋ ਭਾਸ਼ੀ ਸਮਝੌਤੇ, ਉਤਰ ਪੂਰਬ ਵਿਚ ਇਹਨਾਂ ਪ੍ਰਕਿਰਿਆਵਾਂ ਨੂੰ ਵਧਾਉਣਾ, ਤਕਨੀਕੀ ਕੋਰਸ ਲਗਾਉਣੇ, ਸੈਮੀਨਾਰ, ਵਰਕਸ਼ਾਪ, ਖੋਜ ਤੇ ਖੋਜ ਸੰਸਥਾ ਸਥਾਪਿਤ ਕਰਨੀਆਂ, ਸੂਬਾਈ ਕੇਂਦਰ ਬਨਾਉਣੇ, ਪ੍ਰਲੇਖਣ ਸੇਵਾ ਉਪਲਬਧ ਕਰਵਾਉਣੀ, ਡਾਟੇ-ਆਰਕਾਈਵਜ਼ ਅਤੇ ਨੈਸ਼ਨਲ ਸੋਸ਼ਲ ਸਾਇੰਸ ਡਾਕੂਮੈਨਟੇਸ਼ਨ ਸੈਂਟਰ ਆਦਿ ਸਭ ਇਸ ਦੀ ਵਿਉਂਤਬੰਧੀ ਦੇ ਘੇਰੇ ਵਿਚ ਆ ਜਾਂਦੇ ਹਨ। ਆਪਣੀਆਂ ਯੋਜਨਾਵਾਂ ਨੂੰ ਭਲੀਭਾਂਤ ਲਾਗੂ ਕਰਵਾਉਣ ਲਈ ਕੌਂਸਲ ਹੇਠ ਲਿਖੇ ਕਦਮ ਚੁਕ ਰਹੀ ਹੈ :

(i) ਮੌਜੂਦਾ ਪ੍ਰੋਗਰਾਮਾਂ, ਸਕੀਮਾਂ ਤੇ ਕਿਰਿਆਵਾਂ ਨੂੰ ਹੋਰ ਵਧੇਰੇ ਮਜਬੂਤ ਬਨਾਉਣਾ ;

(ii) ਵੱਖ ਵੱਖ ਪ੍ਰੋਗਰਾਮਾਂ, ਸਕੀਮਾਂ ਤੇ ਪ੍ਰਕਿਰਿਆਵਾਂ ਦੀ ਨਿਗਰਾਨੀ ਕਰਨੀ ;

(iii) ਸੂਚਨਾ ਤੇ ਸੰਚਾਰ ਉਪਭੋਗਤਾ ਦੇ ਸਾਹਮਣੇ ਖੋਜ ਤਰੀਕੇ ਤੇ ਨਤੀਜਿਆਂ ਦਾ ਮੁਲਾਂਕਣ ਪੇਸ਼ ਕਰਨਾ ;

(iv) ਵਿਸਤ੍ਰਿਤ ਅਧਿਐਨ ਅਤੇ ਖੋਜ ਲਈ ਅਨੁਭਵੀ ਸਮਾਜ ਵਿਗਿਆਨੀਆਂ ਤੋਂ ਅਜਿਹੀ ਖੋਜ ਲਈ ਰੂਪ ਰੇਖਾ ਤਿਆਰ ਕਰਵਾਉਣੀ ਜੋ ਖੋਜਾਰਥੀਆਂ ਦੇ ਲਾਭ ਲਈ ਹੋਵੇ ; ਅਤੇ

(v) ਆਉਣ ਵਾਲੇ ਸਾਲਾਂ ਲਈ ਖੋਜ ਏਜੰਡਾ ਤਿਆਰ ਕਰਵਾਉਣਾ।

ਇਹਨਾਂ ਤੋਂ ਇਲਾਵਾ ਕੌਂਸਲ ਆਪਣੇ ਪ੍ਰਬੰਧ ਨੂੰ ਵਧੇਰੇ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੀਆਂ ਗਤੀਵਿਧੀਆਂ ਅਪਨਾਉਂਦੀ ਹੈ :

(i) ਸਮਾਜ ਵਿਗਿਆਨੀਆਂ ਤੇ ਵਿਦਵਾਨਾਂ ਨੂੰ ਬਹੁਤ ਹੀ ਮੁਨਾਸਿਬ ਕੀਮਤਾਂ ਤੇ ਹੈਡ ਕੁਆਟਰ ਵਿਖੇ ਗੈਸਟ ਹਾਊਸ, ਹੋਸਟਲ ਦੀ ਸੁਵਿਧਾ ਪ੍ਰਦਾਨ ਕਰਵਾਉਣੀ ;

(ii) ਪੁਰਾਣੇ ਕੈਂਪਸ 35 ਫਿਰੋਜਸ਼ਾਹ ਰੋਡ ਨਵੀਂ ਦਿੱਲੀ ਵਿਖੇ ਸਥਾਪਿਤ ਲਾਇਬ੍ਰੇਰੀ ਤੇ ਡਾਕੂਮੈਨਟੇਸ਼ਨ ਦਾ ਨਵਨਿਰਮਾਣ ਤੇ ਉਸ ਨੂੰ ਆਧੁਨਿਕ ਲੀਹਾਂ ਤੇ ਪਾ ਕੇ ਉਸ ਦਾ ਪੱਧਰ ਉਚਾ ਕਰਨਾ ; ਅਤੇ

(iii) ਸਕੱਤਰੇਤੀ ਖੇਤਰ ਦੀ ਕਾਰਜਸ਼ੀਲਤਾ ਵਧਾਉਣ ਲਈ ਸਾਰੇ ਹੀ ਵਿਭਾਗਾਂ ਵਿਚ ਕੰਪਿਊਟਰ ਦਿੱਤੇ ਗਏ ਹਨ ਅਤੇ ਸਕੱਤਰੇਤ ਦੇ ਅਮਲੇ ਨੂੰ ਕੰਪਿਊਟਰ ਦੀ ਸਿਖਲਾਈ ਦਿੱਤੀ ਗਈ ਹੈ। ਇਸ ਗਲ ਬਾਰੇ ਵੀ ਧਿਆਨ ਦਿਤਾ ਜਾ ਰਿਹਾ ਹੈ ਕਿ ਵੱਖਰਾ ਰਿਕਾਰਡ ਰੂਮ ਬਣਾਇਆ ਜਾਵੇ ਤੇ ਇਸ ਲਈ ਇਕ ਅਜਿਹਾ ਸਾਫਟਵੇਅਰ ਤਿਆਰ ਕੀਤਾ ਜਾਵੇ ਜੋ ਰਿਕਾਰਡ ਰਖੇ, ਸੰਭਾਲੇ ਤੇ ਲੋੜ ਅਨੁਸਾਰ ਲੋੜਵੰਦਾ ਨੂੰ ਵਿਖਾਵੇ।

ਕੌਂਸਲ ਸਕੱਤਰੇਤ ਦੀ ਲੋੜ ਅਤੇ ਮਹੱਤਵ ਨੂੰ ਜਾਣਦਿਆਂ ਇਸ ਪ੍ਰਬੰਧ ਦੀ ਬਣਤਰ ਨੂੰ ਤਿੰਨ ਵੱਖ-ਵੱਖ ਵਿਭਾਗਾਂ, ਜੋ ਆਪਸ ਵਿਚ ਸਹਿ ਸੰਬੰਧਤ ਹਨ, ਵਿਚ ਵੰਡਿਆ ਗਿਆ ਹੈ, ਜੋ ਆਪਣੀਆਂ ਨਿਸਚਿਤ ਜੁੰਮੇਵਾਰੀਆਂ ਅਤੇ ਕਰਤੱਵਾਂ ਨੂੰ ਨਿਭਾਂਉਦੇ ਹਨ। ਅਮਲਾ, ਪ੍ਰਬੰਧਕ, ਯੋਜਨਾ ਤੇ ਸਹਿਯੋਗ ਇਸ ਸੈਂਟਰ ਦੇ ਮੁੱਖ ਵਿਭਾਗ ਹਨ।

## ਵਿੱਤ (Finance) :

ਆਈ.ਸੀ.ਐਸ.ਐਸ.ਆਰ ਇਕ ਸੁੰਤਤਰ ਸੰਸਥਾ ਹੈ ਜੋ ਭਾਰਤ ਸਰਕਾਰ ਦੀ ਮਨਿਸਟਰੀ ਆਫ਼ ਹਿਊਮਨ ਰੀਸੋਰਸਜ ਅਧੀਨ ਕੰਮ ਕਰ ਰਹੀ ਹੈ। ਇਹ ਕੌਂਸਲ ਆਪਣੀਆਂ ਵਿਭਿੰਨ ਸਰਗਰਮੀਆਂ ਕਾਰਨ ਮਨਿਸਟਰੀ ਤੋਂ 100% ਗਰਾਂਟ ਪ੍ਰਾਪਤ ਕਰਦੀ ਹੈ। ਇਸ ਸੰਸਥਾ ਦਾ ਵਿੱਤੀ ਵਿਭਾਗ ਸਮੇਂ ਸਮੇਂ ਵਿੱਤ ਸਬੰਧੀ ਦਿਸ਼ਾ ਨਿਰਦੇਸ਼ ਦਿੰਦਾ ਹੈ। ਇਸ ਵਿਚ ਯੋਜਨਾ, ਪ੍ਰਬੰਧ, ਨਿਰੀਖਣ ਤੇ ਵੰਡ ਵੰਡਾਈ ਆਦਿ ਸ਼ਾਮਲ ਹਨ। ਆਡਿਟ, ਉਪਭੋਗਤਾ ਸਰਟੀਫਿਕੇਟ ਜੋ ਵੱਖ ਵੱਖ ਪ੍ਰੋਗਰਾਮਾਂ ਜਾਂ ਵਿਭਾਗਾਂ ਨਾਲ ਸਬੰਧਤ ਹੁੰਦੇ ਹਨ ਦਾ ਨਿਰੀਖਣ ਕਰਦੀ ਹੈ।

ਕੌਂਸਲ ਦਾ ਮੁਢਲਾ ਉਦੇਸ਼ ਸਮਾਜ ਵਿਗਿਆਨ ਖੋਜ ਵਿਚ ਖੋਜ ਪ੍ਰਕਿਰਿਆਵਾਂ ਦਾ ਵਿਕਾਸ ਕਰਨਾ ਹੈ। ਇਸ ਕੰਮ ਲਈ ਭਾਰਤ ਸਰਕਾਰ ਵਿੱਤੀ ਸਹਾਇਤਾ ਦੇਣ ਲਈ ਵਚਨਬੱਧ ਹੈ। ਕੌਂਸਲ ਨੇ 1997-98 ਵਿਚ 1355 ਲੱਖ ਦੀ ਗ੍ਰਾਂਟ ਪ੍ਰਾਪਤ ਕੀਤੀ ਜੋ ਵਧ ਕੇ 2001-02 ਵਿਚ 3097 ਲੱਖ ਹੋ ਗਈ। ਜੇਕਰ ਭਾਰਤ ਸਰਕਾਰ ਦਾ ਇਹੀ ਵਿਧਾਨ ਜਾਰੀ ਰਿਹਾ ਤਾਂ ਕੌਂਸਲ ਨੂੰ ਆਪਣੀਆਂ ਸਰਗਰਮੀਆਂ ਵਾਸਤੇ ਵਿੱਤ ਸਬੰਧੀ ਕੋਈ ਰੁਕਾਵਟ ਨਹੀਂ ਆਵੇਗੀ। ਸਮਾਜ ਵਿਗਿਆਨ ਦੇ ਖੇਤਰ ਵਿਚ ਫੈਲੋਸ਼ਿਪ, ਖੋਜ ਪ੍ਰੋਜੈਕਟ ਗ੍ਰਾਂਟ, ਡਾਟਾਬੈਂਕ ਤੇ ਹੋਰ ਕੰਮਾਂ ਲਈ ਕੌਂਸਲ ਪੂਰਨ ਤੌਰ ਤੇ ਸਰਗਰਮ ਹੈ।

ਆਈ.ਸੀ.ਐਸ.ਐਸ.ਆਰ. ਦਾ ਮੁੱਖੀ ਸਕਤਰੇਤ ਵੱਖ ਵੱਖ ਪ੍ਰੋਗਰਾਮਾਂ ਦਾ ਨਿਰੀਖਣ ਕਰਦਾ ਹੈ। ਇਸ ਸਮੇਂ ਸੰਸਥਾਗਤ ਪ੍ਰਬੰਧ ਵਿਚ ਚੇਅਰਮੈਨ ਪ੍ਰੋ. ਐਨਡ੍ਰੀ ਬੈਟਲੀ, ਡਾ. ਅਤਿੰਦਰਾ ਸੇਨ ਬਤੌਰ ਮੈਂਬਰ ਸੈਕਟਰੀ ਤੇ ਕਈ ਹੋਰ ਡਿਪਟੀ ਡਾਇਰੈਕਟਰ ਇਸ ਸੰਸਥਾ ਦੇ ਨਾਲ ਸਬੰਧਤ ਹਨ। ਡਾ. ਆਰ.ਪੀ. ਗੋਸਵਾਮੀ ਕੌਂਸਲ ਦੇ ਮੁੱਖੀਆਂ ਵਿਚੋਂ ਹਨ ਜੋ ਨੈਸਡੋਕ ਦੇ ਡਾਇਰੈਕਟਰ ਵੀ ਹਨ।

**10.2.3 ਖੋਜ ਸੰਸਥਾਵਾਂ (Research Institutes) :**

ਸਮਾਜ ਵਿਗਿਆਨ ਦੇ ਖੇਤਰ ਵਿੱਚ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਇੰਡੀਅਨ ਕੌਂਸਲ ਆਫ਼ ਸ਼ੋਸ਼ਲ ਸਾਇੰਸ ਰੀਸਰਚ ਨੇ 27 ਖੋਜ ਸੰਸਥਾਵਾਂ ਤੇ 6 ਖੇਤਰੀ ਸੈਂਟਰ ਖੋਲੇ ਹੋਏ ਹਨ ਜਿਹੜੇ ਕਿ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਕਾਰਜ ਕਰ ਰਹੇ ਹਨ। ਇਨ੍ਹਾਂ ਦਾ ਮੁੱਖ ਉਦੇਸ਼ ਇਹ ਹੈ ਕਿ :

(a) ਸਮਾਜ ਵਿਗਿਆਨ ਦੇ ਕਿਹੜੇ ਖੇਤਰ ਵਿੱਚ ਤਰੱਕੀ ਹੋ ਰਹੀ ਹੈ ਤੇ ਕਿਹੜੇ ਬੇਧਿਆਨੇ ਹਨ ਖਾਸ ਤੌਰ ਤੇ ਜਿਹੜੇ ਖੇਤਰ ਅਜੇ ਸਮਾਜ ਵਿਗਿਆਨ ਦੀ ਤਰੱਕੀ ਲਈ ਪਿੱਛੇ ਹਨ, ਉਨ੍ਹਾਂ ਵੱਲ ਖਾਸ ਧਿਆਨ ਦੇਣਾ।

(b) ਸਮਾਜ ਵਿਗਿਆਨ ਦੇ ਖੇਤਰ ਵਿੱਚ ਵਧੀਆ ਕਿਸਮ ਦੀ ਖੋਜ ਕਰਵਾਉਣੀ ਅਤੇ ਅੰਤਰ ਵਿਸ਼ਾ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨਾ ਤੇ ਖੋਜ ਕਾਰਜਾਂ ਵਿੱਚ ਤਾਲਮੇਲ ਸਥਾਪਿਤ ਕਰਨਾ।

ਖੋਜ ਸੰਸਥਾਵਾਂ ਆਪਣੇ ਖੇਤਰ ਦੇ ਵਿਦਵਾਨਾਂ ਨਾਲ ਸੰਬੰਧ ਸਥਾਪਿਤ ਕਰਦੀਆਂ ਹਨ। ਇਹ ਅਧਿਆਪਨ, ਸੈਮੀਨਾਰ, ਵਰਕਸ਼ਾਪ, ਅਧਿਐਨ ਅਤੇ ਸਲਾਹ-ਮਸ਼ਵਰਾ ਪ੍ਰੋਗਰਾਮ ਆਯੋਜਿਤ ਕਰਦੇ ਹਨ ਤੇ ਇਨ੍ਹਾਂ ਨੂੰ ਵਿੱਤੀ ਸਹਾਇਤਾ ਵੀ ਦਿੰਦੇ ਹਨ। ਇਹ ਹਰ ਇਕ ਖੋਜ ਸੰਸਥਾ ਆਪਣੀ ਖੋਜ ਦੀ ਦਿਸ਼ਾ ਆਪ ਤਹਿ ਕਰਦੀਆਂ ਹਨ ਕਿ ਕਿਹੜੇ ਭਾਗ ਜਿਵੇਂ ਖੇਤੀਬਾੜੀ ਖੇਡ ਤਰੱਕੀ, ਉਦਯੋਗਿਕ ਬਣਤਰ, ਗਰੀਬੀ, ਬੇਰੁਜ਼ਗਾਰੀ ਸਿੱਖਿਆ, ਸਿਹਤ, ਸਮਾਜ ਦੇ ਕਮਜ਼ੋਰ ਵਰਗ ਦੀਆਂ ਸਮੱਸਿਆਵਾਂ ਆਦਿ ਬਾਰੇ ਕਿਵੇਂ ਖੋਜ ਕਰਨੀ ਹੈ ਤੇ ਤਰੱਕੀ ਲਈ ਯੋਗ ਸੁਝਾਅ ਵੀ ਪੇਸ਼ ਕਰਦੀਆਂ ਹਨ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਖੋਜ ਸੰਸਥਾਵਾਂ ਨੇ ਪਿਛਲੇ ਪੰਜ ਸਾਲਾਂ ਵਿੱਚ 1452 ਖੋਜ ਪ੍ਰੋਜੈਕਟ ਪੂਰੇ ਕੀਤੇ ਹਨ ਅਤੇ 1829 ਤੇ ਅਜੇ ਖੋਜ ਦਾ ਕਾਰਜ ਚੱਲ ਰਿਹਾ ਹੈ।

**10.2.4 ਖੇਤਰੀ ਸੈਂਟਰ (Regional Centres) :**

ਇੰਡੀਅਨ ਕੌਂਸਲ ਆਫ਼ ਸ਼ੋਸ਼ਲ ਸਾਇੰਸ ਰੀਸਰਚ ਨੇ ਆਪਣੇ ਪ੍ਰੋਗਰਾਮ ਤੇ ਗਤੀਵਿਧੀਆਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਸਾਰੇ ਦੇਸ਼ ਵਿੱਚ 6 ਖੇਤਰੀ ਸੈਂਟਰ ਖੋਲੇ ਹੋਏ ਹਨ। ਇਹ ਆਪਣੇ ਆਪਣੇ ਇਲਾਕੇ ਦੀਆਂ ਸਮੱਸਿਆਵਾਂ ਤੇ ਵਿਚਾਰ ਕਰਕੇ ICSSR ਨੂੰ ਸੁਝਾਅ ਪੇਸ਼ ਕਰਦੀਆਂ ਹਨ। ਇਹ ਖੇਤਰੀ ਸੈਂਟਰ ਆਪਣੇ ਰੀਜਨ ਦੇ ਸਮਾਜ ਵਿਗਿਆਨੀ ਦਾ ਸੰਬੰਧ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸੰਬੰਧ ਸਥਾਪਿਤ ਕਰਵਾਉਂਦੇ ਹਨ। ਇਨ੍ਹਾਂ 6 ਖੇਤਰੀ ਸੈਂਟਰਾਂ ਦੀ ਥਾਂ ਤੇ ਕਿਹੜੇ ਕਿਹੜੇ ਹਿੱਸੇ ਕਵਰ ਕਰਦੇ ਹਨ, ਉਹ ਹੇਠ ਲਿਖੇ ਅਨੁਸਾਰ ਹਨ :

1. **Eastern Regional Centre, Kolkata** covering Bihar, Orissa, West Bengal and Jharkhand, and the Union Territory of Andaman and Nicobar Islands.
2. **North-Eastern Regional Centre, Shillong** covering Arunachal Pradesh, Assam, Manipur, Tripura, Meghalaya, Mizoram, Nagaland and Sikkim.
3. **North-Western Regional Centre, Chandigarh** covering Haryana, Himachal Pradesh, Jammu & Kashmir, Punjab, and the Union Territory of Chandigarh.
4. **Northern Regional Centre, New Delhi** covering Delhi, Madhya Pradesh, Rajasthan, Uttar Pradesh, Chattisgarh and Uttranchal.
5. **Sourthern Regional Centre, Hyderabad** covering Andhra Pradesh, Karnataka, Kerala, Tamil Nadu and the Union Territories of Lakshadweep and Pondicherry.
6. **Western Regional Centre, Mumbai** covering Gujarat, Maharashtra, Goa and the Union Territories of Daman and Diu, Dadra and Nagar Haveli.

ਇਹ ਖੇਤਰੀ ਸੈਂਟਰ ਹੇਠ ਲਿਖੀਆਂ ਗਤੀਵਿਧੀਆਂ ਕਰਦੀਆਂ ਹਨ :

(a) ਖੇਤਰੀ ਭਾਸ਼ਾਵਾਂ ਵਿੱਚ ਡਾਕੂਮੈਨਟੇਸ਼ਨ ਤੇ ਬਿਬਲਿਓਗ੍ਰਾਫਿਕ ਕੰਮ ਨੂੰ ਉਤਸ਼ਾਹਿਤ ਕਰਦੀਆਂ ਹਨ।

(b) ਆਪਣੇ ਖੇਤਰ ਵਿੱਚ ਸੈਮੀਨਾਰ, ਵਰਕਸ਼ਾਪ ਅਤੇ ਕਾਨਫਰੰਸ ਆਯੋਜਿਤ ਕਰਦੀਆਂ ਹਨ।

(c) ਸਮਾਜ ਵਿਗਿਆਨ ਦੇ ਖੇਤਰ ਵਿੱਚ ਸਿਰਕੱਢ ਵਿਦਵਾਨਾਂ ਦੇ ਲੈਕਚਰ ਆਯੋਜਿਤ ਕਰਨੇ।

(d) ਖੋਜਾਰਥੀਆਂ ਨੂੰ ਵਜੀਫੇ ਤੇ ਫੈਲੋਸ਼ਿਪ ਪ੍ਰਾਪਤ ਕਰਵਾਉਣੇ।

(e) ਜਰਨਲਜ਼ ਤੇ ਪੁਸਤਕਾਂ ਵਿੱਚੋਂ ਖੋਜਾਰਥੀਆਂ ਨੂੰ ਫੋਟੋ-ਕਾਪੀ ਸਹੂਲਤਾਂ ਪ੍ਰਦਾਨ ਕਰਨੀ।

### 10.2.5 ਪ੍ਰਕਾਸ਼ਨਾਵਾਂ (Publications) :

ICSSR ਦੇ ਸਮਾਜ ਵਿਗਿਆਨ ਦੇ ਖੇਤਰ ਵਿੱਚ ਹੋਈ ਖੋਜ ਨੂੰ ਪ੍ਰਕਾਸ਼ਿਤ ਕਰਨ ਲਈ ਆਪਣਾ ਇਕ ਪਬਲੀਕੇਸ਼ਨ ਡੀਵੀਜਨ ਖੋਲਿਆ ਹੋਇਆ ਹੈ ਜਿਸ ਤਹਿਤ ਜਰਨਲਾਂ, 350 ਤੋਂ ਵੱਧ ਪੁਸਤਕਾਂ ਪੈਂਫਲਿਟ ਤੇ ਮੋਨੋਗਰਾਫ ਆਦਿ ਛਪਦੇ ਹਨ।

**1. Journal of Abstracts and Review :** ਇਹ bi-annually ਛਾਪਿਆ ਜਾਂਦਾ ਹੈ। ਖੋਜ ਸੰਸਥਾਵਾਂ ਨਾਲ ਸੰਬੰਧਿਤ ਸੰਸਥਾ Indian Institutes of Public Administration, New Delhi, quarterly ਜਰਨਲ ਛਾਪਦੀ ਹੈ ਜਿਸ ਦਾ ਸਿਰਲੇਖ ਹੈ "Documentation in Public Administration" ਹੈ। ਇਸੇ ਤਰ੍ਹਾਂ ਦੂਜੀ ਖੋਜ ਸੰਸਥਾ "Indian Institutes of Management (IIM), Amedabad ਦੀ quarterly ਜਰਨਲ ਛਾਪਦੀ ਹੈ ਜਿਸ ਦਾ ਸਿਰਲੇਖ vikalpa ਹੈ। ਇਹ ਰਸਾਲੇ ਸਮਾਜ ਵਿਗਿਆਨ ਦੇ ਫੀਲਡ ਵਿੱਚ ਜਿੰਨੀ ਖੋਜ ਹੋ ਰਹੀ ਹੈ ਉਸ ਦਾ ਵਰਨਣ ਕਰਦੇ ਹਨ।

**2. Research Survey :** ਇਹ ICSSR ਦੀ ਸਭ ਤੋਂ ਮਹੱਤਵਪੂਰਣ ਗਤੀਵਿਧੀਆਂ ਵਿੱਚ ਆਉਂਦੀ ਹੈ। ਕਿਉਂਕਿ ਜਿਹੜੇ ਸਮਾਜ ਵਿਗਿਆਨ ਦੇ ਖੇਤਰ ਵਿਚੋਂ ਹੋਰ ਧਿਆਨ ਦੇਣ ਦੀ ਲੋੜ ਹੈ ਜਾਂ ਜਿਹੜੇ ਖੇਤਰ ਅਤਿ ਪਛੜੇ ਹੋਏ ਹਨ ਉਨ੍ਹਾਂ ਦੀ ਪਛਾਣ ਕਰਕੇ ਸਪੈਸ਼ਲ ਗ੍ਰਾਂਟ ਦੇ ਕੇ ਖੋਜ ਕਰਨ ਲਈ ਖੋਜ ਪ੍ਰੋਜੈਕਟ ਕਿੱਤੇ ਜਾਂਦੇ ਹਨ। ਇਸਨੂੰ ਰਿਸਰਚ ਸਰਵੇ ਪ੍ਰੋਗਰਾਮ ਦਾ ਨਾਂ ਦਿੱਤਾ ਜਾਂਦਾ ਹੈ।

ICSSR ਦਾ ਮੌਜੂਦਾ ਪਤਾ ਅਤੇ ਮੁੱਖ ਦਫਤਰ ਇੰਡੀਅਨ ਕੌਂਸਲ ਆਫ਼ ਸ਼ੋਸ਼ਲ ਸਾਇੰਸ ਰਿਸਰਚ, ਜੇ.ਐਨ.ਯੂ. ਇਨਡਸਟਰੀਅਲ ਏਰੀਆ, ਅਰੂਨਾ ਅਸਫ ਅਲੀ ਮਾਰਗ, ਨਵੀਂ ਦਿੱਤੀ-110067 (ਭਾਰਤ) ਹੈ। ਅੱਗੇ ਹੋਰ ਜਾਣਕਾਰੀ ਲਈ ICSSR ਦੀ ਵੈਬਸਾਈਟ ਵੇਖੋ : www.icssr.org.

## 10.3 ਨੈਸ਼ਨਲ ਸੋਸ਼ਲ ਸਾਇੰਸ ਡਾਕੂਮੈਨਟੇਸ਼ਨ ਸੈਂਟਰ (National Social Science Documentation Centre - NASSDOC)

ਇਹ ਸੰਸਥਾ ਭਾਰਤ ਦੀਆਂ ਪ੍ਰਮੁੱਖ ਸੰਸਥਾਵਾਂ ਵਿਚੋਂ ਇਕ ਹੈ ਜੋ ਸਮਾਜ ਵਿਗਿਆਨ ਵਿਚ ਖੋਜ ਤੇ ਆਧੁਨਿਕ ਜਾਣਕਾਰੀ ਦੇਣ ਲਈ 1969 ਵਿਚ ਆਈ.ਸੀ.ਐਸ.ਐਸ.ਆਰ. ਦੇ ਇਕ ਵਿਭਾਗ ਵਜੋਂ ਸਥਾਪਿਤ ਕੀਤੀ ਗਈ ਸੀ। ਜਿਸ ਦਾ ਉਦੇਸ਼ ਉਹਨਾਂ ਸਮਾਜ ਵਿਗਿਆਨੀਆਂ ਨੂੰ ਲਾਇਬਰੇਰੀਆਂ ਤੇ ਸੂਚਨਾ ਸਬੰਧੀ ਸਹਾਇਤਾ ਦਿੰਦੀ ਹੈ ਜੋ ਸਵੈਹੋਂਦ ਕੇਂਦਰਾਂ, ਨੀਤੀ ਵਿਧਾਨਾ, ਸਰਕਾਰੀ, ਵਿਉਪਾਰਕ ਅਤੇ ਖੋਜ ਕੇਂਦਰਾਂ ਵਿਚ ਕੰਮ ਕਰ ਰਹੇ ਹਨ। ਆਈ.ਸੀ.ਐਸ.ਐਸ.ਆਰ. ਦੇ ਇਲਾਕਾਈ ਕੇਂਦਰਾਂ ਤੇ ਖੋਜ ਸੰਸਥਾਵਾਂ ਨੂੰ ਹਦਾਇਤਾਂ ਦੇਣਾ ਨੈਸੱਡੋਕ ਦਾ ਉਦੇਸ਼ ਹੈ।

### ਸਹੂਲਤਾਂ

(i) ਲਾਇਬਰੇਰੀ ਤੇ ਸੰਦਰਭ ਸੇਵਾ ;

(ii) ਅਪ੍ਰਕਾਸ਼ਿਤ ਪੀ.ਐਚ.ਡੀ. ਥੀਸਿਸ, ਪ੍ਰੋਜੈਕਟ ਰੀਪੋਰਟ ਭਾਰਤੀ ਤੇ ਵਿਦੇਸ਼ੀ ਮੂਲ ਦੇ ਅਜੋਕੇ ਤੇ ਪੁਰਾਣੇ ਸਮਾਜ ਵਿਗਿਆਨ ਜਰਨਲਜ਼ ਦਾ ਸੰਗ੍ਰਹਿ ਕਰਨਾ ;

(iii) ਸੀ.ਡੀ.ਰੋਮ, ਫਲੋਪੀ, ਆਨ ਲਾਈਨ ਡਾਟਾਬੇਸ ਲਿਟਰੇਚਰ ਸਰਚ ਸੇਵਾ ਛਪਾਈ ਤੇ ਡੀਜੀਟਲ ਡਾਟੇ ਰਾਹੀਂ ਦੇਣੀ ;

(iv) ਬੇਨਤੀ ਦੇ ਆਧਾਰ ਤੇ ਛੋਟੀਆਂ ਛੋਟੀਆਂ ਬਿਬਲਿਓਗ੍ਰਾਫੀਆਂ ਤਿਆਰ ਕਰਨੀਆਂ ;

(v) ਦੇਸ਼ ਦੇ ਵੱਖ ਵੱਖ ਭਾਗਾਂ ਦੀਆਂ ਲਾਇਬਰੇਰੀਆਂ ਤੋਂ ਖੋਜ ਸਮਗਰੀ ਇੱਕਤਰ ਕਰਨ ਲਈ ਪੜਾਈ ਗਰਾਂਟ ਉਪਲਬਧ ਕਰਵਾਉਣਾ ;

(vi) ਸੂਚੀ ਪੱਤਰ ਤੇ ਪ੍ਰਲੇਖਣ ਸਕੀਮਾਂ ਲਈ ਵਿੱਤੀ ਸਹਾਇਤਾ ;

(vii) ਸਮਾਜ ਵਿਗਿਆਨ ਵਿਚ ਪ੍ਰਕਾਸ਼ਿਤ ਬਿਬਲੀਓਗ੍ਰਾਫੀ, ਡਾਇਰੈਕਟਰੀਆਂ, ਸੰਦਰਭ ਸੇਵਾ ਸੋਮਿਆਂ ਨੂੰ ਵੱਡੇ ਪੱਧਰ ਤੇ ਇਕਤਰ ਕਰਨਾ ਤਾਂ ਜੋ ਪੁਸਤਕਾਲਿਆਂ ਵਿਚ ਵੰਡਿਆ ਜਾ ਸਕੇ ;

(viii) ਸੂਚਨਾ ਵੰਡ ਸੇਵਾ (DDS) ਪੁਸਤਕਾਂ, ਜਰਨਲ ਖਰੀਦ, ਲਾਇਬਰੇਰੀ ਲੋਨ ਤੇ ਫੋਟੋਗ੍ਰਾਫੀ ਰਾਂਹੀ ਉਪਲਬਧ ਕਰਵਾਉਣੀ ;

(ix) ਖੋਜ ਵਿਦਵਾਨਾਂ, ਸਮਾਜ ਵਿਗਿਆਨੀਆਂ, ਲਾਇਬਰੇਰੀਅਨਜ, ਸੂਚਨਾ ਤੇ ਤਕਨੀਕੀ ਕਿੱਤਾਕਾਰਾਂ ਨੂੰ ਛੋਟੇ ਸਿਖਲਾਈ ਕੋਰਸਾਂ ਰਾਂਹੀ ਆਧੁਨਿਕ ਸੂਚਨਾ ਤੇ ਸੰਦਰਭ ਤਕਨੀਕਾਂ ਬਾਰੇ ਜਾਣਕਾਰੀ ਮੁਹਈਆ ਕਰਵਾਉਣੀ ; ਅਤੇ

(x) ਸਮਾਜ ਵਿਗਿਆਨ ਦੇ ਸ੍ਰੋਤਾਂ ਬਾਰੇ Cyber Cafe ਰਾਂਹੀ ਸਹੂਲਤ ਦੇਣੀ।

## ਨੈਸਡੈਕ (NASSDOC) ਸੇਵਾਵਾਂ

ਸਮਾਜ ਵਿਗਿਆਨੀਆਂ ਨੂੰ ਉਨ੍ਹਾਂ ਦੀ ਜਰੂਰਤ ਸਬੰਧੀ ਸੂਚਨਾ ਪ੍ਰਦਾਨ ਕਰਨ ਲਈ NASSDOC ਕਈ ਤਰ੍ਹਾਂ ਦੀਆਂ ਸੇਵਾਵਾਂ ਦਿੰਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ :

## ਲਾਇਬਰੇਰੀਆਂ ਤੇ ਸੰਦਰਭ ਸੇਵਾਵਾਂ

ਲਾਇਬਰੇਰੀ ਵਿਚ ਸੰਦਰਭ ਸੇਵਾ ਤੇ ਪੜ੍ਹਨ-ਪੜ੍ਹਾਨ ਵਿਭਾਗ ਕੇਂਦਰੀ ਧੁਰਾ ਹੁੰਦਾ ਹੈ। ਇਹ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤਕ ਸਾਰੇ ਕੰਮਕਾਜੀ ਦਿਨਾਂ ਨੂੰ ਖੁਲ੍ਹੀ ਰਹਿੰਦੀ ਹੈ।

(i) ਲਾਇਬਰੇਰੀ ਕੋਲ ਪੁਸਤਕ ਸੂਚੀਆਂ ਤੇ ਸੰਦਰਭ ਸੋਮਿਆਂ ਦਾ ਭੰਡਾਰ ਹੈ। 5000 ਪੀ.ਐਚ.ਡੀ. ਸੋਧ ਨਿਬੰਧ, 3000 ਖੋਜ ਪ੍ਰੋਜੈਕਟ ਰੀਪੋਰਟਾਂ (ਜੋ ICSSR ਦੀ ਵਿੱਤੀ ਸਹਾਇਤਾ ਨਾਲ) ਅਤੇ 26000 ਪੁਸਤਕਾਂ ਤੇ ਸੂਚਨਾ ਸਾਰਣੀਆਂ ਹਨ। ਇਸ ਭੰਡਾਰ ਵਿਚ ਸਮਾਜ ਵਿਗਿਆਨ ਖੋਜ ਵਿਧੀ, ਔਰਤ ਦਾ ਸਥਾਨ, ਕੰਪਿਊਟਰ ਤੇ ਸੂਚਨਾ ਤਕਨੀਕੀ ਪੁਸਤਕਾਂ, ਵਰਕਿੰਗ ਪੇਪਰ ਅਤੇ ਸੈਮੀਨਾਰ ਪੇਪਰ ਸ਼ਾਮਲ ਹਨ। ਪੁਸਤਕਾਲੇ ਵਿਚ ਆਈ.ਸੀ.ਐਸ.ਐਸ.ਆਰ ਦੀਆਂ ਮੂਲ ਤੇ ਮੂਲ ਰਹਿਤ ਪ੍ਰਕਾਸ਼ਨਾਵਾਂ ਵੀ ਸ਼ਾਮਲ ਹਨ ਜਿਹਨਾਂ ਨੂੰ ਕੌਂਸਲ ਨੇ ਛਪਾਈ ਗਰਾਂਟ ਉਪਲਬਧ ਕਰਵਾਈ ਸੀ।

(ii) ਲਾਇਬਰੇਰੀ ਵਿਚ ਹੀ ਪ੍ਰਲੇਖਾਂ ਨੂੰ ਵੇਖਣ ਦੀ ਖੁਲ ਦਿਤੀ ਜਾਂਦੀ ਹੈ। ਅੰਤਰ ਲਾਇਬਰੇਰੀ ਲੋਨ ਸੁਵਿਧਾ ਦੇ ਤਹਿਤ ਪੁਸਤਕਾਂ ਦਿਤੀਆਂ ਜਾਂਦੀਆਂ ਹਨ। ਲਾਇਬਰੇਰੀ ਸੰਗ੍ਰਹਿ ਵਿਚ 1500 ਭਾਰਤੀ ਤੇ ਵਿਦੇਸ਼ੀ ਰਸਾਲੇ ਹਨ (ਜਿਨ੍ਹਾਂ ਵਿਚ ICSSR ਰਸਾਲੇ ਜੋ ਕਿ Social Sciences ਨਾਲ ਸਬੰਧਿਤ ਹਨ। ਲਾਇਬ੍ਰੇਰੀ ਵਿਚ 50000 ਜਿਲਦ ਬੰਦੀ ਰਸਾਲੇ), ਜਨਸੰਖਿਆ ਰੀਕਾਰਡ ਤੇ ਹੋਰ ਸਰਕਾਰੀ ਪ੍ਰਕਾਸ਼ਨਾਵਾਂ ਵੀ ਹਨ, ਲਾਇਬਰੇਰੀ ਵਿਚ ਸ਼ੋਧ ਨਿਬੰਧ ਤੇ ਖੋਜ ਪ੍ਰੋਜੈਕਟ ਰੀਪੋਰਟਾਂ ਵੀ ਸ਼ਾਮਲ ਹਨ। ਇਸ ਸੰਗ੍ਰਹਿ ਵਿਚੋਂ ਕੁਝ ਮਾਈਕਰੋਫਿਚਜ ਤੇ ਮਾਈਕਰੋ ਫਿਲਮਾਂ ਵੀ ਉਪਲਬਧ ਹਨ।ਖੋਜ ਕਾਰਜਾਂ ਤੇ ਪੇਪਰ ਲਿਖਣ ਲਈ ਖੋਜਾਰਥੀਆਂ ਨੂੰ ਸੂਚਨਾ ਸਬੰਧੀ ਸਹੂਲਤ ਪ੍ਰਦਾਨ ਕਰਦੀ ਹੈ। ਈ.ਮੇਲ. ਟੈਲੀਫੋਨ ਫੈਕਸ, ਪੱਤਰ ਵਿਹਾਰ ਰਾਂਹੀ ਹਵਾਲਾ ਸੂਚਨਾ ਦੀ ਸੇਵਾ ਵੀ ਕੀਤੀ ਜਾਂਦੀ ਹੈ।

(iii) ਲਾਇਬਰੇਰੀ ਵਿੱਚ ਕਿਸੇ ਸਮੱਗਰੀ ਦੀ ਉਪਲੱਬਧੀ ਨਾ ਹੋਣ ਦੀ ਸੂਰਤ ਵਿੱਚ ਖੋਜਾਰਥੀਆਂ ਨੂੰ ਦੂਸਰੀਆਂ ਸੰਸਥਾਵਾਂ/ਲਾਇਬਰੇਰੀ ਦੇ ਹਵਾਲੇ ਦੀ ਸੇਵਾ ਨਿਭਾਈ ਜਾਂਦੀ ਹੈ।

(iv) ਨੈਸਡੋਕ ਪਾਸ ਸੈਕੰਡਰੀ ਸੋਮਿਆਂ ਦੇ ਡੇਟਾ ਦਾ ਭੰਡਾਰ ਹੈ। ਇਸ ਸੰਗ੍ਰਹਿ ਵਿਚ ਪ੍ਰਕਾਸ਼ਤ ਅਤੇ ਡਿਜੀਟਲ ਰੂਪ ਵਿਚ 35 CD ਰੋਮ ਡੇਟਾ ਬੇਸ ਹਨ। ਸੈਂਟਰ ਨੇ ਆਪਣੇ ਦੋ ਡੇਟਾ ਬੇਸ ਤਿਆਰ ਕੀਤੇ ਹਨ। ਇਹ ਡੇਟਾ ਉਨ੍ਹਾਂ ਸਮਾਜ ਵਿਗਿਆਨੀਆਂ ਲਈ ਲਾਹੇਵੰਦ ਹੈ ਜੋ ਲਿਟਰੇਚਰ ਸਰਚ ਕਰਨ ਵਿਚ ਮਸ਼ਰੂਫ਼ ਹਨ।

(v) ਡਾਕੋਮੈਂਟੇਸ਼ਨ ਡਲਿਵਰੀ ਸਰਵਿਸ : ਪ੍ਰਾਪਤ ਸਮੱਗਰੀ ਦੀ ਫੋਟੋਕਾਪੀ ਦੀ ਸੇਵਾ ਦੇਸ਼ ਵਿਦੇਸ਼ ਦੀਆਂ ਸੰਸਥਾਵਾਂ ਲਈ ਕੀਤੀ ਜਾਂਦੀ ਹੈ। ਇਸ ਸਬੰਧੀ ਡਾਕ, ਟੈਲੀਫੋਨ, ਫੈਕਸ, ਈ-ਮੇਲ ਰਾਂਹੀ ਆਰਡਰ ਭੇਜਿਆ ਜਾ ਸਕਦਾ ਹੈ।

## ਨੈਸਡੋਕ ਡੇਟਾ ਬੇਸ ਪ੍ਰਕਾਸ਼ਨਾਵਾਂ : (NASSDOC DATABASES/PUBLICATIONS)

ਸੂਚਨਾ ਪ੍ਰਾਪਤੀ ਦੇ ਸਾਧਨਾਂ ਵਿੱਚ ਨੈਸਡੋਕ ਕਾਰਜਸ਼ੀਲ ਹੈ। ਇਹ ਸਾਧਨ ਫਲੋਪੀ ਅਤੇ ਛਾਪ ਕੇ ਵੇਚੇ ਜਾਂਦੇ ਹਨ।

## ਲਾਇਬਰੇਰੀ ਡੇਟਾ ਬੇਸ

ਡਾਇਰੈਕਟਰੀਆਂ, ਇੰਡੀਅਨ ਸ਼ੋਸ਼ਲ ਸਾਇੰਸ ਪ੍ਰੀਓਡੀਕਲ ਲਿਟਰੇਚਰ, ਯੂਨੀਅਨ ਕੈਟਾਲਾਗ, ਬਿਬਲੀਓ ਗਰਾਫ਼ੀਆਂ ਅਤੇ ਜਰਨਲਜ਼ ਦੀ ਵਿਸਤ੍ਰਿਤ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :-

**(i) ਖੋਜ ਪ੍ਰੋਜੈਕਟ ਰਿਪੋਰਟ ਦਾ ਡਾਟਾਬੇਸ :**

ਇਸ ਵਿੱਚ ਪੂਰਨ ਤੌਰ ਤੇ ਬਿਬਲੀਓਗਰਾਫ਼ੀ ਵਿਸਤਾਰ ਦਿੱਤਾ ਗਿਆ ਹੈ, (ਲੇਖਕ, ਸਿਰਲੇਖ ਵਿਸ਼ਾ) ਜੋ ਤਿੰਨ ਹਜ਼ਾਰ ਦੇ ਕਰੀਬ ਰਿਸਰਚ ਪ੍ਰੋਜੈਕਟ ਰਿਪੋਟਾਂ ਆਈ.ਸੀ.ਐਸ.ਐਸ.ਆਰ. ਤੇ ਹੋਰ ਸੰਸਥਾਵਾਂ ਦੀ ਵਿਤੀ ਮਦਦ ਨਾਲ ਤਿਆਰ ਕੀਤੇ ਗਏ ਹਨ। ਇਹ ਰਿਪੋਟਾਂ ਡਿਜ਼ੀਟਲ ਅਤੇ ਪ੍ਰਕਾਸ਼ਤ ਰੂਪ ਵਿਚ ਉਪਲਬੱਧ ਹਨ।

**(ii) Database of Ph.D Dissertations :**

5000 ਪੀ.ਐਚ.ਡੀ. ਸ਼ੋਧ ਨਿਬੰਧਾਂ ਦੀ ਵਿਸਤਰਿਤ ਪੁਸਤਕ ਸੂਚੀ, ਪੁਸਤਕ ਅਤੇ ਡਿਜ਼ੀਟਲ ਰੂਪ ਵਿਚ ਨੈਸਡੋਕ ਨੇ ਤਿਆਰ ਕਰਵਾਈ ਹੈ।

**(iii) Directory of Social Science Libraries and Information Centres in India :**

ਭਾਰਤ ਵਿਚ ਲਾਇਬ੍ਰੇਰੀ ਅਤੇ ਸੂਚਨਾ ਕੇਂਦਰਾਂ ਦੀ ਵਿਸਤਰਿਤ ਡਾਇਰੈਕਟਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਸਮਾਜ ਵਿਗਿਆਨ ਤੇ ਸਬੰਧਿਤ ਵਿਸ਼ਿਆਂ ਨਾਲ ਸਬੰਧ ਰਖਦੇ ਕੇਂਦਰ, ਸਰਕਾਰੀ ਏਜੰਸੀਆਂ ਨਾਲ ਸਬੰਧ ਰਖਣ ਵਾਲੇ ਲਾਇਬ੍ਰੇਰੀ ਅਤੇ ਸੂਚਨਾ ਕੇਂਦਰ ਵੱਖ ਵੱਖ ਰਾਜਾਂ, ਯੂਨੀਵਰਸਿਟੀਆਂ, ਸਵੈ ਹੋਂਦ ਸੰਸਥਾਵਾਂ, ਬੈਂਕ, ਉਦਯੋਗ ਤੇ ਵਪਾਰਕ ਅਦਾਰਿਆਂ ਅਧੀਨ ਖੋਜ ਸੰਸਥਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਉਹ ਲਾਇਬਰੇਰੀਆਂ ਜੋ ਆਪਣੇ ਸੁਤੰਤਰ ਨਾਮ ਅਧੀਨ ਚੱਲ ਰਹੀਆਂ ਹਨ ਉਨ੍ਹਾਂ ਦੇ ਹਵਾਲੇ, ਉਨ੍ਹਾਂ ਦੀ ਪ੍ਰਬੰਧਕ ਕਮੇਟੀ ਰਾਹੀ ਦਿੱਤੇ ਗਏ ਹਨ। ਹਰੇਕ ਇੰਦਰਾਜ਼ ਵਿਚ ਲਾਇਬ੍ਰੇਰੀ ਦਾ ਐਡਰੈਸ, ਈ-ਮੇਲ, ਸਟਾਫ਼ ਦੀ ਗਿਣਤੀ, ਸੰਗ੍ਰਹਿ ਦੀ ਕਿਸਮ, ਬਜਟ, ਵੱਖ-ਵੱਖ ਵਿਸ਼ੇ, ਕੰਪਿਊਟਰੀ ਵਿਸਥਾਰ, ਲਾਇਬ੍ਰੇਰੀ ਲੋਨ, ਆਨ ਲਾਈਨ ਡੇਟਾ ਬੇਸ, ਲਿਟਰੇਚਰ ਸਰਚ ਅਨੁਵਾਦ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਡਾਇਰੈਕਟਰੀ ਵਿੱਚ ਦਿੱਤਾ ਗਿਆ ਇਹ ਵੇਰਵਾ ਭਾਰਤੀ ਲਾਇਬਰੇਰੀਆਂ ਦੇ ਸੂਚਨਾ ਕੇਂਦਰਾਂ ਵਿਚ ਸਮੱਗਰੀ ਵਟਾਂਦਰਾ ਦੇ ਸਹਿਯੋਗ ਨੂੰ ਪ੍ਰੇਰਿਤ ਕਰਦਾ ਹੈ।

**(iv) Directory of Social Sciences Research and Training Institutions in India :**

"ਡਾਇਰੈਕਟਰੀ ਆਫ਼ ਸ਼ੋਸ਼ਲ ਸਾਇੰਸ ਰਿਸਰਚ ਤੇ ਟ੍ਰੇਨਿੰਗ ਇੰਸਟੀਚਿਊਟ" ਵਿਚ ਅਜਿਹੀਆਂ 450 ਸਮਾਜ ਵਿਗਿਆਨ ਸੰਸਥਾਵਾਂ ਦਾ ਜ਼ਿਕਰ ਹੈ ਜੋ ਭਾਰਤ ਵਿਚ ਖੋਜ ਤੇ ਸਿਖਲਾਈ ਦਾ ਕੰਮ ਕਰ ਰਹੀਆਂ ਹਨ। ਵਿਸ਼ਾ, ਮਹੱਤਵਪੂਰਨ ਪ੍ਰਾਪਤੀਆਂ, ਵਿਸ਼ੇਸ਼ ਸੁਵਿਧਾਵਾਂ, ਤਤਕਾਲੀਨ ਖੋਜ ਪ੍ਰੋਜੈਕਟ, ਪ੍ਰਕਾਸ਼ਨਾਵਾਂ, ਸਟਾਫ਼ ਦੀ ਕਿਸਮ, ਪੁਸਤਕਾਲਾ ਸੰਗ੍ਰਹਿ ਤੇ ਸੇਵਾ, ਰਾਸ਼ਟਰੀ ਤੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਸਬੰਧ ਤੇ ਸੰਪੂਰਨ ਡਾਕ ਪੱਤਾ ਜਿਸ ਵਿਚ ਟੈਲੀਫੋਨ, ਟੈਲੈਕਸ, ਈ-ਮੇਲ ਸ਼ਾਮਿਲ ਹੈ, ਦਾ ਜ਼ਿਕਰ ਕੀਤਾ ਗਿਆ ਹੈ। ਬਹੁਪੱਖੀ ਪਹੁੰਚ ਲਈ ਵਿਸ਼ਾ ਸੂਚੀ ਤੇ ਪਹੁੰਚ ਸੂਚੀ (Subject and Location Index) ਦਿੱਤੇ ਗਏ ਹਨ। 1996 ਵਿਚ ਇਸ ਡਾਇਰੈਕਟਰੀ ਵਿਚ ਹੋਰ ਨਵੇਂ ਅੰਦਰਾਜ਼ ਕੀਤੇ ਗਏ ਹਨ।

**(v) Directory of Asian Social Sciences Research and Training Institutes/organisations :**

"ਡਾਇਰੈਕਟਰੀ ਆਫ਼ ਏਸ਼ੀਅਨ ਸ਼ੋਸ਼ਲ ਸਾਇੰਸ ਰਿਸਰਚ ਐਂਡ ਟ੍ਰੇਨਿੰਗ ਇੰਸਟੀਚਿਊਟ/ਆਰਗੇਨਾਈਜੇਸ਼ਨ ਇੰਨ ਇੰਡੀਆ" ਇਹ ਅਜਿਹੀ ਡਾਇਰੈਕਟਰੀ ਹੈ ਜਿਸ ਵਿੱਚ 42 ਕੇਂਦਰਾਂ ਦੀ ਸੂਚੀ ਦਿੱਤੀ ਗਈ ਹੈ। ਇਹ ਕੇਂਦਰ ਏਸ਼ੀਅਨ ਸਟੱਡੀਜ਼ ਇੰਨ ਇੰਡੀਆ ਨਾਲ ਸਬੰਧਤ ਹਨ। ਹਰੇਕ ਇੰਦਰਾਜ਼ ਵਿੱਚ ਨਾਮ, ਸੰਸਥਾ ਦਾ ਪਤਾ, ਸੰਸਥਾ ਦੀ ਕਿਸਮ, ਸਟਾਫ਼ ਦੀ ਕਿਸਮ, ਉਦੇਸ਼ ਤੇ ਮਨੋਰਥ ਪ੍ਰਕ੍ਰਿਆ ਮੁੱਖੀ ਸੰਸਥਾ, ਪ੍ਰਕਾਸ਼ਨਾਵਾਂ, ਨਾਮ, ਸਿਖਲਾਈ ਕੋਰਸ ਦਾ ਪੱਧਰ, ਪੁਸਤਕਾਲਾ ਸੰਗ੍ਰਹਿ ਤੇ ਸੇਵਾ ਦੀ ਕਿਸਮ, ਸਬਜੈਕਟ ਇੰਡੈਕਸ ਤੇ ਲੋਕੇਸ਼ਨ ਇੰਡੈਕਸ ਸ਼ਾਮਿਲ ਹਨ।

## 10.4 ਇੰਡੀਅਨ ਸ਼ੋਸ਼ਲ ਸਾਇੰਸ ਪ੍ਰੀਓਡੀਕਲ ਲਿਟਰੇਚਰ (Indian Social Science Periodicals Literature - INSSPEL) :

ਨੈਸਡੋਕ ਇਕ ਅਜਿਹਾ ਸੰਪੂਰਨ ਕੰਪਿਊਟੀਕਰਨ ਡਾਟਾਬੇਸ ਉਨ੍ਹਾਂ ਲੇਖਾਂ ਦਾ ਤਿਆਰ ਕਰਨ ਦੀ ਯੋਜਨਾ ਬਣਾ ਰਹੀ ਹੈ ; ਜਿਸ ਵਿਚ 1970 ਤੱਕ 240 ਭਾਰਤੀ ਸਮਾਜ ਵਿਗਿਆਨ ਦੇ ਜਰਨਲਜ਼ ਸ਼ਾਮਿਲ ਕਰਨੇ ਹਨ। ਇੰਨਾਂ ਜਰਨਲਜ਼ ਵਿਚੋਂ ਮੁੱਖ ਵਿਸ਼ਿਆਂ ਨੂੰ ਲੈ ਕੇ ਕੁੱਝ ਕ੍ਰਮਿਕ ਸੂਚੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਵਿਚ 43272 ਜਰਨਲਜ਼ਾਂ ਵਿਚ 346176 ਛਪੇ ਆਰਟੀਕਲਾਂ ਦੀ ਵਿਸਤ੍ਰਿਤ ਜਾਣਕਾਰੀ ਹੈ। ਇਹ ਪਿਛਲੇ 100 ਸਾਲਾਂ ਵਿਚ ਛਪੇ Social Science Periodicals ਸਬੰਧੀ ਹੈ। ਇਹ ਸਾਰੀ ਡਾਟਾ ਸਮੱਗਰੀ CD ਰੋਮਜ ਰਾਂਹੀ ਵੈਬ ਤੇ ਉਪਲੱਬਧ ਹੋ ਜਾਵੇਗੀ। ਇੰਡੀਅਨ ਕੌਂਸਲ ਆਫ਼ ਸ਼ੋਸ਼ਲ ਸਾਇੰਸ ਰਿਸਰਚ ਨੇ ਹੇਠ ਲਿਖੀਆਂ ਸੂਚੀਆਂ ਤਿਆਰ ਕੀਤੀਆਂ ਹਨ।

(i) ਇੰਡੀਅਨ ਐਜੂਕੇਸ਼ਨ ਇਨਡੈਕਸ
(ii) ਇਨਡੈਕਸ ਟੂ ਇੰਡੀਅਨ ਪੀਰੀਆਡੀਕਲਜ਼ : ਸਮਾਜ ਵਿਗਿਆਨ ਅਤੇ ਮਨੋਵਿਗਿਆਨ (1886 ਤੋਂ 1970)
(iii) ਇਨਡੈਕਸ ਟੂ ਇੰਡੀਅਨ ਪੀਰੀਆਡੀਕਲਜ਼ : ਅਰਥ ਸ਼ਾਸ਼ਤਰ।
(iv) ਇਨਡੈਕਸ ਟੂ ਇੰਡੀਅਨ ਪੀਰੀਆਡੀਕਲਜ਼ : ਰਾਜਨੀਤੀ ਸ਼ਾਸ਼ਤਰ।
(v) ਇਨਡੈਕਸ ਟੂ ਇੰਡੀਅਨ ਪੀਰੀਆਡੀਕਲਜ਼ : ਭੂਗੋਲ, ਇਤਿਹਾਸ ਇੰਨਡੋਲੋਜੀ।
(vi) ਯੂਨੀਅਨ ਕੈਟਾਲੋਗ ਆਫ਼ ਸ਼ੋਸ਼ਲ ਸਾਇੰਸ ਪੀਰੀਓਡੀਕਲ ਐਂਡ ਸੀਰੀਅਲਜ਼ ਇਨ ਇੰਡੀਆ।
(vii) ਯੂਨੀਅਨ ਕੈਟਾਲੋਗ ਆਫ਼ ਸੀ.ਡੀ. ਰੋਮ ਡੇਟਾ ਬੇਸ ਇੰਨ ਸ਼ੋਸ਼ਲ ਸਾਇੰਸ ਲਾਇਬ੍ਰੇਰੀ ਇਨ ਇੰਡੀਆ।
(viii) ਬਿਬਲੀਓਗ੍ਰਾਫੀ ਆਫ਼ ਇੰਡੀਆ ਇਨ 2000 A.D.
(ix) ਮੋਹਨਦਾਸ ਕਰਮ ਚੰਦ ਗਾਂਧੀ : ਏ ਬਿਬਲੀਓਗ੍ਰਾਫ਼ੀ।
(x) ਸਿਲਵਰ ਜਨਰੇਸ਼ਨ ਇੰਨ ਇੰਡੀਆ : ਏ ਬਿਬਲੀਓਗ੍ਰਾਫ਼ੀਕਲ ਸਟੱਡੀ।
(xi) ਐਕਯੂਜੀਸਨ (Acquisition) ਅਪਡੇਟ : ਏ ਸੀਲੈਕਟਿਡ ਲਿਸਟ।
(xii). ਐਨੋਟੇਟਿਡ ਇੰਡੈਕਸ ਟੂ ਇੰਡੀਅਨ ਸ਼ੋਸ਼ਲ ਸਾਇੰਸ ਜਰਨਲਜ਼।
(xiii) ਕਾਨਫਰੰਸ ਅਲਰਟ (Alert) : ਏ ਕੁਆਰਟਰਲੀ ਕੈਲੰਡਰ।

## 10.5 ਇੰਡੀਅਨ ਇੰਸਟੀਚਿਊਟ ਆਫ਼ ਪਬਲਿਕ ਐਡਮਨੀਸਟਰੇਸ਼ਨ (Indian Institute of Public Administration-IIPA) :

**ਉੱਥਾਨ** : ਲੋਕ ਪ੍ਰਕਾਸ਼ਨ ਦਾ ਵਿਧੀਵਤ ਅਧਿਐਨ ਕੇਵਲ 100 ਸਾਲ ਪੁਰਾਣਾ ਹੈ। ਸਰਕਾਰ ਦੀ ਮੌਜੂਦਗੀ ਵਿਚ ਜਨਤਾ ਲੋਕ ਪ੍ਰਸ਼ਾਸ਼ਨ ਕਰਦੀ ਹੈ। ਕ੍ਰਿਆਸ਼ੀਲ ਖੇਤਰ ਹੋਣ ਕਰਕੇ ਇਸ ਵਿਚ ਬਹੁਤ ਛੇਤੀ ਤਬਦੀਲੀ ਆ ਜਾਂਦੀ ਹੈ। ''ਭਾਰਤ ਵਿੱਚ ਲੋਕ ਪ੍ਰਸ਼ਾਸ਼ਨ'' ਰਿਪੋਰਟ ਦੇ ਸਰਵੇ ਦੇ ਆਧਾਰ ਤੇ ਡਾ. ਪਾਲ ਐਚ.ਐਪਲੇਬੀ (Dr. Paul H.Appleby) ਨੇ ਆਈ.ਆਈ.ਪੀ.ਏ. ਦੀ ਸਥਾਪਨਾ ਦੀ ਸਲਾਹ ਦਿੱਤੀ ਜਿਸ ਰਾਹੀਂ ਲੋਕ ਪ੍ਰਸ਼ਾਸ਼ਨ ਦੇ ਵੱਖ-ਵੱਖ ਪਹਿਲੂਆਂ ਦੇ ਤੱਤਾਂ ਨੂੰ ਧਿਆਨ ਦੇ ਕੇ ਇਸਨੂੰ ਕਿੱਤਾ ਮੁੱਖੀ ਬਣਾਇਆ ਜਾ ਸਕੇ। ਇਹ ਸਿਫਾਰਸ਼ ਪੰਡਿਤ ਲਾਲ ਜਵਾਹਰ ਨਹਿਰੂ ਨੇ ਮੰਨ ਲਈ ਨਤੀਜਨ ਆਈ.ਆਈ.ਪੀ.ਏ. ਦੀ ਸਥਾਪਨਾ ਹੋਈ। ਇਹ ਸੁਸਾਇਟੀ ਐਕਟ ਅਧੀਨ 1954 ਵਿਚ ਸਵੈ ਸੁਤੰਤਰ ਸੰਸਥਾ ਵਜੋਂ ਆਯੋਜਿਤ ਹੋਈ ਜਿਸ ਦੀ ਸਿਫਾਰਸ਼ ਭਾਰਤੀ ਸਰਕਾਰ ਨੂੰ 1953 ਵਿਚ ਡੀਨ ਪਾਲ ਐਚ. ਐਪਲੇਬੀ ਨੇ ਕੀਤੀ ਸੀ। ਰਸਮੀ ਤੌਰ ਤੇ ਇਸਦਾ ਉਦਘਾਟਨ 19 ਮਾਰਚ 1954 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਨਵੀਂ ਦਿੱਲੀ ਵਿਖੇ ਬਤੌਰ ਪ੍ਰਧਾਨ ਕੀਤਾ। ਇਹ ਸੈਂਟਰ 7 ਏਕੜ ਕੈਂਪਸ ਵਿੱਚ ਦਿੱਲੀ ਰਾਜਧਾਨੀ ਦੇ ਵਿਚਕਾਰ ਸਥਿਤ ਹੈ। ਇਥੇ ਲੈਕਚਰ ਹਾਲ, ਕਾਨਫਰੰਸ ਸਹੂਲਤਾਂ, ਕੰਪਿਊਟਰ ਸੈਂਟਰ, ਸੰਚਾਰ ਸਾਧਨ ਦੀਆਂ ਆਧੁਨਿਕ ਸਹੂਲਤਾਂ ਦੇ ਸਮਾਨ, ਥੀਏਟਰ, ਪੁਸਤਕਾਲਾ ਤੇ 100 ਕਮਰਿਆਂ ਵਾਲਾ ਮੈਸ ਸਮੇਤ ਹੋਸਟਲ ਆਦਿ ਦੀਆਂ ਸਹੂਲਤਾਂ ਪ੍ਰਾਪਤ ਹਨ।

**ਉਦੇਸ਼** : ਮੁਖ ਤੌਰ ਤੇ ਆਈ.ਆਈ.ਪੀ.ਏ. ਦੇ ਉਦੇਸ਼ ਇਸ ਪ੍ਰਕਾਰ ਹਨ :

(i) ਲੋਕ ਪ੍ਰਸ਼ਾਸ਼ਨ, ਅਰਥ ਸ਼ਾਸ਼ਤਰ, ਰਾਜਨੀਤੀ ਸ਼ਾਸ਼ਤਰ ਦੇ ਅਧਿਐਨ ਨੂੰ ਉਤਸ਼ਾਹਿਤ ਕਰਨਾ, ਖਾਸ ਕਰਕੇ ਸਰਕਾਰੀ ਮਸ਼ੀਨਰੀ ਦਾ ਵਿਦਿਅਕ ਕੰਮਾਂ ਦੇ ਸਬੰਧ ਵਿਚ ਅਧਿਐਨ ਕਰਵਾਉਣਾ ਹੈ।

(ii) ਖੋਜ ਪੱਤਰ, ਜਰਨਲਜ਼ ਅਤੇ ਪੁਸਤਕਾਂ ਦੀ ਛਪਾਈ ਕਰਨੀ ਤੇ ਕਰਵਾਉਣੀ ਤਾਂ ਕਿ ਲੋਕ ਪ੍ਰਸ਼ਾਸ਼ਨ ਦੇ ਵਿਸ਼ੇ ਵਿਚ ਅਧਿਐਨ ਨੂੰ ਉਤਸਾਹ ਮਿਲ ਸਕੇ ;

(iii) ਸਰਕਾਰੀ ਮਸ਼ੀਨਰੀ ਤੇ ਲੋਕ ਪ੍ਰਕਾਸ਼ਨ ਦੇ ਸਬੰਧ ਵਿਚ ਪਾਠ-ਪੜ੍ਹਨ, ਸਿਲੇਬਸ, ਕੋਰਸ, ਕਾਨਫਰੰਸ ਲੈਕਚਰ ਤੇ ਖੋਜ ਦਾ ਪ੍ਰਬੰਧ ਕਰਨਾ ;

(iv) ਲਾਇਬਰੇਰੀ ਤੇ ਸੂਚਨਾ ਕੇਂਦਰ ਇਸ ਸਬੰਧੀ ਅਧਿਐਨ ਕਰਨ ਲਈ ਉਸਾਰਨੇ ;

(v) ਸਮਾਜਿਕ ਉਦੇਸ਼ਾਂ ਦੀ ਪੂਰਤੀ ਹਿਤ ਭਾਰਤ ਭਰ ਵਿਚ ਇਲਾਕਾਈ ਸੈਂਟਰ ਬਣਾਏ ਜਾਣ ; ਅਤੇ

(vi) ਲੋਕ ਪ੍ਰਸ਼ਾਸ਼ਨ ਨੂੰ ਉਤਸ਼ਾਹਿਤ ਕਰਨ ਲਈ ਪ੍ਰਵਾਨਿਤ ਸੰਸਥਾਵਾਂ ਤੇ ਸੰਗਠਨਾਂ ਤੋਂ ਸਹਿਯੋਗ ਲੈਣਾ ਤੇ ਦੇਣਾ।

**ਮੁੱਖ ਕਾਰਜ :**

ਵਿਅਕਤੀਆਂ ਦੇ ਸਮੂਹ ਨੂੰ ਲੋਕ ਪ੍ਰਸ਼ਾਸ਼ਨ ਅਧਿਐਨ ਲਈ ਪ੍ਰੇਰਿਤ ਕਰਨਾ ਅਤੇ ਪ੍ਰਸ਼ਾਸ਼ਨ ਦਾ ਅਮਲੀ ਪੱਖ ਇਸ ਸੰਸਥਾ ਦਾ ਮੁੱਖ ਕਾਰਜ ਸਿਖਾਉਣਾ ਹੈ। ਆਪਣੇ ਕਈ ਵਿਦਿਅਕ ਕੇਂਦਰਾਂ ਰਾਂਹੀ ਸੰਸਥਾ ਨੇ ਇਸ ਪਾਸੇ ਕਾਰਜ ਕਰਨਾ ਆਰੰਭ ਕੀਤਾ ਹੈ। ਫੈਕਲਟੀ ਦੇ ਮੈਂਬਰਾਂ ਨਾਲ ਮਿਥੇ ਟੀਚਿਆਂ ਸਬੰਧੀ ਆਪਸੀ ਗਲਬਾਤ ਤੇ ਤਾਲਮੇਲ ਰੱਖ ਕੇ ਅਕਾਦਮਿਕ ਸਤੁੰਸ਼ਟੀ ਪ੍ਰਾਪਤ ਕਰਨਾ, ਮੁੱਖ ਉਦੇਸ਼ ਹਨ। ਇਨ੍ਹਾਂ ਦੀ ਪੂਰਤੀ ਲਈ ਹੇਠ ਲਿਖੇ ਕੇਂਦਰ ਸਥਾਪਿਤ ਕੀਤੇ ਗਏ ਹਨ :

(i) ਸੈਂਟਰ ਆਫ ਪਬਲਿਕ ਪਾਲਿਸੀ, ਪਲੈਨਿੰਗ ਐਂਡ ਐਨਵਾਈਰਮੈਂਟਲ ਸਟਡੀਜ਼ ;
(ii) ਸੈਂਟਰ ਫਾਰ ਇਕਨਾਮਿਕ ਅਨੈਲਿਸਸ ਐਂਡ ਫਾਈਨੈਸ਼ਨਲ ਮੈਨੇਜਮੈਂਟ ;
(iii) ਸੈਂਟਰ ਫਾਰ ਹਿਊਮੈਨ ਰੀਸੋਰਸਿਸ ਡਿਵੈਲਪਮੈਂਟ ਐਂਡ ਬੀਹੇਵੀਅਰਲ ਸਟੱਡੀਜ਼ ;
(iv) ਸੈਂਟਰ ਫਾਰ ਮੈਨੇਜਮੈਂਟ ਸਟੱਡੀਜ਼ ਪਬਲਿਕ ਐਨਟਰਪ੍ਰਾਈਜ਼ ਐਂਡ ਕਮਪਿਊਟਰ ਐਪਲੀਕੇਸ਼ਨ ;
(v) ਸੈਂਟਰ ਫਾਰ ਰੂਰਲ ਡੀਵੈਲਪਮੈਂਟ ਐਡਮਨਿਸਟਰੇਸ਼ਨ ;
(vi) ਸੈਂਟਰ ਫਾਰ ਅਰਬਨ ਸਟੱਡੀਜ਼ ;
(vii) ਸੈਂਟਰ ਫਾਰ ਸ਼ੋਸ਼ਲ ਵੈਲਫੇਅਰ ਐਡਮਨੀਸਟਰੇਸ਼ਨ ਐਂਡ ਐਡਮਨੀਸਟਰੇਸ਼ਨ ਆਫ਼ ਜਸਟਿਸ; ਅਤੇ
(viii) ਨੈਸ਼ਨਲ ਸੈਂਟਰ ਫਾਰ ਡੀਜਾਸਟਰ ਮੈਨੇਜਮੈਂਟ।

**ਸੇਵਾਵਾਂ (Services)** :

**(a) ਸੂਚਨਾ ਸੇਵਾਵਾਂ :**
ਆਰੰਭ ਤੋਂ ਹੀ ਪ੍ਰਲੇਖਨ ਅਤੇ ਸੂਚਨਾ ਸੇਵਾਵਾਂ ਤੇ ਜੋਰ ਦਿੱਤਾ ਗਿਆ ਹੈ।

**(b) ਕਰੰਟ ਅਵੇਰਨੈਸ ਸਰਵਿਸ ਜਾਂ ਤਤਕਾਲੀਨ ਜਾਗਰੂਕਤਾ ਸੇਵਾ** : ਨਵੇ ਵਾਧੇ ਦੀਆਂ ਲਿਸਟਾਂ, ਡਾਕੂਮੈਨਟੇਸ਼ਨ ਸਰਵਿਸ, ਪਰੈਸ ਕਲਿਪਇੰਗ ਸੇਵਾ ਅਤੇ ਆਈ.ਆਈ.ਪੀ.ਏ. ਦੇ ਨਵੇਂ ਮਾਸਿਕ ਰੀਕਾਰਡ ਰਾਂਹੀ ਸੇਵਾ ਉਪਲਬਧ ਕਰਾਈ ਜਾਂਦੀ ਹੈ।

**(c) ਸੰਦਰਭ ਤੇ ਹਵਾਲਾ ਸੇਵਾ** : ਅੰਦਾਜਨ 2000 ਸੰਦਰਭ ਪ੍ਰਸ਼ਨਾ ਦੇ ਉਤਰ ਸਾਲਾਨਾ ਦਿੱਤੇ ਜਾਂਦੇ ਹਨ। ਇਸ ਸੇਵਾ ਵਿਚ ਸਾਦੇ ਵਿਸਤਾਰ ਤੋਂ ਇਲਾਵਾ ਵਡੀਆਂ ਸਾਹਿਤਕ ਖੋਜਾਂ ਦੀ ਸੰਪੂਰਨ ਬਿਬਲੀਓਗ੍ਰਾਫੀ ਬਨਾਉਣੀ ਵੀ ਸ਼ਾਮਲ ਹੈ।

**(d) ਰੈਪਰੋਗ੍ਰਾਫੀ ਸਰਵਿਸ** : ਮੂਲ ਪ੍ਰਲੇਖ ਤੋਂ ਫੋਟੋਕਾਪੀ, ਕਾਪੀ ਰਾਈਟ ਆਗਿਆ ਨਾਲ ਕਰਵਾਏ ਜਾਂਦੇ ਹਨ।

**(e) ਸਰਕੂਲੇਸ਼ਨ :** ਸਮਗਰੀ ਵੰਡ ਤਹਿਤ ਲਾਇਬ੍ਰੇਰੀ ਲੋਨ ਦੀ ਸੁਵਿਧਾ ਵਿਭਾਗ ਦੇ ਮੈਂਬਰਾਨ, ਆਈ.ਆਈ.ਪੀ.ਏ. ਦੇ ਸਟਾਫ਼, ਵਿਦਿਆਰਥੀ, ਵਿਦਵਾਨ ਜੋ ਦੂਸਰੀਆਂ ਸੰਸਥਾਵਾਂ ਦੇ ਹਨ, ਨੂੰ ਵੀ ਦਿਤੀ ਜਾਂਦੀ ਹੈ ਹਰੇਕ ਸਾਲ ਤਕਰੀਬਨ 10,000 ਪੁਸਤਕਾਂ ਦੀ ਸਰਕੂਲੇਸ਼ਨ ਹੁੰਦੀ ਹੈ।

**(f)** **ਲਿਟਰੇਚਰ ਸਰਚ ਤੇ ਬਿਬਲੀਓਗ੍ਰਾਫੀ ਸੇਵਾ** : ਲੋਕ ਪ੍ਰਸ਼ਾਸ਼ਨ ਦੇ ਵੱਖ-ਵੱਖ ਪਹਿਲੂਆਂ ਤੇ ਲਗਪਗ 500 ਤੋਂ ਵੱਧ ਬਿਬਲੀਓਗ੍ਰਾਫੀਆਂ ਉਪਲਬਧ ਹਨ।

**(g)** **ਡਾਕੂਮੈਨਟੇਸ਼ਨ ਆਫ ਪਬਲਿਕ ਐਡਮਨਿਸਟ੍ਰੇਸ਼ਨ** : 1972 ਤੋਂ ਤ੍ਰੈਮਾਸਿਕ ਸੇਵਾ ਦਿੱਤੀ ਜਾ ਰਹੀ ਹੈ। ਲੋਕ ਪ੍ਰਸ਼ਾਸ਼ਨ ਦੇ ਉਪਰ 1968 ਤੋਂ 1979 ਤੱਕ ਹੋਏ ਕੰਮ ਦਾ ਸਾਰ ਤੇ ਅਨੁਕ੍ਰਮਣਿਕਾ (Abstract & Index) ਇਸ ਸੇਵਾ ਰਾਹੀ ਪ੍ਰਕਾਸ਼ਿਤ ਕੀਤੀ ਗਈ।

**(h)** **ਪਰੈਸ ਕਲਿੰਪਿੰਗ ਸੇਵਾ** : ਇਸ ਸੇਵਾ ਅਧੀਨ 13 ਅਖ਼ਬਾਰਾਂ ਨਿਰੰਤਰ ਵਾਚੀਆਂ ਜਾਂਦੀਆਂ ਹਨ ਤਾਂ ਜੋ ਸਬੰਧਤ ਵਿਸ਼ੇ ਬਾਰੇ ਸਮੱਗਰੀ ਉਪਲਬਧ ਹੋ ਸਕੇ। ਇਨ੍ਹਾਂ ਕਤਰਨਾ ਟੁਕੜਿਆਂ ਨੂੰ ਮੁੱਖ ਵਿਸ਼ੇ ਦੇ ਆਧਾਰ ਤੇ ਇਕਠਿਆਂ ਕਰਕੇ ਜਿਲਦ ਵਿਚ ਬੰਨ ਦਿੱਤਾ ਜਾਂਦਾ ਹੈ। ਇਸ ਵਿਚ ਹਰ ਸਾਲ 4000 ਕਟਿੰਗਜ਼ ਦਾ ਵਾਧਾ ਕੀਤਾ ਜਾਂਦਾ ਹੈ। ਅੰਦਰੂਨੀ ਸਰਕੂਲੇਸ਼ਨ ਲਈ ਸੀਮਾ ਦੇ ਅੰਤਰਗਤ ਸਾਰਣੀ ਤਿਆਰ ਕੀਤੀ ਜਾਂਦੀ ਹੈ। ਇਹ ਸੇਵਾ 1982 ਤੋਂ ਸ਼ੁਰੂ ਹੈ।

**ਮੁੱਖ ਕਾਰਜ (Major Functions) :**

**(a)** **ਖੋਜ** : ਸਰਕਾਰ ਦੇ ਮੁੱਖ ਪ੍ਰਬੰਧ, ਕਾਰਜਕਾਰੀ ਖੇਤਰਾਂ ਵਿਚ ਖੋਜ ਕਰਵਾਉਣ ਦਾ ਕੰਮ ਸੰਸਥਾ ਕਰਦੀ ਹੈ। ਮੁਢਲੇ ਪੱਧਰ ਤੇ ਯੋਜਨਾਵਾਂ ਬਨਾਉਣਾ, ਉਹਨਾਂ ਨੂੰ ਲਾਗੂ ਕਰਨਾ, ਉਹਨਾਂ ਦਾ ਲੇਖਾ ਜੋਖਾ ਕਰਨਾ, ਉਹਨਾਂ ਨੂੰ ਪ੍ਰਗਟਾਉਣ ਤੋਂ ਇਲਾਵਾ ਆਰਥਿਕਤਾ ਤੇ ਹੋਰ ਸਮਾਜਕ ਯੋਜਨਾਵਾਂ ਤੇ ਖੋਜ ਕਰਵਾਉਣਾ ਇਸ ਦਾ ਕਾਰਜ ਹੈ।

**(b)** **ਸਿਖਲਾਈ**

ਸਾਲ ਦੌਰਾਨ ਕਈ ਸਿਖਲਾਈ ਪ੍ਰੋਗਰਾਮ ਸੰਸਥਾ ਉਲੀਕਦੀ ਹੈ। ਕਈ ਪ੍ਰੋਗਰਾਮ ਫੀਸ ਆਧਾਰਿਤ ਹੁੰਦੇ ਹਨ ਤੇ ਕਈ ਰਾਜ ਵਲੋਂ ਪ੍ਰੋਤਸ਼ਾਹਿਤ/ਉਤਸ਼ਾਹਿਤ ਕੀਤੇ ਗਏ ਹੁੰਦੇ ਹਨ। ਸੰਸਥਾ ਦੁਆਰਾ ਮੁੱਖ ਤੌਰ ਤੇ ਭਾਰਤੀ ਰਾਜਨੀਤੀ ਅਤੇ ਅਰਥ ਪ੍ਰਬੰਧ, ਹਿਊਮੈਨ ਰੀਸੋਰਸਿਜ ਪ੍ਰਬੰਧ, ਅੰਕੜਾ ਵਿਗਿਆਨ, ਸਮਾਜ ਭਲਾਈ ਵਿਕਾਸ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ। ਨੌ ਮਹੀਨਿਆਂ ਦੇ ਐਡਵਾਂਸਡ ਪ੍ਰੋਫੈਸ਼ਨਲ ਸਿਖਲਾਈ ਪ੍ਰੋਗਰਾਮ ਸਰਬ ਭਾਰਤੀ ਕੇਂਦਰੀ ਸੇਵਾਂਵਾਂ ਅਤੇ ਰਾਜ ਸਰਕਾਰਾਂ ਦੇ ਸੀਨੀਅਰ ਅਨੁਭਵੀ ਅਫਸਰਾਂ ਲਈ ਉਲੀਕੇ ਜਾਂਦੇ ਹਨ। ਪੋਸਟ ਗਰੈਜੂਏਟ ਕਿੱਤਾ ਪ੍ਰੋਗਰਾਮ ਸੂਚਨਾ ਤਕਨੀਕ ਤੇ ਮੈਨੇਜਮੈਂਟ ਲਈ ਲੰਮੇ ਸਮੇਂ ਦੇ ਪਾਰਟ ਟਾਈਮ (long Term Part Time) ਕੋਰਸ ਵੀ ਕਰਵਾਉਂਦੀ ਹੈ।

**(c)** **ਸੰਗ੍ਰਹਿ ਵਿਕਾਸ** : ਦੇਸ਼ ਭਰ ਵਿਚ ਸਮਾਜ ਵਿਗਿਆਨ ਸਬੰਧੀ IIPA ਇਕ ਅਮੀਰ ਲਾਇਬ੍ਰੇਰੀ ਹੈ, ਇਸ ਵਿਚ 1,86,000 ਪੁਸਤਕਾਂ ਅਤੇ 450 ਨਵੀਨਤਮ ਰਸਾਲੇ ਹਨ। ਲਾਇਬਰੇਰੀ ਦਾ ਸਾਰਾ ਕੰਮ ਤਕਰੀਬਨ ਕੰਪਿਊਟਰ ਰਾਹੀਂ ਹੁੰਦਾ ਹੈ। ਕੰਪਿਊਟਰ ਕੈਟਾਲੋਗ ਵਿਚ 70,000 ਪੁਸਤਕਾਂ ਦੇ ਇੰਦਰਾਜ਼ ਹਨ। 48000 ਰਸਾਲਿਆਂ ਦੇ ਲੇਖ ਸ਼ਾਮਲ ਹਨ। ਡੈਲਨੈਟ ਦਿੱਲੀ ਲਾਇਬਰੇਰੀ ਨੈਟਵਰਕ ਦਿੱਲੀ ਦੀਆਂ ਲਾਇਬਰੇਰੀਆਂ ਵਿਚ ਪੁਸਤਕ ਵਟਾਂਦਰੇ ਲਈ ਬਣਾਈ ਗਈ ਹੈ। ਨੈਟ ਤੇ ਜੋ ਸਹੂਲਤਾਂ ਪ੍ਰਾਪਤ ਹਨ ਉਹਨਾਂ ਦੀ ਜਾਣਕਾਰੀ ਲਈ ਵੀ.ਐਸ.ਐਨ.ਐਲ ਟੀ.ਸੀ.ਪੀ./ਆਈ.ਪੀ. (VSNL.TCP/IP) ਮੌਜੂਦ ਹਨ।

**(d)** **ਪ੍ਰਕਾਸ਼ਨਾਵਾਂ** : ਲੋਕ ਪ੍ਰਸ਼ਾਸ਼ਨ ਸਬੰਧੀ ਸੂਚਨਾ ਦੀ ਵੰਡ ਰਸਾਲਿਆਂ, ਖੋਜ ਅਧਿਆਪਨ, ਸੈਮੀਨਾਰ ਪ੍ਰੋਸੀਡੀਇੰਗ, ਕਾਨਫਰੰਸਾ ਤੇ ਲੇਖਾਂ ਰਾਂਹੀ ਕੀਤੀ ਜਾਂਦੀ ਹੈ। ਇਹ ਸੰਸਥਾ ਚਾਰ ਰਸਾਲੇ ਛਾਪਦੀ ਹੈ:-

(i) ਇੰਡੀਅਨ ਜਰਨਲ ਆਫ ਪਬਲਿਕ ਐਡਮਨਿਸਟਰੇਸ਼ਨ (ਤ੍ਰੈਮਾਸਿਕ)
(ii) ਨਗਰ ਲੋਕ (ਤ੍ਰੈਮਾਸਿਕ)
(iii) ਡਾਕੂਮੈਨਟੇਸ਼ਨ ਇਨ ਪਬਲਿਕ ਐਡਮਨਿਸਟ੍ਰੇਸ਼ਨ (ਤ੍ਰੈਮਾਸਿਕ)
(iv) ਆਈ.ਆਈ.ਪੀ.ਏ. ਨਿਊਜ ਲੈਟਰ (ਮਾਸਿਕ)
(v) ਹੋਰ ਪ੍ਰਕਾਸ਼ਨਾਵਾਂ - ਰਾਜਾ ਰਾਮਮੋਹੁਨ ਰਾਇ ਲਾਇਬ੍ਰੇਰੀ ਫਾਊਂਡੇਸ਼ਨ ਵਲੋਂ ''ਸੁਭਾਸ਼ ਚੰਦਰ ਬੋਸ ਦੀ ਮੈਨ ਐਂਡ ਹਿਜ਼ ਮਿਸ਼ਨ'' ਜਿਸ ਨੂੰ ਆਈ.ਆਈ.ਪੀ.ਏ. ਨੇ ਪ੍ਰਕਾਸ਼ਿਤ ਕੀਤਾ ਹੈ,

ਦੀਆਂ 417 ਕਾਪੀਆਂ ਦੀ ਖਰੀਦ ਦਾ ਆਰਡਰ ਦਿਤਾ ਹੈ। ਸੰਸਥਾ ਭਾਰਤ ਸਰਕਾਰ ਦੇ ਪ੍ਰਬੰਧਕੀ ਸੁਧਾਰ ਵਿਭਾਗ'' ਲਈ ''ਐਡਮਨਿਸਟਰ ਈਅਰ ਬੁਕ'' ਤਿਆਰ ਕਰਦੀ ਹੈ।

**ਮੈਂਬਰਸ਼ਿਪ (Membership)**

ਪੜ੍ਹੇ ਲਿਖੇ ਵਿਦਵਾਨ, ਉਚ ਅਧਿਕਾਰੀ ਜੋ ਲੋਕ ਪ੍ਰਸ਼ਾਸ਼ਨ ਸਬੰਧੀ ਅਧਿਐਨ ਜਾਂ ਸੇਵਾ ਕਰਦੇ ਹਨ ਇਸ ਸੰਸਥਾ ਦੇ ਮੈਂਬਰ ਨਾਮਜ਼ਦ ਹੋ ਸਕਦੇ ਹਨ। ਇਹ ਮੈਂਬਰਸ਼ਿਪ ਅਗੇ ਵਿਦਿਅਕ ਸੰਸਥਾਵਾਂ ਪਬਲਿਕ ਸੰਗਠਨਾਂ ਨੂੰ ਦਿੱਤੀ ਜਾਂਦੀ ਹੈ। ਮੈਂਬਰਾਂ ਨੂੰ ਹੇਠ ਲਿਖੇ ਅਨੁਸਾਰ ਸਹੂਲੀਅਤਾਂ ਪ੍ਰਾਪਤ ਹਨ :

(i) ਤ੍ਰੈਮਾਸਿਕ ਜਰਨਲ IIPA ਘੱਟ ਕੀਮਤ ਤੇ

(ii) ਮਹੀਨੇਵਾਰ ਖਬਰਨਾਮਚਾ (News letter)

(iii) ਡਾਕੂਮੈਨਟੇਸ਼ਨ ਇਨ ਪਬਲਿਕ ਐਡਮਨਿਸਟ੍ਰੇਸ਼ਨ

(iv) ਪ੍ਰਸ਼ਾਸ਼ਨ ਦੇ ਵੱਖ ਵੱਖ ਪਹਿਲੂਆਂ ਤੇ ਖੋਜ ਨੂੰ ਲਾਇਬਰੇਰੀ ਤਰਜੀਹ ਦਿੰਦੀ ਹੈ। ਚਾਰ ਦਹਾਕਿਆਂ ਤੋਂ ਸੰਸਥਾ ਨੇ ਲੋਕ ਪ੍ਰਸ਼ਾਸ਼ਨ ਵਿਚ ਕੇਂਦਰ ਰਾਜ ਤੇ ਸਥਾਨਕ ਪੱਧਰ ਤੇ ਵੱਖ ਵੱਖ ਵਿਭਾਗਾਂ ਲਈ ਮਹੱਤਵਪੂਰਣ ਦੇਣ ਦਿੱਤੀ।

(v) ਰਿਹਾਇਸ਼ ਲਈ ਹੋਸਟਲ ਉਪਲਬਧ ਹੈ।

**ਨੈਟਵਰਕਿੰਗ (Networking )**

**(a)** **ਰਾਸ਼ਟਰੀ ਪੱਧਰ** – ਆਈ.ਆਈ.ਪੀ.ਏ. ਰਾਸ਼ਟਰੀ ਪੱਧਰ ਤੇ 19 ਖੇਤਰੀ ਬਰਾਂਚਾਂ ਤੇ 42 ਸਥਾਨਕ ਬਰਾਂਚਾਂ ਨੂੰ ਨੈਟ ਨਾਲ ਜੋੜਿਆ ਹੈ। ਇਹ ਬਰਾਂਚਾਂ ਲੋਕ ਪ੍ਰਸ਼ਾਸ਼ਨ ਦੀਆਂ ਆਧੁਨਿਕ ਰੁਚੀਆਂ ਤੇ ਅਮਲ ਸਬੰਧੀ ਵਿਚਾਰਾਂ ਦਾ ਵਟਾਂਦਰਾਂ ਸਰਕਾਰੀ ਕਰਮਚਾਰੀਆਂ, ਵਿਦਿਅਕ ਸਖਸ਼ੀਅਤਾਂ, ਵਿਦਿਆਰਥੀਆਂ ਤੇ IIPA ਦੇ ਮੈਂਬਰਾਂ ਵਿਚਕਾਰ ਕਰਦੀਆਂ ਹਨ। ਇਸ ਸਮੇਂ ਤਕ ਲਗਭਗ 10,000 ਮੈਂਬਰ ਹਨ ਜਿਹਨਾਂ ਵਿਚ 104 ਵਿਦੇਸ਼ੀ ਮੈਂਬਰ ਵੀ ਸ਼ਾਮਲ ਹਨ।

**(b)** **ਅੰਤਰ ਰਾਸ਼ਟਰੀ** – ਸੰਸਥਾ ਨੇ ਅੰਤਰ ਰਾਸ਼ਟਰੀ ਸਬੰਧ ਬਹੁਤ ਦੇਸ਼ਾਂ ਨਾਲ ਸਥਾਪਿਤ ਕੀਤੇ ਹਨ ਤਾਂ ਜੋ ਤਕਨੀਕੀ ਪ੍ਰਬੰਧ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕੀਤਾ ਜਾ ਸਕੇ। ਇਹ ਸੰਸਥਾ ਪੂਰਬੀ ਇਲਾਕਾਈ ਲੋਕ ਪ੍ਰਬੰਧ ਸੰਸਥਾਵਾਂ ਦੇ ਸਥਾਪਨਾ (founder) ਮੈਂਬਰਾਂ ਵਿਚੋਂ ਇਕ ਹੈ, ਜਿਸ ਦਾ ਹੈਡ ਕੁਆਟਰ ਮਨੀਲਾ ਫਿਲੀਪਾਈਨ ਵਿਖੇ ਹੈ।

**(c)** **ਸਹਿਯੋਗ** – ਇਹ ਸੰਸਥਾ ਨੂੰ ਸਿਖਲਾਈ ਕੋਰਸਾਂ, ਵਰਕਸ਼ਾਪਾਂ ਲਈ ਅੰਤਰਰਾਸ਼ਟਰੀ ਅਦਾਰਿਆਂ ਤੋਂ ਸਹਿਯੋਗ ਹਾਸਲ ਹੈ। ਈਕੋਲ ਨੈਸ਼ਨਲ ਡੀ, ਈ.ਐਨ.ਏ. ਮਾਰਇਸ਼ਸ਼ ਇੰਨਸਚੀਉਟ ਆਫ਼ ਪਬਲਿਕ ਐਡਮਨੀਸਟਰੇਸ਼ਨ ਐਂਡ ਮੈਨੇਜਮੈਂਟ (ਐਮ.ਆਈ.ਪੀ.ਏ. ਐਮ.) ਟੈਕਨੀਕਲ ਕਾਰਪੋਰੇਸ਼ਨ ਸਕੀਮ –ਟੀ ਸੀ.ਐਸ. ਕੋਲੰਬੋ ਪਲੈਨ ਦੇ ਅਦਾਰਿਆਂ ਰਾਂਹੀ ਵੱਖ ਵੱਖ ਸਿਖਲਾਈ ਵਰਕਸ਼ਾਪ ਸੈਮੀਨਾਰ ਆਦਿ ਵਿਚ ਸਹਿਯੋਗ ਪ੍ਰਾਪਤ ਹੁੰਦਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸੰਸਥਾ ਪਿਛਲੇ ਪੰਜ ਦਹਾਕਿਆਂ ਤੋਂ ਕੇਂਦਰ ਖੇਤਰੀ ਤੇ ਸਥਾਨਕ ਪੱਧਰ ਤੇ ਲੋਕ ਪ੍ਰਸ਼ਾਸ਼ਨ ਦੇ ਵੱਖ ਵੱਖ ਖੇਤਰਾਂ ਵਿਚ ਮਹੱਤਵਪੂਰਨ ਸੇਵਾ ਕਰ ਰਹੀ ਹੈ। ਵਿਦਿਅਕ ਕੇਂਦਰਾਂ ਰਾਂਹੀ ਵਿਦਿਅਕ ਨਤੀਜੇ ਤੇ ਸਿੱਖਿਆ ਸੰਤੁਸ਼ਟੀ ਲਈ ਕੰਮ ਕਾਜੀ ਖੇਤਰਾਂ ਨੂੰ ਵਧਾਇਆ ਹੈ।

## 10.6 ਇਨਸਟੀਚਿਊਟ ਆਫ ਇਕਨੋਮਿਕ ਗਰੋਥ (The Institute of Economic Growth - IEG)

**ਜਾਣ ਪਹਿਚਾਣ**

ਭਾਰਤ ਦੇ ਸਪ੍ਰਸਿੱਧ ਅਰਥ ਸ਼ਾਸ਼ਤਰੀ ਤੇ ਸੰਸਥਾਵਾਂ ਦੇ ਨਿਰਮਾਤਾ ਸਵਰਗਵਾਸੀ ਪ੍ਰੋ. ਵੀ.ਕੇ.ਆਰ.ਵੀ. ਰਾਓ ਨੇ ਇਸ ਸੰਸਥਾ ਦਾ ਆਯੋਜਨ 1958 ਵਿਚ ਕੀਤਾ। ਸੰਸਥਾ ਦੇ ਆਪ ਹੀ ਪਹਿਲੇ ਪ੍ਰਧਾਨ ਤੇ ਫਿਰ ਚੇਅਰਮੈਨ ਰਹੇ। ਪੰਡਿਤ ਜਵਾਹਰ ਲਾਲ ਨਹਿਰੂ, ਸੀ.ਡੀ. ਦੇਸ਼ਮੁੱਖ ਵਰਗੀਆਂ ਮਹਾਨ ਸਖਸ਼ੀਅਤਾਂ ਵੀ ਇਸ

ਸੰਸਥਾ ਨਾਲ ਸਬੰਧਤ ਰਹੀਆਂ। ਡਾ. ਮਨਮੋਹਨ ਸਿੰਘ 1992 ਤੋਂ ਇਸ ਦੇ ਪ੍ਰਧਾਨ, ਡਾ. ਸੀ.ਐਚ ਹਨੁਮਥ ਰਾਓ ਗਵਰਨਰਾਂ ਦੇ ਬੋਰਡ ਦੇ ਚੇਅਰਮੈਨ ਤੇ ਪ੍ਰੋ. ਕੰਚਨ ਚੋਪੜਾ ਇਸ ਦੇ ਡਾਇਰੈਕਟਰ ਹਨ।

ਆਈ.ਈ.ਜੀ. ਸੰਸਥਾ ਵਿਭਿੰਨ ਅਨੁਸ਼ਾਸ਼ਨਾਂ ਵਾਲਾ ਅਜਿਹਾ ਕੇਂਦਰ ਹੈ ਜਿਥੇ ਅਰਥ ਸ਼ਾਸ਼ਤਰ, ਜਨ-ਅੰਕੜਾ-ਵਿਗਿਆਨ ਤੇ ਸਮਾਜ ਸ਼ਾਸ਼ਤਰ ਵਿਚ ਖੋਜ ਤੇ ਸਿਖਲਾਈ ਨੂੰ ਉਚ ਪੱਧਰ ਤੇ ਦੇਣ ਦੀ ਸੁਵਿਧਾ ਹੈ। ਰਾਸ਼ਟਰੀ ਪੱਧਰ ਦੀ ਸੰਸਥਾ ਹੋਣ ਕਰਕੇ ਵਿਕਾਸ ਦੀਆਂ ਸਮਸਿਆਵਾਂ, ਵਿਕਾਸ ਯੋਜਨਾਵਾਂ, ਸਮਾਜਿਕ ਤਬਦੀਲੀ ਆਦਿ ਵਿਸ਼ਿਆਂ ਤੇ ਮੁਢਲੀ ਖੋਜ ਕਰਵਾਉਂਦੀ ਹੈ। ਵੱਖ ਵੱਖ ਖੇਤਰਾਂ ਵਿਚ ਕੰਮ ਕਰ ਰਹੇ 32 ਨਾਮਵਰ ਸਮਾਜ ਵਿਗਿਆਨੀ ਇਸ ਨਾਲ ਸਬੰਧਤ ਹਨ।

**ਸੰਸਥਾ ਦੇ ਉਦੇਸ਼ (objectives)**

ਉਪਰੋਕਤ ਸੰਸਥਾ ਦੇ ਨਿਰਧਾਰਿਤ ਉਦੇਸ਼ ਹੇਠ ਲਿਖੇ ਅਨੁਸਾਰ ਹਨ :

(i) ਅਰਥ ਸ਼ਾਸ਼ਤਰ ਤੇ ਸਬੰਧਤ ਵਿਸ਼ਿਆਂ ਵਿਚ ਖੋਜ ਤੇ ਸਿਖਲਾਈ ਲਈ ਉਚਤਮ ਸੈਂਟਰ ਵਜੋਂ ਸੇਵਾ ਕਰਨਾ।

(ii) ਦੇਸ਼ ਵਿਦੇਸ਼ ਦੇ ਪ੍ਰਮੁੱਖ ਅਰਥ ਅਚਾਰੀਆ ਅਤੇ ਸੰਸਥਾਵਾਂ ਦਰਮਿਆਨ ਫਾਇਦੇਮੰਦ ਵਟਾਂਦਰੇ ਲਈ ਕਾਰਜ ਕਰਨਾ।

(iii) ਆਪਣੇ ਅੰਦਰੂਨੀ ਵਿਭਾਗ ਵਿਚ ਸਹਿਯੋਗੀ ਖੋਜ ਨੂੰ ਉਤਸ਼ਾਹਿਤ ਕਰਨਾ ਅਤੇ ਭਾਰਤੀ ਅਤੇ ਵਿਦੇਸ਼ੀ ਸੰਸਥਾਵਾਂ ਨਾਲ ਤਾਲਮੇਲ ਕਰਨਾ।

(iv) ਵਿਕਾਸਸ਼ੀਲ ਸਮਾਜ ਦੇ ਲਾਭ ਲਈ ਸਮਾਜ ਵਿਗਿਆਨ ਦੇ ਸਿਖਲਾਈ ਕੋਰਸ ਅਤੇ ਸੈਮੀਨਾਰਾਂ ਦਾ ਪ੍ਰਬੰਧ ਕਰਨਾ।

(v) ਸੰਸਥਾ ਦੁਆਰਾ ਕੀਤੀ ਗਈ ਖੋਜ ਦੀ ਛਪਾਈ ਅਤੇ ਪ੍ਰਸਾਰ ਦਾ ਪ੍ਰਬੰਧ ਕਰਨਾ।

**ਪ੍ਰਬੰਧਨ (Management)**

ਸੰਸਥਾ ਦੀ ਪ੍ਰਬੰਧਕੀ ਕਮੇਟੀ ਵਿਚ ਟਰੱਸਟੀ ਮੈਂਬਰ ਤੇ ਗਵਰਨ ਮੈਂਬਰਾਂ ਦੀ ਸ਼ਮੂਲੀਅਤ ਹੈ ਆਈ.ਈ.ਜੀ. ਦੀ ਸਾਰੀ ਜਾਇਦਾਦ ਦੇ ਰਖਿਅਕ ਟਰੱਸਟੀ ਮੈਂਬਰ ਹੁੰਦੇ ਹਨ। ਜੋ ਸੰਸਥਾ ਵਲੋਂ ਨਿਰਧਾਰਿਤ ਕੀਤੇ ਗਏ ਮਨੋਰਥਾਂ ਦੀ ਪੂਰਤੀ ਦਾ ਖਿਆਲ ਕਰਦੇ ਹਨ।

ਬੋਰਡ ਆਫ ਗਵਰਨਰਜ਼ ਅਕਾਦਮਿਕ, ਵਿੱਤੀ ਤੇ ਪ੍ਰਬੰਧ ਨਾਲ ਸਬੰਧਤ ਯੋਜਨਾਵਾਂ ਬਣਾਉਂਦਾ ਹੈ ਤੇ ਉਹਨਾਂ ਨੂੰ ਲਾਗੂ ਕਰਵਾਉਂਦਾ ਹੈ। ਸੰਸਥਾ ਦਾ ਸਾਲਾਨਾ ਬਜਟ ਤਿਆਰ ਕਰਦਾ ਹੈ। ਸਾਲਾਨਾ ਰਿਪੋਰਟ ਤਿਆਰ ਕਰਕੇ ਆਮ ਜਰਨਲ ਬਾਡੀ ਦੇ ਸਾਹਮਣੇ ਰਖੀ ਜਾਂਦੀ ਹੈ। ਇਸ ਸੰਗਠਨ ਵਿਚ ਦਿਲੀ ਯੂਨੀਵਰਸਿਟੀ ਦੇ ਨੁਮਾਇੰਦੇ, ਆਈ.ਸੀ.ਐਸ.ਐਸ.ਆਰ. ਅਤੇ ਭਾਰਤ ਸਰਕਾਰ ਦੇ ਵਿਭਿੰਨ ਵਿਭਾਗਾਂ ਦੇ ਮੈਂਬਰ ਸ਼ਾਮਲ ਹਨ। ਡਾਇਰੈਕਟਰ, ਪਦਵੀ ਵਜੋਂ ਬੋਰਡ ਦੇ ਸੈਕਟਰੀ ਅਤੇ ਸੰਸਥਾ ਦੇ ਪ੍ਰਮੁੱਖ ਐਗਜੈਕਟਿਵ ਮੈਂਬਰ ਵਜੋਂ ਸੇਵਾ ਨਿਭਾਉਂਦਾ ਹੈ।

**ਵਿੱਤ**

ਇਹ ਸੰਸਥਾ ਚੈਰੀਟੇਬਲ ਸੰਸਥਾ ਵਜੋਂ ਰਜਿਸਟਰਡ ਹੈ। ਇਸ ਦਾ ਲਗਭਗ 50% ਖਰਚਾ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੇ ਭਾਰਤ ਸਰਕਾਰ ਤੋਂ ਪ੍ਰਾਪਤ ਹੋਣ ਵਾਲੀ ਗਰਾਂਟ ਦੁਆਰਾ ਪੂਰਾ ਕੀਤਾ ਜਾਂਦਾ ਹੈ। ਜਿਸ ਨੂੰ ਮਨਿਸਟਰੀ ਆਫ ਹੈਲਥ ਐਂਡ ਫੈਮਿਲੀ ਵੈਲਫੇਅਰ, ਐਗਰੀਕਲਚਰ ਐਂਡ ਫਾਇਨਾਂਸ ਤੋਂ ਸਾਲਾਨਾ ਗ੍ਰਾਂਟ ਪ੍ਰਾਪਤ ਹੁੰਦੀ ਹੈ।

ਰਿਜਰਵ ਬੈਂਕ ਆਫ਼ ਇੰਡੀਆ ਐਡੋਮੈਂਟ (Endowment) ਯੂਨਿਟ ਅਤੇ ਨੈਸ਼ਨਲ ਬੈਂਕ ਆਫ਼ ਐਗਰੀਕਲਚਰ ਐਂਡ ਰੂਲਰ ਡਿਵੈਲਪਮੈਂਟ (NABARD) ਨੂੰ ਇਹ ਸੰਸਥਾ ਹੋਸਟ (Hosts) ਕਰਦੀ ਹੈ। ਇੰਡੀਅਨ ਕੌਂਸਲ ਆਫ਼ ਸ਼ੋਸਲ ਸਾਇੰਸ ਰਿਸਰਚ ਇਸ ਗ੍ਰਾਂਟ ਨੂੰ ਖਰਚਣ ਲਈ ਹਦਾਇਤਾਂ ਤਿਆਰ ਕਰਦੀ ਹੈ। ਇਸ ਤੋਂ ਇਲਾਵਾ ਲਾਇਬਰੇਰੀ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਏਜੰਸੀਆਂ ਤੋਂ ਮਿਲੇ ਖੋਜ ਕਾਰਜਾਂ ਲਈ ਵਰਲਡ ਬੈਂਕ, ਫੋਰਡ ਫਾਊਂਡੇਸ਼ਨ WHO, CIDA, ODA ਆਦਿ ਵਿੱਤੀ ਸਹਾਇਤਾ ਦਿੰਦੇ ਹਨ।

**ਖੋਜ ਸਰਗਰਮੀਆਂ** :

IEG ਉਦਯੋਗਿਕ ਵਿਕਾਸ ਸਮਾਜਿਕ ਤਬਦੀਲੀ ਤੇ ਵਿਕਾਸ, ਜਨ ਸੰਖਿਆ ਅਧਿਐਨ, ਖੇਤੀ ਬਾੜੀ ਤੇ ਪੇਂਡੂ ਵਿਕਾਸ ਆਦਿ ਨਾਲ ਸੰਬੰਧਿਤ ਹੋਰ ਖੇਤਰਾਂ ਵਿਚ ਵਡੇਰੀਆਂ ਖੋਜ ਸਰਗਰਮੀਆਂ ਕਰਵਾਉਂਦੀ ਹੈ। 1997 ਤੋਂ 2002 ਤੱਕ ਦੀਆਂ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ :

(i) ਮਾਈਕਰੋ ਅਨੈਲਸਿਸ ਐਂਡ ਪਾਲਿਸੀ ਐਂਡ ਇਕਨੋਮਿਕ ਰਿਫ਼ੋਮ
(ii) ਉਦਯੋਗਿਕ ਵਿਕਾਸ
(iii) ਸਟੱਡੀਜ ਇਨ ਗਲੋਬਲਾਈਜੇਸ਼ਨ
(iv) ਐਗਰੀਕਲਚਰ ਐਂਡ ਰੂਲਰ ਡਿਵੈਲਪਮੈਂਟ
(v) ਨੈਚੂਰਲ ਰੀਸੋਰਸਿਜ਼ ਐਂਡ ਇਨਵਾਇਰਮੈਂਟ
(vi) ਪਾਪੂਲੇਸ਼ਨ ਐਂਡ ਹਿਊਮਨ ਰਿਸੋਰਸਿਚ ਡਿਵੈਲਪਮੈਂਟ
(vii) ਸੋਸ਼ਿਆਲੋਜੀ (ਵਿਸ਼ੇਸ਼ ਤੌਰ ਤੇ ਸਮਾਜਿਕ ਬਦਲਾਵ ਅਤੇ ਸਮਾਜਿਕ ਢਾਂਚਾ)
(viii) ਹੈਲਥ ਪਾਲਿਸੀ

ਆਈ.ਈ.ਜੀ, ਪੀ.ਐਚ.ਡੀ. ਦੇ ਪ੍ਰੋਗਰਾਮਾਂ ਤੇ ਜੋਰ ਦਿੰਦੀ ਹੈ। ਸੰਸਥਾ ਦੇ ਆਪਣੀ ਫੈਕਲਟੀ ਅਤੇ ਦਿੱਲੀ ਸਕੂਲ ਆਫ਼ ਇਕਨਾਮਿਕਸ ਦੇ ਸਹਿ ਨਿਗਰਾਨਾਂ ਦੀ ਨਿਗਰਾਨੀ ਅਧੀਨ IEG ਨੇ ਹੁਣ ਤੱਕ 53 Ph.D ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਹਨ। ਇਨਾਂ ਵਿਚੋਂ ਬਹੁਤੀਆਂ ਡਿਗਰੀਆਂ ਦਿੱਲੀ ਯੂਨੀਵਰਸਿਟੀ ਵਲੋਂ ਦਿਤੀਆਂ ਗਈਆਂ ਹਨ।

**ਸਹਿਯੋਗੀ ਖੋਜ ਤੇ ਸਬੰਧਤਾ** : ਆਪਣੇ ਮਿਥੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ IEG ਭਾਰਤੀ ਤੇ ਵਿਦੇਸ਼ੀ ਸੰਸਥਾਵਾਂ ਨਾਲ ਸਹਿਯੋਗ ਦਾ ਤਾਲਮੇਲ ਕਰਦੀ ਹੈ। ਸੰਸਥਾ ਨੇ ਇੰਡੀਅਨ ਕੌਂਸਲ ਆਫ਼ ਸ਼ੋਸ਼ਲ ਸਾਇੰਸ ਰਿਸਰਚ ਅਧੀਨ ਹੁਣੇ ਹੀ ਇੰਡੋ-ਡੱਚ ਪ੍ਰੋਗਰਾਮ ਤਹਿਤ ਹਿੱਸਾ ਲਿਆ। ''ਭਾਰਤ ਅਤੇ ਜਪਾਨ ਦਰਮਿਆਨ ਮੀਡੀਅਮ ਅਤੇ ਸਮਾਲ ਸਕੇਲ ਇੰਡਸਟਰੀਜ਼ ਦਾ ਤੁਲਨਾਤਮਕ ਅਧਿਐਨ'' ਖੋਜ ਪ੍ਰੋਜੈਕਟ ਹਿਤੋ ਸੁਭਾਸ਼ੀ ਯੂਨੀਵਰਸਿਟੀ ਟੋਕੀਓ ਦੇ ਸਹਿਯੋਗ ਨਾਲ ਸੰਪੂਰਨ ਹੋਇਆ। ਇਕ ਪ੍ਰੋਜੈਕਟ ਮਾਈਕਰੋ ਮਾਡਲਿੰਗ ਆਫ਼ ਇੰਡੀਅਨ ਇਕਾਨਮੀ ਤੇ IEG ਨੇ ਦਿੱਲੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੀਤਾ ਜਿਸ ਦੀ ਨਿਗਰਾਨੀ ਪ੍ਰੋਫੈਸਰ ਲਾਗ੍ਰਸ ਆਰ.ਕਲਿੰਨ ਪੈਨਸਲਿਵਾ ਯੂਨੀਵਰਸਿਟੀ ਯੂ.ਐਸ.ਏ. ਨੇ ਕੀਤੀ। ਵਿਦੇਸ਼ੀ ਏਜੰਸੀਆਂ ਤੇ ਭਾਰਤੀ ਸਰਕਾਰ ਵਲੋਂ ਕਈ ਪ੍ਰੋਜੈਕਟ ਪ੍ਰੇਰਿਤ ਕੀਤੇ ਜਾਂਦੇ ਹਨ। ਜਿਵੇਂ IOPAD, ਨੈਸ਼ਨਲ ਸਾਇੰਸ ਫਾਊਂਡੇਸ਼ਨ U.S.A. ESCAPOC (ਥਾਈਲੈਂਡ) ਵਰਲਡ ਨੈਸ਼ਨਲ ਰਿਸਰਚ ਇੰਸਟੀਚਿਊਟ, ਫੋਡ ਫਾਊਂਡੇਸ਼ਨ, ਇੰਸਟੀਚਿਊਟ ਆਫ਼ ਡਿਵੈਲਪਿੰਗ ਇਕਨਾਮਿਕਸ, ਟੋਕੀਓ ਸੈਂਟਰ ਫਾਰ ਇੰਸਟੀਚਿਊਟ ਸਟੱਡੀਜ਼ ਟਰਾਂਟੋ, UNDP, WWF ਤੇ World Bank ।

ਖੋਜ ਸਹਿਯੋਗ ਤੋਂ ਇਲਾਵਾ IEG ਭਾਰਤੀ ਤੇ ਵਿਦੇਸ਼ੀ ਵਿਦਵਾਨਾਂ ਤੇ ਵਿਦਿਆਰਥੀਆਂ ਨੂੰ ਲਾਇਬਰੇਰੀ ਤੇ ਹੋਰ ਸਹੂਲਤਾਂ ਵਰਤਣ ਲਈ ਸਬੰਧਤਾ ਪ੍ਰਦਾਨ ਕਰਦੀ ਹੈ। ਇੰਨਾਂ ਵਿੱਚ ਉਹ ਵਿਦਵਾਨ ਵੀ ਹਨ ਜਿੰਨਾਂ ਨੂੰ U.G.C. ਇੰਡੀਅਨ ਕੌਂਸਲ ਆਫ਼ ਕਲਚਰਲ ਰੀਲੇਸ਼ਨ, ਵਿਦਿਅਕ ਵਿਭਾਗ ਮਨਿਸਟਰੀ ਆਫ਼ ਹਿਊਮਨ ਰਿਸੋਰਸਿਸ ਭਾਰਤ ਸਰਕਾਰ ਸਰਪ੍ਰਸਤੀ ਦਿੰਦੀ ਹੈ।

**ਸਿਖਲਾਈ :**

1968 ਤੋਂ IEG ਜਦੋਂ ਤੋਂ ਇਸਦੀ ਉਤਪੱਤੀ ਕੀਤੀ ਗਈ ਹੈ ਉਦੋਂ ਤੋਂ ਹੀ ਵਿਸ਼ੇਸ਼ ਸਿਖਲਾਈ ਸਿੱਖਿਆ ਸੈਂਟਰ ਵਜੋਂ ਕੰਮ ਕਰ ਰਹੀ ਹੈ। ''ਆਰਥਿਕ ਵਿਸ਼ਲੇਸ਼ਣ ਦੀਆਂ ਤਕਨੀਕਾਂ ਅਤੇ ਪੋਲਿਸੀ ਅਨੈਲਸਿਸ ਐਂਡ ਪਲੈਨਿੰਗ ਬਾਰੇ 9 ਮਹੀਨਿਆਂ ਦੇ ਲੰਬੇ ਸਿਖਲਾਈ ਕੋਰਸ ਉਨ੍ਹਾਂ ਅਫ਼ਸਰਾਂ ਨੂੰ ਮੁਹਈਆ ਕਰਨੇ ਹਨ ਜੋ ਇੰਡੀਅਨ ਇਕਨਾਮਿਕਸ ਸਰਵਿਸ ਦੇ ਵਕਤੀ ਅਫ਼ਸਰ ਹਨ। IEG ਥੋੜ ਚਿਰੇ ਰਿਫਰੈਸ਼ਰ ਤੇ ਓਰੀਐਂਟੇਸ਼ਨ ਕੋਰਸ ਸਰਕਾਰੀ ਤੇ ਦੂਸਰੀਆਂ ਸੰਸਥਾਵਾਂ ਦੇ ਕਹਿਣ ਤੇ ਕਰਵਾਉਂਦੀ ਹੈ। ਇਹ ਕੋਰਸ ਆਮ ਤੌਰ ਤੇ ਇੰਡਸਟਰੀਅਲ ਪਾਲਿਸੀ ਜਾਂ ਐਗਰੀਕਲਚਰ ਪ੍ਰੋਜੈਕਟ ਅਨੈਲਸਿਸ ਦੇ ਵਿਸ਼ਿਆਂ ਤੇ ਕਰਵਾਏ ਜਾਂਦੇ ਹਨ। ਇੰਨ੍ਹਾਂ ਸਾਲਾਂ ਦੌਰਾਨ ਨੈਸ਼ਨਲ ਬੈਂਕ ਆਫ਼ ਐਗਰੀਕਲਚਰ ਤੇ ਰੂਰਲ ਡਿਵੈਲਪਮੈਂਟ ਦੇ ਵੱਡੇ ਅਫ਼ਸਰ, ਇੰਡੀਅਨ

ਆਡਿਟ ਤੇ ਅਕਾਊਂਟ ਸਰਵਿਸ ਦੇ ਵਕਤੀ ਅਫ਼ਸਰ ਦੇਸ਼ ਦੀਆਂ ਵੱਖ ਵੱਖ ਯੂਨੀਵਰਸਿਟੀਆਂ, ਇਨਵਾਇਰਮੈਂਟਲ ਇਕਨਾਮਿਕਸ ਦੇ ਅਧਿਆਪਕਾਂ ਆਦਿ ਨੇ ਇੰਨ੍ਹਾਂ ਕੋਰਸਾਂ ਵਿਚ ਹਿੱਸਾ ਲਿਆ।

**ਸੈਮੀਨਾਰ ਤੇ ਵਰਕਸ਼ਾਪ :**

IEG ਦੇ ਪ੍ਰਮੁੱਖ ਕਾਰਜਾਂ ਵਿਚੋ ਸੈਮੀਨਾਰ ਤੇ ਵਰਕਸ਼ਾਪ ਦਾ ਆਯੋਜਨ ਕਰਨਾ ਇਕ ਹੋਰ ਕਾਰਜ ਹੈ। ਜਿਸ ਦੇ ਅੰਤਰਗਤ ਖੋਜਾਰਥੀ ਦੀ ਖੋਜ ਦੇ ਸਿੱਟਿਆਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਕਦੇ ਕਦੇ ਸੰਸਥਾ ਵਿਕਾਸ ਅਤੇ ਯੋਜਨਾ ਸਬੰਧੀ ਮਹੱਤਵਪੂਰਨ ਸਮਕਾਲੀਨ ਸਮੱਸਿਆਵਾਂ ਉਪਰ ਸੈਮੀਨਾਰ ਕਰਵਾਉਂਦੀ ਹੈ। ਜਿਸ ਵਿਚ ਸਰਕਾਰੀ ਏਜੰਸੀਆਂ, ਯੂਨੀਵਰਸਿਟੀਆਂ ਖੋਜ ਸੰਸਥਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। IEG ਦੇ ਪਹਿਲੇ ਚੇਅਰਮੈਨ ਸ੍ਰੀ ਵੀ.ਟੀ. ਕ੍ਰਿਸਨਾਵਾਚਨ, ਡਾ. ਧਰਮ ਨਾਰਾਇਨ (ਪ੍ਰਥਮ ਫੈਕਲਟੀ ਮੈਂਬਰ ਸੰਯੁਕਤ ਦਿਲੀ ਸਕੂਲ ਆਫ਼ ਇਕਨਾਮਿਕਸ ਤੇ ਇੰਡੀਅਨ ਸਟੈਟੀਕਲ ਇੰਸਟੀਚਿਊਟ ਦੀ ਯਾਦ ਵਿਚ ਹਰ ਸਾਲ 3 ਯਾਦਗਾਰੀ ਭਾਸ਼ਣ ਕਰਵਾਏ ਜਾਂਦੇ ਹਨ।

**ਸਿੱਖਿਆ ਸੇਵਾ (Advisory Services)**:

ਵਿੱਦਿਅਕ ਸੰਸਥਾਵਾਂ, ਸਰਕਾਰੀ ਅਦਾਰਿਆਂ, ਸਵੈ ਹੋਂਦ ਜਨਤਕ ਸੰਸਥਾਵਾਂ ਨੂੰ ਸਿੱਖਿਆ ਦੇਣ ਲਈ ਇਸ ਸੰਸਥਾ ਵਿਚ ਬੁਲਾਇਆ ਜਾਂਦਾ ਹੈ। ਬਹੁਤ ਸਾਰੇ ਮੈਂਬਰ ਕਿੱਤਾਕਾਰੀ ਜਰਨਲ ਦੇ ਸੇਵਾਦਾਰੀ ਮੰਡਲ ਦੇ ਮੈਂਬਰਾਂ ਵਜੋਂ, ਚੋਣ, ਮਾਹਿਰ ਕਮੇਟੀ ਕਮਿਸ਼ਨ, ਕੰਮਕਾਜੀ ਗੁੱਟ, ਤੇ ਟਾਸਕ ਫੋਰਸ ਵਜੋਂ ਸੇਵਾ ਨਿਭਾਉਂਦੇ ਹਨ।

**ਕੰਪਿਊਟਰ ਵਿਭਾਗ** :

IEG ਕੋਲ ਖੋਜ ਤੇ ਸਿੱਖਿਆ ਲਈ ਵਧੀਆ ਕੰਪਿਊਟਰ ਵਿਭਾਗ ਹੈ। ਜਿਸ ਵਿਚ ਹਾਰਡਵੇਅਰ ਤੇ ਸਾਫ਼ਟਵੇਅਰ ਦੋਵੇ ਸੁਵਿਧਾਵਾਂ ਪ੍ਰਾਪਤ ਹਨ। ਲੇਖਾ ਜੋਖਾ ਵਿਭਾਗ ਤੇ ਲਾਇਬ੍ਰੇਰੀ ਅਮਲਾ ਇਸ ਸੇਵਾ ਤੋਂ ਲਾਭ ਲੈਂਦਾ ਹੈ। 800 ਸਰਵਰ ਵਾਲਾ Compaq Prudent ਹੈ ਜਿਸ ਦੀਆਂ 85 Nodes ਹਨ ਜਿਸ ਰਾਂਹੀ LAN ਦੀ ਸਹੂਲਤ ਦਿੱਤੀ ਗਈ ਹੈ ਅਤੇ ਕਿਸੇ ਵੀ Nodes ਤੋਂ ਈ-ਮੇਲ ਦੀ ਸਹੂਲਤ ਲਈ ਜਾ ਸਕਦੀ ਹੈ। ਇੰਟਰਨੈਟ ਦੀ ਉਚਿਤ ਵਰਤੋ ਲਈ ਹੁਣੇ ਹੀ ਸੰਸਥਾ ਨੇ ISDN ਦੀ ਸਹੂਲਤ ਪ੍ਰਾਪਤ ਕੀਤੀ ਹੈ। (ਇੰਟਗਰੇਟਿਡ ਸਰਵਿਸ ਡਿਜੀਟਲ ਨੈਟਵਰਕ) ਵਰਲਡ ਪ੍ਰੋਸੈਸਿੰਗ ਅਤੇ ਛਪਾਈ ਸਹੂਲਤ ਨਾਲ ਕੰਮਕਾਜੀ ਪੇਪਰ, ਰਿਪੋਰਟ, ਪੁਸਤਕਾਂ ਦੇ ਖਰੜੇ, ਬਰੋਸ਼ਰ ਤੇ ਕਈ ਤਰ੍ਹਾਂ ਦੇ ਪ੍ਰਲੇਖ ਤਿਆਰ ਕੀਤੇ ਜਾ ਸਕਦੇ ਹਨ। IEG ਦਾ ਕੰਪਿਊਟਰ ਯੂਨਿਟ ਨੈਸ਼ਨਲ ਨੈਟਵਰਕ ਨਾਲ ਜੋੜਿਆ ਹੈ ਤਾਂ ਜੋ ਨਿਕ (NIC) ਤੇ ਆਧਾਰਿਤ ਕੰਪਿਊਟਰ Database ਤੱਕ ਪਹੁੰਚ ਹੋ ਸਕੇ।

**ਕੈਂਪਸ ਤੇ ਰਿਹਾਇਸ਼ੀ ਸਹੂਲਤਾਂ** :

ਦਿੱਲੀ ਯੂਨੀਵਰਸਿਟੀ ਦੇ ਇਨਕਲੇਵ ਮਲਿਕਾ ਗੰਜ ਰੋਡ ਦੇ ਨਾਲ ਸਾਢੇ ਸੱਤ ਏਕੜ ਜਮੀਨ ਦੇ ਵਿਚ IEG ਸਥਿਤ ਹੈ। ਇਥੇ ਲਾਇਬ੍ਰੇਰੀ ਦੀ ਮੁੱਖ ਇਮਾਰਤ, ਹੋਸਟਲ, ਗੈਸਟ ਹਾਊਸ ਤੇ ਰਿਹਾਇਸ਼ੀ ਘਰ ਬਣੇ ਹੋਏ ਹਨ। ਸਿੰਗਲ ਬੈਡ ਵਾਲੇ 30 ਕਮਰਿਆਂ ਦਾ ਹੋਸਟਲ ਹੈ। ਇਹ ਸੁਵਿਧਾਵਾਂ ਮੁੱਖ ਤੌਰ ਤੇ ਇੰਡੀਅਨ ਇਕਨਾਮਿਕਸ ਸਰਵਿਸ ਦੇ ਸਿਖਿਆਰਥੀਆਂ ਵਾਸਤੇ ਹਨ। ਕੈਂਪਸ ਵਿਚ ਸਹਾਇਕ ਅਮਲੇ ਨੂੰ ਤੇ ਵਿਭਾਗੀ ਸਟਾਫ਼ ਨੂੰ ਰਿਹਾਇਸ਼ੀ ਸਹੂਲਤ ਦਿੱਤੀ ਗਈ ਹੈ। ਰਿਹਾਇਸ਼ ਦੇ ਅੱਗੇ ਫੁਲਾਂ ਦੀਆਂ ਕਿਆਰੀਆਂ, ਬਾਗ ਬਗੀਚੇ, ਬੱਚਿਆਂ ਦੇ ਖੇਡਣ ਲਈ ਤੇ ਮਨੋਰੰਜਨ ਲਈ ਟੈਨਿਸ ਤੇ ਬੈਡਮਿਨਟਨ ਗਰਾਊਂਡ ਹਨ।

**ਪ੍ਰਕਾਸ਼ਨਾਵਾਂ** :- IEG ਦੇ ਖੋਜ ਨਤੀਜਿਆਂ ਦਾ ਵਿਵਰਣ ਪੁਸਤਕਾਂ, ਮੋਨੋਗ੍ਰਾਫ਼ ਕਿੱਤਾ ਵਿਸ਼ੇਸ਼ ਜਰਨਲਾਂ ਵਿਚ ਛਪਵਾ ਕੇ ਕੀਤਾ ਜਾਂਦਾ ਹੈ। ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਸੰਸਥਾ ਖੋਜ ਸਿੱਟਿਆਂ ਨੂੰ Working Paper ਲੜੀ, ਤੇ Discussion paper ਲੜੀ ਦੁਆਰਾ ਵੰਡਦੀ ਹੈ। IEG ਇੰਡੀਅਨ ਸ਼ੋਸ਼ਲੋਜੀ ਵਰਗੇ ਨਾਮਵਰ, ਤ੍ਰੈਸਾਲੀ ਜਰਨਲ ਦੀ ਦੇਣ ਦਿੱਤੀ ਹੈ। ਸੰਸਥਾ ਦੀਆਂ ਪ੍ਰਕਾਸ਼ਨਾਵਾਂ ਦੇਸ਼ ਵਿਦੇਸ਼ ਦੀਆਂ 60 ਖੋਜ ਸੰਸਥਾਵਾਂ ਨਾਲ ਵਟਾਈਆਂ ਜਾਂਦੀਆਂ ਹਨ। ਸੰਸਥਾ ਨੇ ਹੁਣ ਤੱਕ 138 ਪੁਸਤਕਾਂ ਤੇ ਮੋਨੋਗ੍ਰਾਫ਼ ਲਿਖਵਾਏ।

**ਪੁਸਤਕ ਸੰਗ੍ਰਹਿ (Library and its collection)**:- ਸੰਸਥਾ ਦੀ ਲਾਇਬ੍ਰੇਰੀ ਕੋਲ ਸਮਾਜ ਵਿਗਿਆਨ ਦੇ ਵਿਕਾਸ ਤੇ ਯੋਜਨਾ ਸਬੰਧੀ ਵਿਸ਼ੇਸ਼ ਸੰਗ੍ਰਹਿ ਹੈ। ਇਹ ਸੰਸਥਾ ਖੋਜੀਆਂ ਤੇ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦੀਆਂ ਲੋੜਾਂ ਵਾਸਤੇ ਬਣਾਈ ਗਈ ਹੈ। ਨਿਤ ਕਰਮ ਤੇ ਵਪਾਰਕ ਪ੍ਰਕਾਸ਼ਨਾਂ ਦੇ ਸੰਗ੍ਰਹਿ ਤੋਂ ਇਲਾਵਾ ਲਾਇਬ੍ਰੇਰੀ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਖੋਜ ਪਬਲੀਕੇਸ਼ਨਾਂ, ਮਾਈਕਰੋ ਪਰਲੇਖ, ਸੀਰੀਅਲ ਤੇ ਦਫ਼ਤਰੀ ਪ੍ਰਕਾਸ਼ਨਾਵਾਂ ਜੋ

ਖੋਜ ਸੰਸਥਾਵਾਂ ਸਹਿਯੋਗੀ ਸੰਗਠਨ, ਅੰਤਰਰਾਸ਼ਟਰੀ ਸੰਸਥਾਵਾਂ, ਯੂਨੀਵਰਸਿਟੀਆਂ, ਰਾਜਸੀ ਵਿਭਾਗ ਕਰਵਾਉਂਦੇ ਹਨ ਦੀਆਂ ਰਚਨਾਵਾਂ ਦਾ ਸੰਗ੍ਰਹਿ ਕਰੇ। ਇਸ ਸਮੇਂ ਤੱਕ ਲਾਇਬ੍ਰੇਰੀ ਵਿਚ ਇਕ ਲੱਖ 31 ਹਜ਼ਾਰ ਪ੍ਰਲੇਖਨ ਜਿਸ ਵਿਚ ਪੁਸਤਕਾਂ, ਮੋਨੋਗ੍ਰਾਫ਼, ਵਰਕਸ਼ਾਪ ਪੇਪਰਜ਼, ਕਾਨਫਰੰਸਾਂ ਦੀਆਂ ਕਾਰਜਕਾਰੀਆਂ, ਆਰਥਿਕ ਵਿਕਾਸ, ਊਰਜਾ, ਵਾਤਾਵਰਨ, ਵਿੱਤ, ਇਕੋਮੈਟਰਿਕ, ਗਣਿਤ, ਖੇਤੀਬਾੜੀ, ਸਿਹਤ, ਸਮਾਜ ਵਿਗਿਆਨ ਆਦਿ ਤੇ ਪ੍ਰਕਾਸ਼ਨਾਵਾਂ ਸ਼ਾਮਿਲ ਹਨ। ਤਕਰੀਬਨ ਇਤਨੀ ਕੁ ਹੀ ਗਿਣਤੀ ਮਾਈਕਰੋ ਪ੍ਰਲੇਖਾਂ ਦੀ ਹੈ ਜਿਸ ਵਿਚ ਸੰਸਥਾਗਤ ਰਿਸਰਚ ਰਿਪੋਰਟਾਂ, ਵਾਦ-ਵਿਵਾਦ, ਵਰਕਿੰਗ ਪੇਪਰਜ ਸ਼ਾਮਿਲ ਹਨ। ਸਰਕਾਰਾਂ ਦੀਆਂ ਸਲਾਨਾ ਰਿਪੋਰਟਾਂ ਵੀ ਇਸਦਾ ਹਿੱਸਾ ਹਨ। 2000 ਜਰਨਲਜ, 20,000 ਬੈਕ ਵੋਲੀਅਮ ਇਸ ਲਾਇਬ੍ਰੇਰੀ ਦੇ ਵਿੱਚ ਹਨ। 104 ਜਰਨਲਜ਼ ਦਾ ਚੰਦਾ ਭੇਜਿਆ ਜਾਂਦਾ ਹੈ। ਜਰਨਲਜ਼ ਆਪਸੀ ਵਟਾਂਦਰੇ ਦੇ ਤਹਿਤ ਤੇ 123 ਜਰਨਲਜ਼ Gratis ਤੋ ਪ੍ਰਾਪਤ ਹੁੰਦੇ ਹਨ। ਲਾਇਬ੍ਰੇਰੀ ਸੰਸਥਾ ਦੇ ਖੋਜ ਨਤੀਜੇ Contribution to Indian Sociology ਸਮੇਤ ਵਟਾਉਂਦੀ ਹੈ। ਇਥੇ 278 ਜਰਨਲਜ਼ ਸਲਾਨਾ ਪ੍ਰਾਪਤ ਹੁੰਦੇ ਹਨ। ਸੀਰੀਅਲ ਟਾਇਟਲ 3000 ਹਨ। ਸਰਕਾਰੀ ਪ੍ਰਕਾਸ਼ਨਾਵਾਂ, ਸਾਲਾਨਾ ਰਿਪੋਰਟਾਂ, ਖੋਜ ਰਿਪੋਰਟਾਂ 1872 ਤੋਂ ਅਗਲੇ ਅੰਕੜੇ ਰਿਪੋਰਟ ਅਤੇ JSTOR ਜਿਸ ਨਾਲ 200 C.D.ਰੋਮ ਤੇ 8 C.D. ਡਰਾਈਵਜ਼ ਹਨ ਪੁਸਤਕਾਲੇ ਵਿਚ ਮੌਜੂਦ ਹਨ।

**ਸੇਵਾਵਾਂ** : IEG ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ।

(i) ਇੰਟਰਨੈਟ ਈਮੇਲ, ਸੀ.ਡੀ. ਰੋਮ, ਡਾਟਾਬੇਸ
(ii) ਸੀਲੈਕਟਿਵ ਡਿਸਸੈਮੀਨੇਸ਼ਨ ਆਫ਼ ਇਨਫਾਰਮੇਸ਼ਨ (CDI) ;
(iii) ਕਰੰਟ ਅਵੇਅਰਨੈਸ ਸਰਵਿਸ (CAS) ;
(iv) ਬਿਬਲਿਓਗ੍ਰਾਫ਼ਿਕ ਐਂਡ ਡੋਕੂਮੈਂਟ ਸਰਵਿਸ ;
(v) ਇਨਡੈਸਿੰਗ ਆਫ਼ ਪ੍ਰੀਓਡੀਕਲ ਲਿਟਰੇਚਰ ;
(vi) ਇੰਟਰ ਲਾਇਬ੍ਰੇਰੀ ਲੋਨ ;
(vii) ਨੈਟਵਰਕਿੰਗ ਸਿਸਟਮ ਰੈਫਰੈਂਸ ਸਰਵਿਸ ; ਅਤੇ
(viii) ਸਰਕੂਲੇਸ਼ਨ ਸਰਵਿਸ ਤੇ ਰੈਪਰੋਗ੍ਰਾਫ਼ਿਕ ਸਰਵਿਸ

## 10.7 ਨਹਿਰੂ ਮੈਮੋਰੀਅਲ ਮੀਊਜੀਅਮ ਐਂਡ ਲਾਇਬ੍ਰੇਰੀ (Nehru Memorial Museum and Library)

### ਨੀਂਹ ਪੱਥਰ

ਪੰਡਤ ਜਵਾਹਰ ਲਾਲ ਨਹਿਰੂ ਦੀ ਮੌਤ ਤੋ ਬਾਅਦ ਭਾਰਤ ਸਰਕਾਰ ਨੇ ਯਾਦਗਾਰੀ ਚਿੰਨ ਵਜੋਂ ਨਹਿਰੂ ਮੈਮੋਰੀਅਲ ਮਿਊਜੀਅਮ ਲਾਇਬ੍ਰੇਰੀ ਦੀ ਸਥਾਪਨਾ ਕੀਤੀ। ਪੂਰਵ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ 14 ਨਵੰਬਰ 1964 ਨੂੰ ਇਸ ਦਾ ਨੀਂਹ ਪੱਥਰ ਰੱਖਿਆ। National Museum ਦੇ ਵਿੰਗ ਵਜੋਂ ਪਹਿਲਾਂ 3 ਸਤੰਬਰ 1965 ਨੂੰ ਇਸਦਾ ਨਿਰਮਾਣ ਹੋਇਆ ਫਿਰ 1 ਅਪ੍ਰੈਲ 1966 ਤੋਂ ਇਹ ਸੁਤੰਤਰ ਤੌਰ ਤੇ ਕੰਮਕਾਜ ਕਰਨ ਲੱਗ ਪਈ। ਇਹ ਲਾਇਬ੍ਰੇਰੀ ਤੀਨ ਮੂਰਤੀ ਹਾਊਸ ਨਵੀਂ ਦਿੱਲੀ ਵਿਖੇ ਸਥਿਤ ਹੈ। ਸਮਾਜ ਵਿਗਿਆਨ ਤੇ ਨਿਰੀਖਣ ਕਰਨ ਲਈ ਇਹ ਲਾਇਬ੍ਰੇਰੀ ਬਣੀ ਹੈ। ਇਸ ਦੇ ਸੰਗ੍ਰਹਿ ਵਿਚ ਰਾਜਨੀਤੀ, ਸਮਾਜ, ਅਰਥ, ਧਾਰਮਿਕ ਤੇ ਸਾਹਿਤਕ ਇਤਿਹਾਸ ਰਾਜ ਰਾਮ ਮੋਹਨ ਰਾਇ ਤੋਂ ਭਾਰਤ ਦੇ ਰਾਸ਼ਟਰੀ ਅੰਦੋਲਨ ਤੇ ਨਹਿਰੂ ਦੇ ਸਮੇਂ ਤੱਕ ਦਾ ਜੋ ਇਤਿਹਾਸ ਹੈ ਉਸਦੀਆਂ ਪ੍ਰਕਾਸ਼ਨਾਵਾਂ ਇਸ ਵਿਚ ਸ਼ਾਮਿਲ ਹਨ। ਇਹ ਲਾਇਬ੍ਰੇਰੀ ਆਪਣੇ ਅਮੀਰ ਸੋਮਿਆਂ ਰਾਹੀਂ ਆਪਣੇ ਉਪਭੋਗਤਾ ਨੂੰ ਖੋਜ ਦੇ ਖੇਤਰ ਵਿਚ ਸੇਵਾਵਾਂ ਪ੍ਰਦਾਨ ਕਰਨ ਦੀ ਵਿਸ਼ੇਸ਼ਤਾ ਰੱਖਦੀ ਹੈ।

**ਉਦੇਸ਼** : ਅਜਿਹਾ ਕਿ ਸੰਸਥਾ ਦੇ ਮੈਮੋਰੰਡਮ ਵਿਚ ਅੰਕਿਤ ਹੈ, ''ਵਿਦਵਤਾ ਦੇ ਮਿਆਰ ਦੀ ਮਰਿਆਦਾ ਨੂੰ ਸੁਧਾਰਨ ਲਈ ਤੱਤਪਰ ਰਹਿਣਾ'' ਇਸ ਦਾ ਉਦੇਸ਼ ਹੈ।

(i) ਖੋਜ ਪ੍ਰੋਗਰਾਮਾਂ ਤੇ ਖੋਜ ਸਹੂਲਤਾਂ ਨੂੰ ਉਤਸ਼ਾਹਿਤ ਕਰਨਾ ;
(ii) ਆਧੁਨਿਕ ਭਾਰਤ ਉਤੇ ਲਾਇਬ੍ਰੇਰੀ ਸਥਾਪਿਤ ਕਰਨਾ ; ਅਤੇ
(iii) ਨਹਿਰੂ ਦਾ ਭਾਰਤ ਦੇ ਵਿਸ਼ੇਸ਼ ਸੰਦਰਭ ਵਿਚ ਆਧੁਨਿਕ ਭਾਰਤ ਦੇ ਇਤਹਾਸ ਤੇ ਖੋਜ ਨੂੰ ਉਤਸ਼ਾਹਿਤ ਕਰਨਾ।

**ਲਾਇਬ੍ਰੇਰੀ ਸੰਗ੍ਰਹਿ :**

ਇਸ ਲਾਇਬ੍ਰੇਰੀ ਵਿਚ ਪੰਡਤ ਨਹਿਰੂ ਤੇ ਨਵੀਆਂ ਰਚਨਾਵਾਂ ਦਾ ਭੰਡਾਰ ਹੈ। ਅਖਬਾਰਾਂ ਦੀਆਂ ਮਾਈਕਰੋ ਫਿਲਮ, ਮਾਈਕਰੋ ਫਿੱਸ਼, ਸ਼ੋਧ ਨਿਬੰਧ, ਪ੍ਰਾਈਵੇਟ ਪੇਪਰ, ਸੰਸਥਾਗਤ ਪੇਪਰ ਤੇ ਦੁਰਲੱਭ ਪ੍ਰਕਾਸ਼ਨਾਵਾਂ ਸ਼ਾਮਿਲ ਹਨ। ਰੀਡਿੰਗ ਰੂਮ ਦੀ ਪਹਿਲੀ ਮੰਜਿਲ ਤੇ ਮਾਇਕਰੋਫਿਲਮ ਸ਼ੈਕਸ਼ਨ ਹੈ ਜਿਥੇ ਰੈਪਰੋਗ੍ਰਾਫਿਕ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ।

**ਮਿਊਜ਼ੀਅਮ** :

ਮਿਊਜੀਅਮ ਦੇ ਬਦਲਦੇ ਅਰਥਾਂ ਵਿਚ ਇਹ ਉਹ ਸਥਾਨ ਹੈ ਜਿਥੇ ਦੁਰਲਭ ਚੀਜਾਂ ਬਹੁਤ ਹੀ ਸੁਹਜ ਅਤੇ ਬੁੱਧੀਮਤਾ ਨਾਲ, ਦ੍ਰਿਸ਼ਟਾਈਆਂ ਗਈਆਂ ਹੋਣ ਤਾਂ ਜੋ ਵਿਦਵਾਨ ਵਿਦਿਆਰਥੀਆਂ ਵਿਚ ਸਹੁਜਾਤਮਕਤਾ ਤੇ ਇਤਿਹਾਸਿਕ ਰੁੱਚੀ ਪੈਦਾ ਕੀਤਾ ਜਾ ਸਕੇ। ਮਿਊਜੀਅਮ ਵਲੋਂ ਵਿਸ਼ੇਸ਼ ਸਿੱਖਿਆ ਸੁਵਿਧਾ ਦਿੱਤੀ ਗਈ ਹੈ। ਇਸ ਵਿਚ ਪੰਡਿਤ ਨਹਿਰੂ ਦੀਆਂ ਯਾਤਰਾਵਾਂ ਦੌਰਾਨ ਅਤੇ 1947 ਦੇ ਅੱਧ-ਰਾਤਰੀ ਸ਼ੈਸ਼ਨਾਂ ਦੇ ਦੌਰਾਨ ਦਿਤੇ ਭਾਸ਼ਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਈਆਂ ਚੀਜਾਂ, ਯਾਦਗਾਰੀ ਚਿੰਨ, ਅਮੁੱਲ ਸੋਗਾਤਾਂ ਅਤੇ ਖਰੜਿਆਂ ਦੀਆਂ Photos ਸ਼ਾਮਿਲ ਹਨ। ਇਥੇ ਜਵਾਹਰ ਲਾਲ ਨਹਿਰੂ ਜਯੋਤੀ ਰਾਤ ਦਿਨ ਜਗਦੀ ਰਹਿੰਦੀ ਹੈ। ਸੰਖੇਪ ਵਿਚ ਇਹ Museum ਪੰਡਿਤ ਜਵਾਹਰ ਲਾਲ ਨਹਿਰੂ ਦਾ ਚਿਤਰਮਈ ਚਿੱਤਰਨ ਹੈ।

**ਲਾਇਬ੍ਰੇਰੀ ਦੀ ਸਥਿਤੀ** :

1974 ਤੱਕ ਤੀਨ ਮੂਰਤੀ ਦੇ ਪੱਛਮੀ ਵਿੰਗ ਵਿਖੇ ਲਾਇਬ੍ਰੇਰੀ ਸਥਿਤ ਸੀ ਪਰ ਹੁਣ ਇਹ ਨਵੀਂ ਇਮਾਰਤ ਵਿਚ ਆ ਗਈ ਹੈ। ਮੂਲ ਰੂਪ ਵਿਚ ਇਹ ਹਵਾਲਾ ਲਾਇਬ੍ਰੇਰੀ ਹੈ। ਇਸ ਵਿਚ ਲਗਪਗ 118862 ਪੁਸਤਕਾਂ, ਪੈਂਫਲੈਟ ਤੇ ਜਿਲਦਸਾਜੀ ਕੀਤੇ ਗਏ ਪ੍ਰੀਓਡੀਕਲਜ ਹਨ। ਲਾਇਬ੍ਰੇਰੀ ਵਿੱਚ ਭਾਰਤੀ ਜੀਵਨੀਆਂ, ਭਾਰਤ ਦੀ ਸੁਤੰਤਰਤਾ ਲਹਿਰ, ਪੇਂਡੂ ਅਧਿਐਨ, ਔਰਤ ਅਧਿਐਨ ਆਦਿ ਵਿਸ਼ਿਆਂ ਦੀਆਂ ਪੁਸਤਕਾਂ ਹਨ। ਆਧੁਨਿਕ ਭਾਰਤ ਤੇ 825 ਸ਼ੋਧ ਨਿਬੰਧ ਹਨ, 639 ਜਰਨਲਜ਼ ਤੇ 16 ਅਖਬਾਰਾਂ ਇਹ ਲਾਇਬ੍ਰੇਰੀ ਪ੍ਰਾਪਤ ਕਰਦੀ ਹੈ।

**ਪ੍ਰੀਕ੍ਰਿਆਵਾਂ (Activities)** :

ਖਰੜਾ ਵਿਭਾਗ ਇਹ ਵਿਭਾਗ ਮਹਾਨ ਸ਼ਖਸ਼ੀਅਤਾਂ ਤੇ ਰਾਜਨੀਤਿਕ ਸੰਸਥਾਵਾਂ ਦੇ ਨਿੱਜੀ ਪੇਪਰਾਂ ਨੂੰ ਸੰਭਾਲਦਾ ਹੈ ਜਿਵੇਂ ਵਿਨੋਭਾ ਭਾਵੇ ਤੇ ਰਜਿੰਦਰ ਪ੍ਰਸ਼ਾਦ ਦੇ ਪੇਪਰ। ਇਹ ਪੇਪਰ ਹਿੰਦੀ ਅੰਗ੍ਰੇਜੀ ਤੇ ਇਲਾਕਾਈ ਭਾਸ਼ਾਵਾਂ ਵਿਚ ਹੁੰਦੇ ਹਨ। ਪੇਪਰਾਂ ਨੂੰ ਤਰਤੀਬ ਬੱਧ ਕੀਤਾ ਗਿਆ ਹੁੰਦਾ ਹੈ ਅਤੇ ਵਿਦਵਾਨਾਂ ਨੂੰ ਖਰੜਾ ਵਿਭਾਗ ਵਿਚ ਵੇਖਣ ਲਈ ਉਪਲਬੱਧ ਕਰਵਾਏ ਜਾਂਦੇ ਹਨ।

**ਮੌਖਿਕ ਇਤਿਹਾਸ ਵਿਭਾਗ** :

ਇਹ ਵਿਭਾਗ ਸਮਾਜਿਕ, ਰਾਜਨੀਤਿਕ ਇਤਿਹਾਸ ਦੇ ਵਿਕਾਸ ਸਬੰਧੀ ਪ੍ਰਲੇਖਣ ਉਪਜਾਉਂਦਾ ਹੈ। ਉਨ੍ਹਾਂ ਵਿਅਕਤੀਆਂ ਦੇ ਜਿੰਨਾਂ ਨੇ ਲੋਕ ਸੰਪਰਕ ਵਿਚ ਅਤੇ ਸੁਤੰਤਰਤਾ ਅੰਦੋਲਨ ਸਬੰਧੀ ਖਾਸ ਯੋਗਦਾਨ ਦਿੱਤਾ ਹੈ ਦੇ ਇੰਟਰਵਿਊਆਂ ਰਾਂਹੀ ਸਮਗਰੀ ਇੱਕਤਰ ਕਰਦਾ ਹੈ।

**ਰੈਪਰੋਗ੍ਰਾਫੀ ਵਿਭਾਗ** :

ਨਿਜੀ ਪੇਪਰਾਂ ਅਤੇ ਅਖਬਾਰਾਂ ਦੀ ਮਾਈਕਰੋ ਫ਼ਿਲਮ ਦਾ ਕੰਮ ਜੋਰਾਂ ਤੇ ਰਹਿੰਦਾ ਹੈ। ਇਹ ਵਿਭਾਗ ਅੰਦਾਜਨ 2,90,008 ਪ੍ਰਕਾਰ ਦੇ 35 mm ਅਖਬਾਰਾਂ ਦੇ ਮਾਈਕਰੋ ਫਿਲਮ ਨੈਗਟਿਵ ਤਿਆਰ ਕਰਦੀ ਹੈ। ਪੁਰਾਤਨ ਰਿਕਾਰਡ ਦੀ ਮਾਈਕਰੋ ਫਿਸ਼ ਵਿਭਾਗ ਨੇ ਬਣਾਈ ਹੈ। ਫੋਟੋਗ੍ਰਾਫੀ ਦੀ ਸਹੂਲਤ ਵਿਭਾਗ ਪ੍ਰਦਾਨ ਕਰਦਾ ਹੈ। ਮਾਈਕਰੋਫਿਲਮ ਤੇ ਮਾਈਕਰੋ ਫਿਸ਼ਾਂ ਤੇ ਰੋਲਾਂ ਦਾ ਨਿਰੀਖਣ ਕਰਦਾ ਹੈ। ਫੋਟੋ ਵਿਭਾਗ ਵੱਖ ਵੱਖ ਅਕਾਰਾਂ ਵਿਚ ਫੋਟੋਆਂ ਇਸ ਲਈ ਤਿਆਰ ਕਰਦਾ ਹੈ ਤਾਂ ਜੋ ਵੱਖ ਵੱਖ ਸੰਸਥਾਵਾਂ ਤੇ ਵਿਅਕਤੀਆਂ ਵਾਸਤੇ ਰਿਕਾਰਡ ਵੀ ਰੱਖਿਆ ਜਾਵੇ ਉਨ੍ਹਾਂ ਦੀ ਵੰਡ ਵੀ ਹੋ ਸਕੇ। ਇਸ ਵਿਭਾਗ ਕੋਲ RICQLT 4730 ਸੈਮੀਓਟੋਮੈਟਿਕ ਮਸ਼ੀਨ ਹੈ ਜੋ ਸਾਫ਼ ਪੇਪਰ ਤੇ ਕਾਪੀ ਕਰ ਦਿੰਦਾ ਹੈ ਅਤੇ ਇਥੋ ਤੱਕ ਜਿਲਦ ਵਾਲੀਆਂ ਪ੍ਰਕਾਸ਼ਨਾਵਾਂ ਤੇ ਪੁਰਾਤਤਵ ਸਹਿਤ ਦੀਆਂ ਕਾਪੀਆਂ ਵੀ ਕਰ ਦਿੰਦਾ ਹੈ।

**ਸਾਂਭ-ਸੰਭਾਲ ਵਿਭਾਗ (Preservation Unit)**:

ਇਹ ਵਿਭਾਗ ਪੁਸਤਕਾਂ ਤੇ ਲੱਗਦੇ ਦਾਗ, ਸਫ਼ਾਈ ਅਤੇ ਸੰਭਾਲ ਲਈ ਸਹਾਇਤਾ ਦਿੰਦਾ ਹੈ। ਸੈਮੀਨਾਰ ਲਿਸਟਾਂ ਦੁਰਲੱਭ ਪੇਪਰ, ਮੌਖਿਕ ਇਤਿਹਾਸ ਵਿਭਾਗ, ਖਰੜਾ ਵਿਭਾਗ ਖੋਜ ਤੇ ਛਪਾਈ ਦੀ ਸਾਂਭ ਸੰਭਾਲ ਦਾ ਕੰਮ ਇਹ ਵਿਭਾਗ ਕਰਦਾ ਹੈ।

**ਨਹਿਰੂ ਮੈਮੋਰੀਅਲ ਲੈਕਚਰ** :

U.G.C. ਦੇ ਸਾਬਕਾ ਚੇਅਰਮੈਨ ਪ੍ਰੋਫੈਸਰ ਯਸ਼ਪਾਲ ਨੇ 10 ਨਵੰਬਰ 1995 ਨੂੰ "ਭਾਰਤ ਵਿੱਚ ਸਿੱਖਿਆ" ਤੇ ਨਹਿਰੂ ਯਾਦਗਾਰੀ ਭਾਸ਼ਣ ਦਿੱਤੇ। ਜਿਸ ਨਾਲ ਲਾਇਬ੍ਰੇਰੀ ਦੇ ਸੰਗ੍ਰਹਿ ਅਤੇ ਸੇਵਾਵਾਂ ਵਿਚ ਹੇਠ ਲਿਖੇ ਅਨੁਸਾਰ ਵਾਧਾ ਹੋਇਆ :

(i) 1100 ਪੁਸਤਕਾਂ ਤੇ 160 ਜਿਲਦ ਕੀਤੇ ਜਰਨਲਜ ਸ਼ਾਮਿਲ ਕੀਤੇ ਗਏ ;
(ii) ਵਿਦੇਸ਼ੀ ਯੂਨੀਵਰਸਿਟੀਆਂ ਵਿਚ ਕੀਤੇ ਗਏ 51 ਸ਼ੋਧ ਨਿਬੰਧ ਸੰਗ੍ਰਹਿ ਕੀਤੇ ;
(iii) ਮਹਾਤਮਾ ਗਾਂਧੀ ਦੇ ਸਾਰੇ ਕੰਮ ਇੰਗਲਿਸ਼ ਤੇ ਹਿੰਦੀ ਵਿਚ 5 CD Rom ਵਿਚ ਸ਼ਾਮਿਲ ਕੀਤੇ ;
(iv) ਸੰਸਾਰ ਪੁਸਤਕ ਮੇਲਾ 2000 ਵਿਚੋਂ ਲਾਇਬ੍ਰੇਰੀ ਵਲੋਂ ਵੱਖ ਵੱਖ ਸੰਸਥਾਵਾਂ ਤੇ ਯੂਨੀਵਰਸਿਟੀਆਂ ਦੀਆਂ ਵੱਖ ਵੱਖ ਪ੍ਰਕਾਸ਼ਨਾਵਾਂ ਖਰੀਦੀਆਂ ;
(v) ਫੋਟੋ ਵਿਭਾਗ ਨੇ 266 ਫੋਟੋਗ੍ਰਾਫ਼ ਇੱਕਤਰ ਕੀਤੇ ;
(vi) ਇੰਦਰਾ ਗਾਂਧੀ ਯਾਦਗਾਰੀ ਟਰੱਸਟ ਦੇ ਹਿੱਸੇ ਵਜੋਂ 1617 ਫੋਟੋਗ੍ਰਾਫ਼ ਸ਼ਾਮਿਲ ਕੀਤੇ ; ਅਤੇ
(vii) 25 ਡਾਕ ਟਿਕਟਾਂ ਉਨ੍ਹਾਂ ਦੀ ਰੀਲੀਜ਼ ਸਮੇਂ ਪ੍ਰਾਪਤ ਹੋਏ ਲਿਫਾਫਿਆਂ ਅਤੇ ਫਸਟ-ਡੇ-ਬਰੋਸ਼ਰਾਂ ਸਮੇਤ ਸ਼ਾਮਿਲ ਕੀਤੀਆਂ ਗਈਆਂ।

**ਮੁੱਖ ਪ੍ਰਕਾਸ਼ਨਾਵਾਂ** :

1995-96 ਦੇ ਸਮੇਂ ਦੌਰਾਨ ਹੇਠ ਲਿਖੀਆਂ ਤਿੰਨ ਪ੍ਰਕਾਸ਼ਨਾਵਾਂ ਵੱਖ ਵੱਖ ਮੌਕਿਆਂ ਤੇ ਪ੍ਰਕਾਸ਼ਿਤ ਕੀਤੀਆਂ ਗਈਆਂ।

(i) "Re-Conceptualizing the Science and Humanity" - ਇਕ ਸੁਤੰਤਰ ਪਹੁੰਚ by SC Malik ;
(ii) ਖਾਨ ਅਬਦੁੱਲ ਗੁਫਾਰਖਾਂ : ਸੌ ਸਾਲਾ ਸ਼ਰਧਾਂਜਲੀ ;
(iii) ਪੰਜਾਬ ਕਾਂਗਰਸ ਨਿਰੀਖਣ/ਪੜਚੋਲ ਰਿਪੋਰਟ-1919-20 Vol - 2

ਆਚਾਰੀਆ ਨਰਿੰਦਰ ਦੇਵਾ ਦੇ ਕੰਮਾਂ ਦੀ ਪਹਿਲੀ ਪ੍ਰਕਾਸ਼ਨਾ ਪ੍ਰੈਸ ਵਿਚ ਹੈ ਅਤੇ 1929 ਤੋਂ 1931 ਤੱਕ ਮੋਤੀ ਲਾਲ ਨਹਿਰੂ ਦੇ ਕੰਮਾਂ ਦੀ ਦੂਸਰੀ ਪ੍ਰਕਾਸਨਾਂ ਤਿਆਰ ਕੀਤੀ ਜਾ ਰਹੀ ਹੈ।

**ਵਿੱਤ (Budgeting)** :

ਭਾਰਤ ਸਰਕਾਰ ਮਨਿਸਟਰੀ ਆਫ਼ ਹਿਊਮਨ ਡਿਵੈਲਪਮੈਂਟ ਆਫ ਕਲਚਰ ਵਲੋਂ ਇਸ ਸੰਸਥਾ ਨੂੰ 204 ਲੱਖ ਦੀ ਗ੍ਰਾਂਟ ਦਿਤੀ ਜਾਂਦੀ ਹੈ। ਜਿਸ ਵਿਚ ਸਟਾਫ਼ ਦੀਆਂ ਤਨਖਾਹਾਂ ਅਤੇ 80 ਲੱਖ ਦੀ ਗ੍ਰਾਂਟ ਵਿਕਾਸ ਸਕੀਮਾਂ ਵਾਸਤੇ ਹੈ। ਇਹ ਸੰਸਥਾ ਵੱਖ ਵੱਖ ਵਿਦਿਅਕ ਅਤੇ ਖੋਜ ਸੰਸਥਾਵਾਂ ਨਾਲ ਸਬੰਧਤ ਹੈ।

**ਸਿੱਟਾ** :

ਨਹਿਰੂ ਯਾਦਗਾਰੀ ਮਿਊਜ਼ੀਅਮ ਲਾਇਬ੍ਰੇਰੀ ਨੇ ਖੋਜ ਅਤੇ ਵਿਦਿਅਕ ਸੰਸਥਾਵਾਂ ਪ੍ਰਤੀ ਉੱਚਤਮ ਕਾਰਜ ਦੇ 37 ਸਾਲ ਪੂਰੇ ਕੀਤੇ ਹਨ। ਇਹ ਸੰਸਥਾ ਵੱਖ ਵੱਖ ਵਿਦਿਅਕ ਅਤੇ ਖੋਜ ਸੰਸਥਾਵਾਂ ਨਾਲ ਸਬੰਧਿਤ ਹੈ।

ਹੋਰ ਜਾਣਕਾਰੀ ਲਈ : www.nehrumemorial.com

## 10.8 ਇੰਡੀਅਨ ਕੌਂਸਲ ਆਫ਼ ਹਿਸਟੋਰੀਕਲ ਰੀਸਰਚ (ICHR) (Indian Council of Historical Research) :

ਇਸ ਦੀ ਸਥਾਪਨਾ ਮਾਰਚ 27, 1972 ਨੂੰ ਨਵੀਂ ਦਿੱਲੀ ਵਿਖੇ ਕੀਤੀ ਗਈ। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਅਧੀਨ ਇਹ ਸਵੈਂ ਹੋਂਦ Autonomous ਸੰਸਥਾ ਹੈ ਜੋ ਇਤਿਹਾਸਕ ਖੋਜ ਦਿਸ਼ਾਵਾਂ ਨਿਸ਼ਚਿਤ ਕਰਦੀ ਹੈ ਅਤੇ ਇਤਿਹਾਸ ਦੇ ਵਿਗਿਆਨਕ ਪੱਖ ਨੂੰ ਉਤਸ਼ਾਹਿਤ ਕਰਦੀ ਹੈ।

**ਮੁੱਖ ਉਦੇਸ਼** :

ਇਸ Council ਦੇ ਮੁਖ ਉਦੇਸ਼ ਹੇਠ ਲਿਖੇ ਅਨੁਸਾਰ ਹੈ :

(i) ਇਤਿਹਾਸ ਦੀ ਵਿਗਿਆਨਕ ਲੇਖਣੀ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਦੇਸ਼ ਦੀ ਰਾਸ਼ਟਰੀ ਅਤੇ ਸਭਿਆਚਾਰਕ ਵਿਰਾਸਤ ਬਾਰੇ ਜਾਣਕਾਰੀ ਦੇਣਾ ;

(ii) ਇਤਿਹਾਸਿਕ ਖੋਜ ਦੀ ਪ੍ਰਗਤੀ ਨੂੰ ਸਮੇ ਸਮੇ ਘੋਖਣਾ ਅਤੇ ਉਨ੍ਹਾਂ ਖੇਤਰਾਂ ਨੂੰ ਸਾਹਮਣੇ ਲਿਆਉਣਾ ਜਿਥੇ ਹੋਰ ਖੋਜ ਹੋ ਸਕਦੀ ਹੈ ;

(iii) ਇਤਿਹਾਸਿਕ ਖੋਜ ਸਮਗਰੀਆਂ ਨੂੰ ਸਰਪ੍ਰਸਤੀ ਦੇਣੀ ਅਤੇ ਸੰਸਥਾਵਾਂ ਨੂੰ ਇਸ ਸਬੰਧੀ ਸਹਾਇਤਾ ਦੇਣੀ;

(iv) ਖੋਜ ਵਿਧੀ ਵਿਚ ਵਿਅਕਤੀਗਤ ਅਤੇ ਸੰਸਥਾਗਤ ਤੌਰ ਤੇ ਤਕਨੀਕੀ ਸਹਾਇਤਾ ਦੇਣੀ ;

(v) ਇਤਿਹਸਕ ਖੋਜ, ਸੰਦਰਭ ਸੇਵਾ, ਪ੍ਰਲੇਖਣ ਸੇਵਾ ਲਈ ਸੈਂਟਰਾਂ ਦਾ ਵਿਕਾਸ ਤੇ ਸਹਾਇਤਾ ;

(vi) ਇਤਿਹਾਸ ਅਤੇ ਸਬੰਧਤ ਵਿਸ਼ਿਆਂ ਤੇ ਖੋਜ ਕਰ ਰਹੇ ਖੋਜਾਰਥੀਆਂ ਦਾ ਰਾਸ਼ਟਰੀ ਪੱਧਰ ਤੇ ਰਜਿਸਟਰ ਬਣਾਉਣਾ ;

(vii) ਬੇਧਿਆਨੇ ਅਤੇ ਨਵੇਂ ਵਿਸ਼ਿਆਂ ਜਿਨ੍ਹਾਂ ਉਤੇ ਖੋਜ ਹੋ ਸਕਦੀ ਹੈ ਜਿਵੇਂ ਅਰਥ ਸ਼ਾਸ਼ਤਰ, ਸਮਾਜ ਇਤਿਹਾਸ, ਇਤਿਹਾਸਿਕ ਭੂਗੋਲ, ਵਿਗਿਆਨ ਤੇ ਤਕਨੀਕ ਦਾ ਇਤਿਹਾਸ, ਕਲਾ ਆਦਿ ਤੇ ਖੋਜ ਕੰਮ ਨੂੰ ਉਤਸ਼ਾਹਿਤ ਕਰਨਾ ;

(viii) ਖੋਜ ਪ੍ਰੀਕ੍ਰਿਆਵਾਂ ਇਤਿਹਾਸਿਕ ਖੋਜ ਦੇ ਖੇਤਰ ਵਿਚ ਕਰਵਾਉਣ ਲਈ ਸਹਾਇਤਾ ; ਅਤੇ

(ix) ਇਤਿਹਾਸਿਕ ਖੋਜ ਦੇ ਸਬੰਧ ਵਿਚ ਜਿਤਨੇ ਵੀ ਅਦਾਰੇ ਹਨ ਉਨ੍ਹਾਂ ਬਾਰੇ ਭਾਰਤੀ ਸਰਕਾਰ ਨਾਲ ਇਤਿਹਾਸਿਕ ਕਾਰਜ ਵਿਧੀ ਦੀ ਸਿਖਲਾਈ ਲਈ ਸਮੇ ਸਮੇ ਵਿਦੇਸ਼ੀ ਵਿਦਿਅਕ ਸੰਸਥਾਵਾਂ ਤੋਂ ਸਹਿਯੋਗ ਦਾ ਪ੍ਰਬੰਧ।

ਇਸ ਤੋਂ ਇਲਾਵਾ ਵਿਸ਼ਾ, ਤਰਤੀਬ ਤੇ ਪਰੀਪੇਖ ਦੇ ਸਬੰਧ ਵਿਚ ਆ ਰਹੀਆਂ ਪਿਛਲੇ 25 ਸਾਲਾਂ ਤੋਂ ਇਤਿਹਾਸਕ ਤਬਦੀਲੀਆਂ ਨੂੰ ਘੋਖਣ ਲਈ ਖੋਜ ਕਰਵਾਈ ਜਾਂਦੀ ਹੈ। ਇਹ ਵੀ ਵੇਖਿਆ ਜਾਂਦਾ ਹੈ ਕਿ ਕਿਹੜੇ ਝੁਕਾਅ ਖਤਮ ਹੋ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਤੇ ਕਿਹੜੇ ਨਵੇਂ ਆ ਰਹੇ ਹਨ।

ਉਪਰੋਕਤ ਦੱਸੇ ਗਏ ਉਦੇਸ਼ਾਂ ਦੀ ਪੂਰਤੀ ਲਈ ਲਾਇਬਰੇਰੀ ਅਤੇ ਪ੍ਰਲੇਖਣ ਕੇਂਦਰ ਬਣਾਇਆ ਗਿਆ ਹੈ। ਇਸ ਵਿਚ 28 ਹਜ਼ਾਰ ਪੁਸਤਕਾਂ ਅਤੇ 5000 ਜਿਲਦ ਕੀਤੇ ਜਰਨਲਜ, ਜੋ ਕਲਾ ਸਹਿਤ ਧਰਮ, ਦਰਸ਼ਨ ਅਤੇ ਇਤਿਹਾਸ ਨਾਲ ਸਬੰਧਿਤ ਹਨ, ਸ਼ਾਮਲ ਹਨ। ਦੇਸ਼ ਤੇ ਵਿਦੇਸ਼ ਦੇ 135 ਤੱਤਕਾਲੀਨ ਜਰਨਲਜ਼ ਪ੍ਰਾਪਤ ਕੀਤੇ ਜਾਂਦੇ ਹਨ। ਪਾਠਕਾਂ ਨੂੰ ਪੜ੍ਹਨ-ਪੜ੍ਹਾਨ, ਅਦਾਨ ਪ੍ਰਦਾਨ ਦੀਆਂ ਸੇਵਾਵਾਂ ਤੋਂ ਇਲਾਵਾ ਅੰਤਰ ਲਾਇਬ੍ਰੇਰੀ ਲੋਨ ਅਤੇ ਫੋਟੋਗ੍ਰਾਫੀ ਸਹੂਲਤਾਂ ਵੀ ਉਪਲੱਬਧ ਕਰਵਾਈਆਂ ਜਾਂਦੀਆਂ ਹਨ।

## 10.9 ਟਾਟਾ ਇੰਸਟੀਚਿਊਟ ਆਫ਼ ਸ਼ੋਸ਼ਲ ਸਾਇੰਸ (TISS) (The Tata Institute of Social Sciences) :

TISS 1936 ਨੂੰ ਸਰ ਦੋਰਾਬਜੀ ਟਾਟਾ ਗ੍ਰੈਜੂਏਟ ਸਕੂਲ ਆਫ ਸ਼ੋਸ਼ਲ ਵਰਕ ਵਜੋਂ ਸਥਾਪਿਤ ਕੀਤਾ ਗਿਆ। ਸਮਾਜਿਕ ਕੰਮਾਂ ਤੇ ਇਹ ਪਹਿਲਾ ਸਕੂਲ ਸੀ। ਇਸ ਦੀ ਸਥਾਪਨਾ ਸਰ ਦੋਰਾਬਜੀ ਟਾਟਾ ਦੇ ਸਰਪ੍ਰਸਤਾਂ ਦੇ ਉਸ ਫੈਸਲੇ ਦੇ ਆਧਾਰ ਤੇ ਹੋਈ ਜਿਸ ਵਿਚ ਡਾਕਟਰ ਕਲੀਫੋਰਡ Manshardt ਦੇ ਦ੍ਰਿਸ਼ਟੀਕੋਣ ਤੇ ਕਿ ਐਮ.ਏ. ਪੱਧਰ ਦੀ ਅਜਿਹੀ ਸੰਸਥਾ ਹੋਵੇ ਜੋ ਨਿਰੰਤਰ ਸਿੱਖਿਆ ਪ੍ਰਦਾਨ ਕਰੇਗੀ। ਸਿੱਟੇ ਵਜੋਂ ਭਾਰਤ ਵਿਚ ਸ਼ੋਸ਼ਲ ਸਿਖਿਆ ਸਬੰਧੀ ਦਿਸ਼ਾ ਨਿਰਦੇਸ਼ ਮਿਲੀ। 1944 ਵਿਚ ਸਰ ਦੋਰਾਬਜੀ ਟਾਟਾ ਗ੍ਰੈਜੂਏਟ ਦਾ ਨਾਮ ਟਾਟਾ ਇਸਟੀਚਿਊਟ ਆਫ਼ ਸ਼ੋਸ਼ਲ ਸਾਇੰਸ ਰੱਖਿਆ ਗਿਆ। 1964 ਦਾ ਸਾਲ ਇਸ ਵਾਸਤੇ ਯਾਦਗਾਰੀ ਸਾਲ ਸੀ ਜਦੋਂ UGC ਨੇ ਇਸਨੂੰ Deemed University ਦਾ ਰੁਤਬਾ ਦਿੱਤਾ। ਉਦੋਂ ਤੋਂ ਹੀ TISS ਨਿਰੰਤਰ ਵਿਦਿਅਕ ਸਰਗਰਮੀਆਂ ਤੇ ਇਸ ਸਬੰਧੀ ਸਹੂਲਤਾਂ ਦੇ ਰਹੀ ਹੈ। ਇਸ ਤਰ੍ਹਾਂ ਜੋ ਸੰਸਥਾ ਕੇਵਲ M.A. ਪੱਧਰ ਦੀ ਸਿੱਖਿਆ ਦੇਣ ਲਈ ਬਣੀ ਸੀ ਉਹ ਆਪਣੀਆਂ ਵਿਭਿੰਨ ਪ੍ਰਗਤੀਆਂ ਕਰਕੇ Deemed University ਬਣ ਗਈ।

ਆਪਣੀ 1936 ਵਿਚ ਸਥਾਪਨਾ ਤੋਂ ਲੈ ਕੇ ਯੂਨੀਵਰਸਿਟੀ ਨੇ ਸਮਾਜ ਭਲਾਈ ਦੇ ਲਗਾਤਾਰ ਬਹੁ-ਪੱਖੀ ਵਿਕਾਸ ਤੇ ਸਮਾਜਿਕ ਨਿਆਂ ਲਈ ਹੇਠ ਲਿਖੇ ਕਦਮ ਚੁੱਕੇ :

(i) ਨੈਤਿਕਤਾ ਅਧਾਰਿਤ ਕਿੱਤਾ ਮੁਖੀ ਸਿੱਖਿਆ, ਸਮਾਜਿਕ ਕੰਮ ਮਨੁੱਖੀ ਸੇਵਾ ਕਿੱਤਿਆਂ ਸਬੰਧੀ ਸਿੱਖਿਆ;
(ii) ਸਮਾਜਿਕ ਖੋਜ ਅਤੇ ਸਮਾਜ ਲਈ ਢੁਕਵੇਂ ਗਿਆਨ ਦਾ ਪ੍ਰਸਾਰਣ ;
(iii) ਸਿੱਖਿਆ ਅਤੇ ਖੇਤਰ ਕਾਰਜਾਂ ਪ੍ਰੋਜੈਕਟ ਰਾਂਹੀ ਸਮਾਜਿਕ ਦਖਲ ;
(iv) ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਮਾਜ ਭਲਾਈ ਸਕੀਮਾਂ ਪ੍ਰਤੀ ਦੇਣ ;
(v) ਰਾਜਸੀ ਦੁਖਾਂਤਾਂ ਸਮੇ ਰਾਹਤ ਮੁੜ ਵਸੇਬਾ ਤੇ ਤਬਾਹੀ ਤੋਂ ਬਚਾਅ ਦੇ ਪ੍ਰਬੰਧ ਨੂੰ ਕਿੱਤਾਮਈ ਪ੍ਰੇਰਣਾ;
(vi) ਨੀਤੀ, ਯੋਜਨਾ, ਕਾਰਜਕੁਸ਼ਲਤਾ, ਵਿਕਾਸ ਸਬੰਧੀ ਮਨੁੱਖੀ ਸੋਮਿਆਂ ਪ੍ਰਤੀ ਵਿਸ਼ੇਸ਼ ਧਿਆਨ ;
(vii) ਸਿਹਤ, ਪੇਂਡੂ ਸਿੱਖਿਆ, ਕੌਮੀ ਏਕਤਾ, ਮਨੁੱਖੀ ਅਧਿਕਾਰ ਤੇ ਉਦਯੋਗਿਕ ਵਿਕਾਸ ਸਬੰਧੀ ਜਾਣਕਾਰੀ ਦੇਣੀ ਸੰਸਥਾ ਨੇ ਆਪਣੀ ਜਿੰਮੇਵਾਰੀ ਸਮਝੀ ਹੈ ; ਅਤੇ
(viii) ਸਮਾਜ ਦੇ ਕਮਜੋਰ ਵਰਗ ਆਮ ਮਜਦੂਰ, ਔਰਤਾਂ, ਬੱਚੇ, ਦਲਿਤ, ਪੱਛੜੇ ਕਬੀਲੇ ਤੇ ਜਾਤਾਂ ਸਬੰਧੀ ਵੱਖ ਵੱਖ ਦੇਸ਼ ਵਿਦੇਸ਼ ਦੀਆਂ ਸਰਕਾਰੀ, ਗੈਰ ਸਰਕਾਰੀ ਏਜੰਸੀਆਂ, ਮੰਤਰਾਲਿਆਂ, UNO ਵਿਚ ਸੰਸਥਾ ਵਲੋਂ ਦਿਤੀ ਗਈ ਸਮਾਜਿਕ ਜਾਗਰੂਕਤਾ, ਪ੍ਰਤੀਬੱਧਿਤਾ, ਸਿੱਖਿਆ ਖੋਜ ਅਤੇ ਵਿਸ਼ੇਸ਼ ਕਾਰਗੁਜਾਰੀ ਕਰਕੇ ਇਸ ਦਾ ਨਾਮ ਹੈ।

70 ਸਾਲਾਂ ਦੇ ਵਿਚ TISS ਨੇ ਆਪਣੇ ਆਪ ਨੂੰ ਮਨੁੱਖਤਾ ਦੀ ਸੇਵਾ ਤੇ ਕਿੱਤਾਕਾਰੀ ਸਿਖਲਾਈ ਤੇ ਸਮਾਜ ਵਿਗਿਆਨ ਦੀ ਖੋਜ ਨੂੰ ਲਾਗੂ ਕਰਨ ਲਈ ਵਡਮੁੱਲਾ ਯੋਗਦਾਨ ਹੈ। ਇਸ ਦੇ ਨਾਲ ਨਾਲ ਸਮਾਜਨੀਤੀ ਅਤੇ ਸਮਾਜ ਕਾਰਜ ਸਬੰਧੀ ਤਾਲਮੇਲ ਨੂੰ ਅਧਾਰ ਬਣਾਇਆ ਹੈ। ਇਹ ਇਕ ਅਜਿਹਾ ਸਹਿਯੋਗ ਕੇਂਦਰ ਹੈ ਜੋ ਸਬੰਧਿਤ ਸਿੱਖਿਆ ਸੰਸਥਾਵਾਂ ਨੂੰ ਆਯੋਜਿਤ ਕਰਦਾ ਹੈ।

**ਦ੍ਰਿਸ਼ਟੀਕੋਣ** :

ਉਚੇਰੀ ਸਿੱਖਿਆ ਦੀ ਉਚਤਮ ਸੰਸਥਾ ਹੋਣ ਦੇ ਨਾਤੇ ਬਦਲਦੀਆਂ ਸਮਾਜਿਕ ਕੀਮਤਾਂ ਨੂੰ ਜਿੰਨਾਂ ਵਿਚ ਸਵੈ ਮਾਣ, ਬਰਾਬਰਤਾ, ਸਮਾਜਿਕ ਨਿਆਂ ਸ਼ਾਮਲ ਹਨ ਨੂੰ ਕਮਜੋਰ ਤੇ ਘੱਟ ਗਿਣਤੀ ਦੇ ਲੋਕਾਂ ਦਾ ਵਿਕਾਸ ਕਰਕੇ ਲਾਗੂ ਕਰਨਾ ਅਤੇ ਉਨ੍ਹਾਂ ਨੂੰ ਪ੍ਰਫੁਲਿਤ ਕਰਵਾਉਣਾ ਹੈ।

**ਸਿਧਾਂਤ (Guiding Principles)**

ਉਪਰੋਕਤ ਦ੍ਰਿਸ਼ਟੀਕੋਣ ਦੇ ਸਬੰਧ ਵਿਚ TISS ਹੇਠ ਲਿਖੇ ਸਿਧਾਂਤਾਂ ਤੇ ਅਮਲ ਕਰਦੀ ਹੈ :

(i) ਵਿਭਿੰਨ ਬੋਧਿਕ, ਸਿਧਾਂਤ ਸਭਿਆਚਾਰਕ ਪ੍ਰਗਟਾਵੇ ਦੀ ਸੁਤੰਤਰਤਾ ਨੂੰ ਉਤਸ਼ਾਹਿਤ ਕਰਨਾ ਤੇ ਸਨਮਾਨਿਤ ਕਰਨਾ ;
(ii) ਜਾਤਪਾਤ ਸ੍ਰੇਣੀ ਵੰਡ, ਲਿੰਗ, ਧਰਮ ਤੇ ਅਪਾਹਜਾਂ ਨੂੰ ਬਰਾਬਰ ਸਹੂਲਤਾਂ ;
(iii) ਸਾਰੇ ਕਾਰਜਾਂ ਪ੍ਰਤੀ ਪਾਰਦਰਸ਼ਤਾ ਤੇ ਜੁੰਮੇਵਾਰੀ ;
(iv) ਪ੍ਰਬੰਧਕ ਤੇ ਸੰਸਥਾਗਤ ਪ੍ਰਕਿਰਿਆ ਵਿਚ ਵਿਧੀਵਤ ਸਰਬਸੰਮਤੀ ਨਿਰਣੈ ਲੈਣੇ ;
(v) ਅਧਿਆਪਕ/ਉਸਤਾਦਾਂ ਦੇ ਅਨੁਭਵ, ਆਪਸੀ ਗਲਬਾਤ ਸਿੱਖਿਆ ਦੇ ਅਲੋਚਾਤਮਕ ਅਨੁਭਵ ਤੇ ਪ੍ਰਾਪਤੀਆਂ ਨੂੰ ਲਾਗੂ ਕਰਨਾ ;
(vi) ਅਕਾਦਮਿਕ ਕਿਰਿਆਵਾਂ ਦੀ ਸਿਰਜਣਾਤਮਕ ਘਾੜਤ ਤੇ ਜੋਰ ;
(vii) ਵਿਭਿੰਨ ਅਨੁਸ਼ਾਸ਼ਨਾਂ ਦੇ ਪਰੀਪੇਖ ਵਿਚ ਸਹਾਇਕ ਗੁਟ ਕਾਰਜਾਂ ਦੀ ਖੋਜ ਦੇ ਨਤੀਜਿਆਂ ਨੂੰ ਮਾਨਤਾ ਦੇਣੀ ;
(viii) ਆਪਸੀ ਮਿਲਵਰਤਣ, ਸਹਿਯੋਗ ਗੁਟਕਾਰਜਾਂ ਦਾ ਵਾਤਾਵਰਣ ਸਿਰਜਣਾ ;
(ix) ਸਿਖਿਆ ਖੋਜ ਤੇ ਹੋਰ ਕੰਮਾਂ ਦੇ ਵਾਧੇ ਵਿਚ ਆਪਸੀ ਸਬੰਧ ਵਿਕਸਿਤ ਕਰਨਾ ; ਅਤੇ
(x) ਸ੍ਵੈ-ਪੜਚੋਲ ਤੇ ਅਲੋਚਾਤਮਕ ਪ੍ਰਸੰਸਾ ਨੂੰ ਵਧਾਉਣਾ।

**ਕਾਰਜ ਉਦੇਸ਼**

ਸਥਾਨਕ, ਰਾਜਸੀ, ਅੰਤਰਰਾਜਸੀ ਪੱਧਰ ਤੇ TISS ਉਚ ਵਿਦਿਅਕ/ਖੋਜ ਸਰਗਰਮੀਆਂ ਨੂੰ ਵਿਕਸਿਤ ਕਰਦੀ ਹੈ ਤੇ ਉਹਨਾਂ ਲਈ ਨਿਯਮਾਂਵਲੀ ਨਿਰਧਾਰਿਤ ਕਰਦੀ ਹੈ ਜੋ ਖੋਜਾਰਥੀਆਂ ਦੇ ਲਾਭ ਲਈ ਹੋਵੇ।

**ਮੰਤਵ**

ਸਮਾਜਿਕ ਕੰਮ, ਮਨੁੱਖੀ ਸੋਮੇ ਪ੍ਰਬੰਧ, ਸਿਹਤ ਵਿਭਾਗ ਆਦਿ ਵਿਸ਼ਿਆਂ ਤੇ ਪੜ੍ਹਾਈ ਕਰਵਾਉਣੀ ਮਨੋਰਥ ਪ੍ਰਾਪਤ ਲਈ TISS ਦੇ ਹੇਠ ਲਿਖੇ ਮੰਤਵ ਹਨ :

(i) ਅਜਿਹੇ ਵਿਸ਼ਿਆਂ ਤੇ ਖੋਜ ਕਰਵਾਉਣੀ ਜਿਸ ਨਾਲ ਗਿਆਨ ਵਿਚ ਵਾਧਾ ਵਿਧਾਨ ਸਭਾ ਦੀਆਂ ਨੀਤੀਆਂ ਤੇ ਹੋਰ ਪ੍ਰੋਗਰਾਮਾਂ ਨੂੰ ਸੇਧ ਮਿਲੇ ;

(ii) ਛਪਾਈ, ਆਡੀਓ ਵਿਡੀਓ, ਇਲੈਕਟ੍ਰਾਨਿਕ ਮੀਡੀਆ ਦੁਆਰਾ ਗਿਆਨ ਦਾ ਵਿਕਾਸ ਤੇ ਵੰਡ ;

(iii) ਨਵੇਂ ਪ੍ਰਸਤਾਵ ਤੇ ਸਬੰਧਤ ਖੇਤਰਾਂ ਦੇ ਵਿਕਾਸ ਲਈ ਕਾਰਜ ਖੇਤਰਾਂ ਦੀ ਬਣਤਰ ;

(iv) ਕੁਦਰਤੀ ਤੇ ਮਨੁੱਖੀ ਆਫਤਾ ਦੇ ਤਬਾਹੀ ਸਮੇਂ ਰਾਹਤ ਪੁਨਰ ਨਿਵਾਸ ਵਿਚ ਰੁਚਿਤ ਹੋਣਾ ;

(v) ਰਾਜਸੀ ਤੇ ਗੈਰ ਰਾਜਸੀ, ਅਕਾਦਮਿਕ, ਲੋਕਾਂ ਦੇ ਗੁਟ ਤੇ ਲੋਕ ਲਹਿਰਾਂ ਨਾਲ ਨੈਟਵਰਕਿੰਗ; ਅਤੇ

(vi) ਸਬੰਧਤ ਮੁਦਿਆਂ ਪ੍ਰਤੀ ਕਾਨੂੰਨੀ ਸਲਾਹ।

**ਪ੍ਰਬੰਧਕੀ ਢਾਂਚਾ**

TISS ਦਾ ਮੁਖੀ ਡਾਇਰੈਕਟਰ ਹੁੰਦਾ ਹੈ ਜਿਸ ਦਾ ਰੁਤਬਾ ਰਵਾਇਤੀ ਯੂਨੀਵਰਸਿਟੀ ਵਾਈਸ-ਚਾਂਸਲਰ ਦੇ ਬਰਾਬਰ ਹੈ।

**ਅਕਾਦਮਿਕ ਬਣਤਰ**

ਸੰਸਥਾ ਵਿਚ 9 ਅਧਿਆਪਨ ਵਿਭਾਗ ਹਨ। 8 ਖੋਜ ਯੂਨਿਟ ਤੇ 6 ਸ੍ਰੋਤ ਇਕਾਈਆਂ ਹਨ। ਦੂਸਰੀਆਂ ਰਵਾਇਤੀ ਯੂਨੀਵਰਸਿਟੀ ਦੀ ਨਿਸਬਤ TISS ਕੋਲ ਖੋਜ ਦੀ ਮਹੱਤਵਪੂਰਣ ਯੋਜਨਾ ਹੈ। ਅਮਲੇ ਦੇ 1/2 ਮੈਂਬਰ ਕੇਵਲ ਮਾਤਰ ਅਧਿਆਪਨ ਕਾਰਜ ਵਿਚ ਮਸਰੂਫ ਰਹਿੰਦੇ ਹਨ। ਅਧਿਆਪਨ ਵਿਭਾਗ ਪੜ੍ਹਨ ਪੜ੍ਹਾਉਣ ਅਤੇ ਖੋਜ ਵਿਭਾਗ ਖੋਜ ਦੇ ਕੰਮਾਂ ਲਈ ਜੁੰਮੇਵਾਰ ਹੁੰਦੇ ਹਨ। ਦੋਵੇ ਕਾਰਜ ਅਸਲ ਵਿਚ ਵਿਭਾਗਾਂ ਤੋਂ ਬਾਹਰ ਵੀ ਹੁੰਦੇ ਰਹਿੰਦੇ ਹਨ। ਸ੍ਰੋਤ ਵਿਭਾਗ, ਅਧਿਆਪਨ, ਖੇਤਰੀ ਕਾਰਜ ਤੇ ਵੰਡ ਪ੍ਰਣਾਲੀ ਖੋਜ ਸਬੰਧੀ ਕਾਰਜਸ਼ੀਲ ਹਨ।

**ਪ੍ਰਬੰਧਕੀ ਬਣਤਰ**

ਇਹ ਸੰਸਥਾ ਮੁੱਖ ਤੌਰ ਤੇ 8 ਵਿਭਾਗਾਂ ਵਿਚ ਵੰਡੀ ਹੋਈ ਹੈ :

ਅਕਾਦਮਿਕ, ਵਿੱਤ, ਲੰਗਰ ਹਾਲ, ਹੋਸਟਲ, ਗੈਸਟ ਹਾਊਸ, ਪ੍ਰਬੰਧਕੀ ਸ਼ਾਖਾ ਇੱਕਤਰਤਾ, ਕਰਮਚਾਰੀ ਵਰਗ ਤੇ ਖਰੀਦ ਸੰਭਾਲ ਵਿਭਾਗ। ਰਜਿਸਟਰਾਰ ਇਸ ਸੰਸਥਾ ਦਾ ਮੁਖੀ ਪ੍ਰਬੰਧਕ ਹੈ।

**ਪ੍ਰਬੰਧ (Governance)**

ਸੰਸਥਾ ਦੀ ਉੱਚਤਮ ਪ੍ਰਭੁਸਤਾ ਗਵਰਨਿੰਗ ਬੋਰਡ ਹੈ। TISS ਦੇ ਮੈਂਬਰ, ਯੂ.ਜੀ.ਸੀ., ਮੁੰਬਈ ਵਿਸ਼ਵ ਵਿਦਿਆਲਾ, ਰਾਜ ਸਰਕਾਰ ਤੇ ਕੇਂਦਰੀ ਸਰਕਾਰ ਦੇ ਨਾਮਜ਼ਦ ਮੈਂਬਰ ਹੁੰਦੇ ਹਨ। ਇਸ ਬੋਰਡ ਦੇ ਮੁਖੀ ਦੇ ਕੰਮ ਰਵਾਇਤੀ ਵਾਈਸ-ਚਾਂਸਲਰ ਵਾਂਗੂ ਹੁੰਦੇ ਹਨ। ਅਕਾਦਮਿਕ ਕੌਂਸਲ ਖੋਜ ਝੁਕਾਅ ਬਾਰੇ ਫੈਸਲਾ ਕਰਦੀ ਹੈ। ਤਿੰਨ ਬਾਹਰੀ ਮਾਹਰਾਂ ਤੋਂ ਇਲਾਵਾ ਬਾਕੀ ਮੈਂਬਰ ਅਮਲੇ ਦੇ ਹੀ ਹੁੰਦੇ ਹਨ।

**ਸ੍ਰੋਤ (Institute Resources)**

- ਸਰ ਦੌਰਾਬਜੀ ਟਾਟਾ ਮੈਮੋਰੀਅਲ ਲਾਇਬ੍ਰੇਰੀ
- ਐਚ.ਐਸ.ਐਸ. ਡਾਕੂਮੈਨਟੇਸ਼ਨ ਸੈਲ
- ਵੂਮੈਨ ਸਟਡੀਜ਼ ਲਾਇਬ੍ਰੇਰੀ
- ਕੰਮਪਿਊਟਰ ਸੈਂਟਰ

ਹੋਰ ਜਾਣਕਾਰੀ ਲਈ : www.ties.edu ਵੈਬਸਾਈਟ ਦੇਖੋ।

## 10.10 ਦੌਰਾਬਜੀ ਟਾਟਾ ਮੈਮੋਰੀਅਲ ਲਾਇਬਰੇਰੀ

TISS 1936 ਵਿਚ ਬਤੌਰ ਸਮਾਜ ਸੇਵਾ ਸਕੂਲ ਸਥਾਪਿਤ ਕੀਤਾ ਗਿਆ ਸੀ ਜੋ ਮਗਰੋ 1964 ਵਿਚ ਡੀਮਡ ਯੂਨਵਰਸਿਟੀ ਦੇ ਰੁਤਬੇ ਤੇ ਅਪੜਿਆ। ਸਮਾਜੀ ਕਾਰਜਾਂ ਲਈ ਪ੍ਰੋਗਰਾਮ, ਕਰਮਚਾਰੀ ਪ੍ਰਬੰਧ ਉਦਯੋਗ ਅਤੇ ਸਿਹਤ ਸੇਵਾਵਾਂ ਲਈ ਐਮ.ਏ. ਪੱਧਰ ਦੀਆਂ ਸਰਗਰਮੀਆਂ ਨਿਸਚਿਤ ਕਰਦਾ ਹੈ। ਸਮਾਜ ਵਿਗਿਆਨ ਤੇ ਸਮਾਜ ਸੇਵਾ ਵਿਚ ਐਮ.ਫਿਲ ਤੇ ਪੀ.ਐਚ.ਡੀ. ਕਰਵਾਉਂਦਾ ਹੈ। ਮਾਰਠਵਾੜਾ ਦੇ ਪੇਂਡੂ ਖੇਤਰ ਵਿਚ ਖੋਜ ਤੇ ਸਮਾਜਿਕ ਕਾਰਜ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਡੀ.ਟੀ.ਐਲ.ਐਮ ਰਾਸ਼ਟਰੀ ਪੱਧਰ ਦੀ ਮਹੱਤਤਾ ਵਾਲੀ ਲਾਇਬਰੇਰੀ ਹੈ ਜਿਸ ਵਿਚ ਵਿਸ਼ਵਭਰ ਦੇ ਪ੍ਰੀਆਰੀਡਕਲਜ ਰਖੇ ਗਏ ਹਨ। ਇਹ ਸੰਪੂਰਨ ਤੇ ਤੁਰੰਤ ਪ੍ਰਲੇਖਣ ਸੇਵਾ ਮੁਹੱਈਆ ਕਰਵਾਉਣ ਵਿਚ ਮਾਹਰ ਹੈ। ਇਸ ਸੰਸਥਾ ਰਾਹੀ ਯੂਨੀਵਰਸਿਟੀ ਅਮਲਾ, ਖੋਜਾਰਥੀ, ਵਿਦਿਆਰਥੀ ਨਿਜੀ ਸੰਸਥਾਵਾਂ, ਕੰਪਨੀਆਂ ਆਪਣੀਆਂ ਵਿਕਾਸਮਈ ਲੋੜਾਂ ਦੀ ਪੂਰਤੀ ਕਰ ਰਹੀਆਂ ਹਨ। ਇਸ ਸਮੇ SDTML ਆਪਣੇ ਸਰੋਤ ਤੇ ਪ੍ਰਲੇਖਣ ਵੰਡ ਸੇਵਾ ਇੰਟਰਨੈਸ਼ਨਲ ਇੰਸਟੀਚਿਊਟ ਫਾਰ ਪਾਪੂਲੇਸ਼ਨ ਸਟੱਡੀਜ, SNDT Woman university, ਮੁੰਬਈ ਵਿਸ਼ਵ-ਵਿਦਿਆਲਾ, ਨਿਰਮਲ ਨਿਕੇਤਨ, ਆਈ.ਆਈ.ਟੀ., ਸ਼ਿਵਾਜੀ ਯੂਨੀਵਰਸਿਟੀ ਮਾਰਠਵਾੜਾ ਯੂਨੀਵਰਸਿਟੀ, ਫਾਰ ਵੂਮੈਨ ਨਾਲ ਬਜਟ ਸਬੰਧੀ, ਨੈਟਵਰਕ, ਡਾਕ, ਈ-ਮੇਲ, ਕੈਰੀਅਰ ਆਦਿ ਮੁਦਿਆਂ ਵਿਚ ਸਹਿਯੋਗ ਦਾ ਆਦਾਨ ਪ੍ਰਦਾਨ ਕਰਦੀ ਹੈ।

ਵੱਖ ਵੱਖ ਕੇਂਦਰਾਂ, ਵਿਭਾਗਾਂ, ਇਕਾਈਆਂ ਦੀਆਂ ਪੜ੍ਹਾਈ ਅਤੇ ਖੋਜ ਸਬੰਧੀ ਲੋੜਾਂ ਨੂੰ ਸਨਮੁੱਖ ਰੱਖ ਕੇ ਸਮਗਰੀ ਇਕਤਰ ਕੀਤੀ ਜਾਂਦੀ ਹੈ। ਇਥੇ 1,03350 ਪੁਸਤਕਾਂ ਤੇ ਹੋਰ ਪਾਠ ਸਮਗਰੀ ਮੌਜੂਦ ਹੈ ਜਿਸ ਵਿਚ ਜਿਲਦਾਂ ਜਰਨਲਜ ਸ਼ਾਮਲ ਹਨ। 29 ਜਰਨਲਜ ਇਥੇ ਆਉਂਦੇ ਹਨ ਅਤੇ ਸਰਕਾਰੀ ਰਿਪੋਰਟਾਂ ਦਾ ਸੰਗ੍ਰਹਿ ਹੈ। 18-19ਵੀ ਸਦੀ ਦੇ ਸਮਾਜ ਸੁਧਾਰਕ ਤੇ ਸਮਾਜ ਸੁਧਾਰ ਲਹਿਰਾਂ ਨਾਲ ਸਬੰਧਤ ਸਮਗਰੀ ਹੈ। ਆਡੀਓ ਵੀਡੀਓ ਸਮਗਰੀ ਦਾ ਵੱਖਰਾ ਸੰਗ੍ਰਹਿ ਹੈ। ਜਿਸ ਵਿਚ ਸਲਾਈਡਾਂ, ਔਡੀਓ ਕੈਸਟਾਂ, ਵਿਡੀਓ ਕੈਸਟਾਂ ਸ਼ਾਮਲ ਹਨ। ਪੁਸਤਕਾਂ ਦੀਆਂ ਮਾਈਕਰੋ ਫਿਲਮਜ 1872-1951 ਤਕ Census of India ਦੀ ਮਾਈਕਰੋਫਿਸਚ ਵੀ ਇਥੇ ਉਪਲੱਬਧ ਹੈ। Times of India ਅਤੇ Economic Time ਅਖਬਾਰਾਂ ਦੇ 35mm ਰੋਲ ਅਤੇ 75 ਸਿਖਿਅਕ ਫਿਲਮਾਂ, ਐਮ.ਏ., ਐਮ.ਫਿਲ, ਪੀ.ਐਚ.ਡੀ. ਦੇ ਥੀਸਿਜ ਤੇ ਸੋਧ ਨਿੰਬਧਾਂ ਦਾ ਵੀ ਸੰਗ੍ਰਹਿ ਹੈ। ਆਮ ਰੁਚੀ ਲਈ ਤੇ ਸਾਹਿਤ ਤੇ ਪੁਸਤਕਾਂ ਵੀ ਹਨ। ਆਮ ਵਿਸ਼ਿਆਂ ਤੋਂ ਇਲਾਵਾ 300 ਉਚ ਪਧਰ ਜਰਨਲਜ ਇਸ ਪੁਸਤਕਾਲੇ ਵਿਚ ਉਪਲਬਧ ਹਨ।

## 10.11 ਐਚ.ਐਚ.ਐਸ. ਡਾਕੂਮੈਨਟੇਸ਼ਨ ਸੈਲ

ਸਿਹਤ ਸੇਵਾਵਾਂ ਪ੍ਰਲੇਖਣ ਸੈਲ 1993 ਵਿਚ ਸਿਹਤ ਦੇ ਖੇਤਰ ਦੇ ਵਿਦਿਆਰਥੀਆਂ, ਖੋਜਾਰਥੀਆਂ ਡਾਕਟਰਾਂ ਨੂੰ ਸਬੰਧਿਤ ਸੂਚਨਾ ਵੰਡਣ ਲਈ ਸਥਾਪਿਤ ਕੀਤਾ ਗਿਆ। ਇਸ ਸੰਸਥਾ ਨੇ ਸੰਦਰਭ ਸਮਗਰੀ, ਪੁਸਤਕਾਂ, ਜਰਨਲਜ, ਲੇਖ, ਪੁਸਤਕ ਲੇਖ, ਮੋਨੋਗ੍ਰਾਫ, ਨਿਊਜ ਲੈਟਰ, ਸਾਰੰਸ਼ ਅਤੇ ਸੀ.ਡੀਜ ਦੇ ਰੂਪ ਵਿਚ ਇਕ ਸਾਲ ਦੌਰਾਨ ਹੀ ਸਮਗਰੀ ਇਕਤਰ ਕਰ ਲਈ। ਇਸ ਤੋਂ ਇਲਾਵਾ ਸੈਲ ਕੁਝ ਜਰਨਲਜ ਤੇ ਨਿਊਜਲੈਟਰ ਲੈਟਰ ਕੰਮਪਲੀਮੈਂਟਰੀ ਪ੍ਰਾਪਤ ਕਰਦਾ ਹੈ। ਇਸ ਸੈਲ ਦੀ ਸਰੋਤ ਸਮਗਰੀ ਵਿਚ ਉਹ ਸਾਰੇ ਵਿਸ਼ੇ ਆ ਜਾਂਦੇ ਹਨ ਜੋ ਸਿਹਤ ਨਾਲ ਕਿਸੇ ਨਾ ਕਿਸੇ ਤਰੀਕੇ ਸਬੰਧਤ ਹੋਣ ਜਿਵੇ ਹਸਪਤਾਲ, ਜਨਾਨਾ ਹਸਪਤਾਲ, ਪੇਂਡੂ ਸਿਹਤ ਪ੍ਰਬੰਧ ਸੂਚਨਾ ਪ੍ਰਬੰਧ, ਛੂਤ ਤੇ ਅਛੂਤ ਦੀਆਂ ਬਿਮਾਰੀਆਂ, ਮੁਢਲੀ ਸਿਹਤ ਸੰਭਾਲ ਦੀ ਖੋਜ ਵਿਧੀ ਵਿਧਾਨ ਅੰਕੜੇ ਵਾਤਾਵਰਣ ਸਿਹਤ, ਦਵਾਈ ਨੀਤੀ ਜਨਸੰਖਿਆ ਤੇ ਹੋਰ ਸਾਰੇ ਸਬੰਧਤ ਵਿਸ਼ੇ ਇਸ ਅਧੀਨ ਆ ਜਾਂਦੇ ਹਨ।

## 10.12 ਵੋਮੈਨਜ ਸਟਡੀ ਲਾਇਬ੍ਰੇਰੀ (Women's Studies Library)

ਟਾਟਾ ਇਨਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਦਾ ਵੂਮੈਨ ਸਟਡੀ ਸੈਲ ਜਿਵੇ ਕਿ ਆਪਣੇ ਨਾਮ ਤੋਂ ਹੀ ਦਸਦਾ ਹੈ ਕਿ ਇਥੇ ਉਹਨਾਂ ਪੁਸਤਕਾਂ ਦਾ, ਮੋਨੋਗ੍ਰਾਫ ਤੇ ਬਰੋਸਰਾਂ ਦਾ ਸੰਗ੍ਰਹਿ ਕੀਤਾ ਜਾਂਦਾ ਹੈ ਜੋ ਔਰਤਾਂ ਨਾਲ ਸਬੰਧਤ ਹਨ। ਔਰਤ ਤੇ ਔਰਤ ਦੇ ਵਿਕਾਸ ਦੇ ਵਿਭਿੰਨ ਪਹਿਲੂਆਂ ਤੇ ਪੁਸਤਕਾਲੇ ਦਾ ਡਾਟਾਬੇਸ ਹੈ ਅਤੇ ਪੁਰਾਤਨ ਸਹਿਤ ਤੇ ਪੋਸਟਰ ਹਨ। ਲਾਇਬਰੇਰੀ ਵਲੋਂ ਵਰਤਿਆ ਜਾਂਦਾ ਰੀਕਾਰਡ ਸਿਸਟਮ ਬਹੁਤ ਹੀ ਵਿਸ਼ੇਸ਼ ਤੇ ਖੋਜ ਕੇਂਦਰਿਤ ਹੈ।

## 10.13 ਇੰਸਟੀਚਿਊਟ ਆਫ ਸ਼ੋਸ਼ਲ ਐਂਡ ਇਕਨੋਮਿਕ ਚੇਂਜ (ISEC) (Institute of Social and Economic Change) :

1972 ਵਿਚ ਸਵਰਗਵਾਸੀ ਪ੍ਰੋ. ਵੀ.ਕੇ.ਆਰ.ਵੀ. ਰਾਓ ਨੇ ਇਸ ਸੰਸਥਾ ਦੀ ਸਥਾਪਨਾ ਕੀਤੀ ਜੋ All India Institute Interdisciplinary Research & Training in Social Science ਵਜੋਂ ਜਾਣੀ ਜਾਂਦੀ ਹੈ। ਕਰਨਾਟਕ ਸੁਸਾਇਟੀ ਰਜਿਸਟਰ ਐਕਟ 1960 ਦੇ ਅਧੀਨ ਇਹ ਸੰਸਥਾ ਦਰਜ ਹੈ, ਜਿਸ ਦਾ ਉਦੇਸ਼ ਸਮਾਜ ਵਿਗਿਆਨ ਪ੍ਰਤੀ ਬੇਹਤਰ ਸਿਧਾਂਤਾ ਤੇ ਜਨਤਕ ਨੀਤੀਆਂ ਤੇ ਖੋਜ ਕਾਰਜ ਕਰਵਾਉਣਾ ਹੈ।

### ਮਨੋਰਥ ਤੇ ਕਾਰਜ

- **(i)** ਬਹੁਪੱਖੀ ਵਿਕਾਸਮਈ, ਵਿਸ਼ਲੇਸ਼ਣਾਤਮਕ ਖੋਜ ਜੋ ਸਮਾਜ ਵਿਗਿਆਨ ਦੇ ਘੇਰੇ ਵਿਚ ਆਵੇ ;
- **(ii)** ਪ੍ਰਦੇਸ਼ਿਕ ਸਰਕਾਰਾਂ ਤੇ ਕੇਂਦਰੀ ਸਰਕਾਰ ਨੂੰ ਗਰੀਬੀ ਘਟਾਉਣ, ਵਿਕਾਸ ਵਿਚ ਸਹਾਈ ਹੋਣ ਵਾਲੇ ਵਿਧੀਵਧ ਸੋਮਿਆਂ ਦੇ ਅਧਿਐਨ ਬਾਰੇ ਜਾਣਕਾਰੀ ਦੇਣੀ ; ਅਤੇ
- **(iii)** ਦੂਸਰੀਆਂ ਸੰਸਥਾਵਾਂ ਦੇ ਵਿਦਵਾਨਾਂ ਨਾਲ ਵਧੀਆ ਸਬੰਧ ਬਨਾਉਣੇ ਜੋ ਖੋਜ ਸੈਮੀਨਾਰ ਵਿਚ ਮਸਰੂਫ ਹਨ, ਸਿਖਲਾਈ ਕੋਰਸ, ਰੀਫਰੈਸ਼ਰ ਕੋਰਸ, ਯੂਨੀਵਰਸਿਟੀ,ਕਾਲਜ ਤੇ ਜਰਨਲ ਕਰਮਚਾਰੀਆਂ ਲਈ ਸਰਗਰਮੀਆਂ ਆਯੋਜਿਤ ਕਰਨ ਆਦਿ ਦੀਆਂ ਸੇਵਾਵਾਂ ਉਪਲਬਧ ਕਰਵਾਉਣੀਆਂ ਇਸ ਦੇ ਮੁੱਖ ਮਨੋਰਥ ਹਨ।

### ਵਿੱਤ (Funding)

ਮਨਿਸਟਰੀ ਆਫ ਹਿਊਮਨ (Human) ਰੀਸੋਰਸਿਜ਼, ਭਾਰਤ ਸਰਕਾਰ, ਆਈ.ਸੀ.ਐਸ.ਐਸ.ਆਰ. ਰਾਂਹੀ ਕਰਨਾਟਕ ਸਰਕਾਰ ਵਿਦੇਸ਼ ਖੋਜ ਨਾਮਜਦਗੀਆਂ ਕਰਕੇ ਭਾਰਤੀ ਵਿਦੇਸ਼ੀ ਦੋਵਾਂ ਏਜੰਸੀਆਂ ਤੋਂ ਗਰਾਂਟ ਪ੍ਰਾਪਤ ਕਰਦੀ ਹੈ।

### ਬਣਤਰ (Location and Infrastructure)

ਆਈ.ਐਸ.ਈ.ਸੀ. 16 ਹੈਕਟੇਅਰ ਦੇ ਘੇਰੇ ਵਿਚ ਨਗਰ ਭਾਵੀ ਵਿਚ ਬੰਗਲੋਰ ਸ਼ਹਿਰ ਦੇ ਦਖਣ ਪੱਛਮ ਵਿਚ ਸਥਿਤ ਹੈ। ਵਿਦਿਅਕ ਤੇ ਪ੍ਰਬੰਧਕ ਵਿਭਾਗਾਂ ਤੋਂ ਇਲਾਵਾ ਹੋਸਟਲ, ਗੈਸਟ ਹਾਊਸ ਤੇ 77 ਰਿਹਾਇਸ਼ ਕੁਆਟਰਾਂ ਦੀ ਸਹੂਲਤ ਉਪਲਬਧ ਹੈ ਪੂਰੇ ਸਾਜੋ ਸਮਾਨ ਨਾਲ ਲੈਸ ਸੈਮੀਨਾਰ ਹਾਲ ਤੇ 300 ਸੀਟਾਂ ਵਾਲਾ ਸਭਾ ਭਵਨ ਇਸ ਸੰਸਥਾ ਵਿਚ ਹੈ। ਫੁਲਾਂ ਨਾਲ ਭਰਿਆ ਹੋਇਆ ਬਾਗ ਬਗੀਚਾ ਲਹਿਰਾਉਂਦਾ ਹੈ। ਬੰਗਲੋਰ ਅਰਬਨ ਆਰਟਸ ਕਮਿਸ਼ਨ ਵਲੋਂ ਬੰਗਲੋਰ ਦਾ ਸਭ ਤੋਂ ਵਧੀਆ ਰਖ ਰਖਾਵਵਾਲਾ ਅਰਥ ਸ਼ਾਸ਼ਤਰ, ਪੇਂਡੂ ਵਿਵਸਥਾ ਵਾਤਾਵਰਣ ਵਿਗਿਆਪਨ, ਅੰਕੜਾ ਵਿਸ਼ਲੇਸ਼ਣ, ਸਮਾਜ ਸ਼ਾਸ਼ਤਰ ਸਿੱਖਿਆ ਵਿਕਾਸ ਪ੍ਰਬੰਧ, ਖੇਤੀ ਵਿਕਾਸ ਤੇ ਪਿੰਡ ਸੁਧਾਰ, ਜਨ ਸੰਖਿਆ, ਖੋਜ ਸੈਂਟਰ, ਖੋਜ ਬੈਂਕ ਆਦਿ ਵਿਭਾਗਾਂ ਵਿਚ ਵੰਡਿਆ ਹੋਇਆ ਦਖਣੀ ਭਾਰਤ ਦਾ ਮਹੱਤਵਪੂਰਨ ਸੰਸਥਾਨ ਹੈ ਜਿਸ ਨੇ ਦੋ ਦਹਾਕੇ ਪਹਿਲਾਂ ਇੰਸਟੀਚਿਊਟ ਆਫ ਸ਼ੋਸ਼ਲ ਅਤੇ ਇਕਨੋਮਿਕ ਚੇਜ਼ ਸਥਾਪਿਤ ਕੀਤੀ ਜੋ ਵੱਖ ਵੱਖ ਅਦਾਰਿਆਂ ਨੂੰ ਨਿਜੀ ਅਤੇ ਸਹਿਯੋਗੀ ਖੋਜ ਕਰਵਾਉਂਦੀ ਹੈ। ਆਈ.ਐਸ.ਈ.ਸੀ. ਨੂੰ ਕਰਨਾਟਕ ਸਰਕਾਰ ਮਨਿਸਟਰੀ ਆਫ ਹਿਊਮੈਨ ਰੀਸੋਰਸਿਸ ਵਿਕਾਸ ਤੇ ਆਈ.ਸੀ.ਐਸ.ਐਸ. ਰਾਂਹੀ ਗਰਾਂਟ ਪ੍ਰਾਪਤ ਹੁੰਦੀ ਹੈ।

## 10.14 ਆਈ.ਐਸ.ਈ.ਸੀ. ਲਾਇਬ੍ਰੇਰੀ

ਇਸ ਪੁਸਤਕਾਲੇ ਦੇ ਸੰਗ੍ਰਹਿ ਵਿਚ 100,000 ਤੋਂ ਵਧ ਸਿਰਲੇਖ ਅਤੇ 300 ਦੇ ਕਰੀਬ ਭਾਰਤੀ ਵਿਦੇਸ਼ੀ ਪੀਰੀਆਡੀਕਲਜ਼ ਹਨ। ਸੰਸਾਰ ਦੇ ਉਚਪਧਰੀ ਪੈਫੰਲਟ ਤੇ ਪ੍ਰਲੇਖਣ ਵੀ ਹਨ। ਵਰਲਡ ਬੈਂਕ ਨੇ ਇਸ ਨੂੰ ''ਜਮਾਂ ਕਰਤਾ'' ਪੁਸਤਕਾਲੇ ਦਾ ਅਹੁਦਾ ਦਿੱਤਾ ਹੈ। ਆਧੁਨਿਕ ਮੈਸੂਰ ਦੇ ਨਿਰਮਾਤਾ ਭਾਰਤ ਰਤਨ ਸਰ ਵਿਸ਼ਵੇਸ਼ਰਈਆ (M.Visvesvariaya) ਦੀਆਂ ਪੁਸਤਕਾਂ ਦਾਨ ਵਜੋਂ ਪ੍ਰਾਪਤ ਹੋਈਆਂ। ਪੁਸਤਕਾਲਾ ਪੂਰਨ ਤੌਰ ਤੇ ਕੰਪਿਊਟਰੀਕ੍ਰਿਤ ਹੈ ਤੇ ਉਪਭੋਗਤਾ database, online ਰਾਂਹੀ ਸੇਵਾ ਪ੍ਰਾਪਤ ਕਰ ਸਕਦੇ ਹਨ।

**ਸੰਗ੍ਰਹਿ**

ਇਸ ਸੰਗ੍ਰਹਿ ਵਿਚ ਪੁਸਤਕਾਂ, ਗੈਰ ਸਰਕਾਰੀ, ਸਰਕਾਰੀ ਪ੍ਰਲੇਖਨ, ਜਿਲਦੀ ਕਿੱਤਾਕਾਰੀ ਜਰਨਲਜ ਤੇ ਪੀਰੀਆਡੀਕਲਜ ਰਖੇ ਗਏ ਹਨ। 100,000 ਤੋਂ ਵਧ ਪ੍ਰਲੇਖ (ਪੁਸਤਕਾਂ 26000, ਮਿਆਦੀ ਜਿਲਦੀ ਰਸਾਲੇ 20,000 ਸਰਕਾਰੀ ਵਿਸ਼ੇਸ਼ ਪ੍ਰਕਾਸ਼ਨਾਵਾਂ 60,000) ਤੇ 335 ਰਸਾਲਿਆਂ ਦੀਆਂ ਮਾਈਕਰੋਫਿਸਚ ਹਨ। 350 ਦੇਸੀ ਵਿਦੇਸ਼ੀ ਕਿੱਤਾਕਾਰੀ ਰਸਾਲਿਆਂ ਦੇ ਚੰਦੇ ਭੇਜੇ ਜਾਂਦੇ ਹਨ। ਵਰਲਡ ਬੈਂਕ ਤੇ ਹੋਰ ਅੰਤਰਰਾਜੀ ਸੰਸਥਾਵਾਂ ਵਲੋਂ ਇਸ ਨੂੰ ''ਵਿਰਾਸਤ ਲਾਇਬਰੇਰੀ'' ਦਾ ਰੁਤਬਾ ਹਾਸਲ ਹੈ। ਭਾਰਤ ਰਤਨ ਸਰ ਐਮ ਵਿਸ਼ਵ ਭਰ ਦੀਆਂ ਅਨਮੋਲ ਪੁਸਤਕਾਂ ਦਾ ਖਜਾਨਾ ਵੀ ਇਥੇ ਹੈ। ਦਖਣੀ ਭਾਰਤ ਦੀ ਸਭ ਤੋਂ ਵਧੀਆ ਹਵਾਲਾ ਲਾਇਬਰੇਰੀ ਹੈ। ਸੰਦਰਭ ਸੇਵਾ ਲਈ ਵੱਖ ਵੱਖ ਅਦਾਰਿਆਂ ਤੋਂ 2679 ਵਿਦਵਾਨ 1999 ਵਿਚ ਇਥੇ ਆਏ। ਸਾਰਾ ਪੁਸਤਕਾਲਾ Computerised ਹੈ ਤੇ online ਸੁਵਿਧਾ ਵੀ ਹੈ।

**ਲਾਇਬਰੇਰੀ ਸੇਵਾਵਾਂ**

ISEC ਲਾਇਬਰੇਰੀ ਐਲਰਟ
ISEC Current Book Additions
ਪ੍ਰੈਸ ਕਲਿਪਿੰਗ
ISEC ਲਾਇਬਰੇਰੀ ਸਬਸਕਰਾਈਬਡ ਕਰੰਟ ਜਰਨਲ ਕਨਟੈਨਟ
ਸਰਚ ਫੈਸਿਲਟੀ ਆਫ ਇਕੋਨੋਲਿਟ ਆਨ ਸੀ.ਡੀ. ਰੋਮ

**ਪ੍ਰਕਾਸ਼ਨਾਵਾਂ (Library Publications)**

ਆਈ.ਐਸ.ਈ.ਐਸ. ਲਾਇਬਰੇਰੀ ਐਲਰਟ, ਕਰੰਟ ਬੁਕ ਐਡੀਸ਼ਨ, ਪ੍ਰੈਸ ਕਲਿਪਿੰਗ, ਕਰੰਟ ਜਰਨਲ ਕੰਨਟੈਂਟਸ- ਪੁਸਤਕਾਲੇ ਦੇ ਕੰਪਿਊਟਰ LAN ਨਾਲ ਸਬੰਧਤ ਹਨ ਜੋ ਆਪਣੇ ਨਿਤ ਕ੍ਰਮ ਵਿਚ ਈ-ਮੇਲ ਅਕਸਰ ਵਰਤ ਰਹੀ ਹੈ। ਪੁਸਤਕਾਲੇ ਨੇ Econit, Cd Rom ਦਾ ਚੰਦਾ ਭੇਜਿਆ ਹੈ ਤੇ ਤੁਰੰਤ ਪਹੁੰਚ ਲਈ ਨੈਟਵਰਕ ਹਾਸਲ ਕਰਦੀ ਹੈ। ਇਸ ਤਰ੍ਹਾਂ ਖੋਜ ਸੁਵਿਧਾ ECONOLIT ON CD ROM ਤੇ ਹੈ।

**10.15 ਸੈਂਟਰ ਫਾਰ ਰੀਸਰਚ ਇਨ ਰੂਰਲ ਇੰਡਸਟਰੀਅਲ ਡਿਵੈਲਪਮੈਂਟ (CRRID) (Centre of Research of Rural Industrial Development) :**
**ਵੈਬਸਾਈਟ : www.crrid.res.in**

**ਸਥਾਪਨਾ**

ਪੇਂਡੂ ਅਤੇ ਉਦਯੋਗਿਕ ਵਿਕਾਸ ਖੋਜ ਸੈਂਟਰ ਇਕ ਸ੍ਵੈ ਸੁਤੰਤਰ ਸੰਸਥਾ ਹੈ ਜੋ ਭਾਰਤੀ ਸੁਸਾਇਟੀ ਰਜਿਸਟਰੇਸ਼ਨ ਐਕਟ 1860 ਦੇ ਅਧੀਨ ਵਿਗਿਆਨਕ ਅਤੇ ਵਿਦਿਅਕ ਚੈਰੀਟੇਬਲ ਸੁਸਾਇਟੀ ਵਜੋਂ ਯੂਨੀਅਨ ਟੈਰੀਟਰੀ ਚੰਡੀਗੜ੍ਹ ਵਿਖੇ 1978 ਨੂੰ ਸਥਾਪਿਤ ਕੀਤੀ ਗਈ ਸੀ। ਇਹ ਵੱਖ ਵੱਖ ਵਿਸ਼ਾ ਮਾਹਰਾਂ ਵਲੋਂ ਇਸ ਖਿਤੇ ਵਿਚ ਖੋਜ, ਛਪਾਈ, ਵਿਕਾਸ, ਸਿਖਲਾਈ ਤੇ ਹੋਰ ਪ੍ਰਕਿਰਿਆਵਾਂ ਨੂੰ ਉਤਸ਼ਾਹਿਤ ਕਰਦੀ ਹੈ। ICSSR ਵਲੋਂ ਜਿਹਨਾਂ 27 ਖੋਜ ਸੰਸਥਾਵਾਂ ਨੂੰ ਉਤਸ਼ਾਹਿਤ ਤੇ ਸਰਪ੍ਰਸਤ ਕੀਤਾ ਜਾਂਦਾ ਹੈ, ਇਹ ਸੈਂਟਰ ਵੀ ਉਹਨਾਂ ਵਿਚੋਂ ਇਕ ਹੈ ਜਿਸ ਵਿਚ ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਪੰਜਾਬ, ਚੰਡੀਗੜ੍ਹ ਦੇ ਖੇਤਰ ਅੰਦਰ ਆਉਂਦੇ ਹਨ। ਸਮਾਜ ਵਿਗਿਆਨ ਦੇ ਵਿਸ਼ਾਲ ਪਰੀਪੇਖ ਸਬੰਧੀ ਖੋਜ ਲਈ ਸੀ.ਆਰ.ਆਰ.ਆਈ ਡੀ. ਨੂੰ 1985 ਵਿਚ ਭਾਰਤ ਸਰਕਾਰ ਨੇ ਮਾਨਤਾ ਦਿੱਤੀ। ਮੈਚਿੰਗ ਗਰਾਂਟ ਦੇ ਆਧਾਰ ਤੇ ICSSR ਭਾਰਤ ਸਰਕਾਰ ਪੰਜਾਬ ਸਰਕਾਰ ਹੈਲਥ ਤੇ ਪਲੈਨਿੰਗ ਮੰਤਰਾਲੇ ਤੋਂ ਗਰਾਂਟ ਦੀ ਪ੍ਰਾਪਤੀ ਹੁੰਦੀ ਹੈ। ਸਿਹਤ ਤੇ ਪਰਿਵਾਰ ਭਲਾਈ ਮਹਿਕਮੇ ਨੇ ਜਨਸੰਖਿਆ ਖੋਜ, ਸੈਂਟਰ ਵਿਖੇ ਖੋਲਣ ਦੀ ਇਜ਼ਾਜ਼ਤ ਦਿਤੀ ਹੈ। ਜਿਸ ਦੇ ਤਹਿਤ 100% ਗਰਾਂਟ ਮਿਲੀ, CRRID ਨੂੰ DSIR ਸਾਇੰਸ ਅਤੇ ਤਕਨੀਕ ਮੰਤਰਾਲਾ ਭਾਰਤ ਸਰਕਾਰ ਵਲੋਂ ਵਿਗਿਆਨਕ ਉਦਯੋਗ ਖੋਜ ਸੰਸਥਾ ਵਜੋਂ ਮਾਨਤਾ ਦਿੱਤੀ ਗਈ ਹੈ।

ਵਿੱਤ ਮੰਤਰਾਲੇ ਦੇ ਆਮਦਨੀ ਵਿਭਾਗ ਵਲੋਂ 4/5-80 G 35 (10)" 10 (23c) ਆਮਦਨ ਕਰ ਐਕਟ 1961 ਦੇ ਤਹਿਤ ਆਮਦਨ ਕਰ ਤੋਂ ਛੋਟ ਦਿੱਤੀ ਹੈ। ਸੰਸਥਾ ਦੇ ਸੰਸਥਾਪਕ ਸ੍ਰੀ ਰਸ਼ਪਾਲ ਮਲਹੋਤਰਾ ਬਤੌਰ ਡਾਇਰੈਕਟਰ ਇਸ ਦੇ ਪ੍ਰਬੰਧਕ ਹਨ। ਸ੍ਰੀ ਪੀ.ਐਚ. ਹਾਕਸਰ ਗਵਰਨਿੰਗ ਬਾਡੀ ਦੇ ਚੇਅਰਮੈਨ ਹੀ ਸੰਸਥਾ ਦੀ

ਪ੍ਰਕਾਸ਼ਨਾ International quarterly "Man & Development" ਦੇ ਮੁਖ ਸੰਪਾਦਕ ਹਨ। ਸ੍ਰੀ ਹਾਕਸਰ ਦੀ ਮੌਤ ਉਪਰੰਤ ਪ੍ਰੋ. ਮਨਮੋਹਨ ਸਿੰਘ ਗਵਰਨਿੰਗ ਬਾਡੀ ਦੇ ਚੇਅਰਮੈਨ ਨਿਯੁਕਤ ਹੋਏ। ਸੰਸਥਾ ਦੇ ਪ੍ਰਧਾਨ ਵੀ ਆਪ ਨੂੰ ਨਾਮਜਦ ਕੀਤਾ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਬਣਨ ਤਕ ਸੰਸਥਾ ਦੀਆਂ ਨੀਤੀਆਂ ਤੇ ਸਰਗਰਮੀਆਂ ਨੂੰ ਅਗਵਾਈ ਦਿੰਦੇ ਰਹੇ। ਸੁਪ੍ਰਸਿਧ ਉਦਯੋਗਿਕ ਤੇ ਵਿਦਿਆ ਅਚਾਰੀਆ ਸ੍ਰੀ ਕੇਸਭ ਮਹਿੰਦਰਾ ਸੰਸਥਾ ਦੇ ਚੇਅਰਮੈਨ ਤੇ ਪ੍ਰਧਾਨ ਤਕ ਖੋਜ ਪ੍ਰਤੀ ਪ੍ਰਤੀਬਧਤਾ, ਲਾਇਬਰੇਰੀ ਪ੍ਰਬੰਧ ਕੰਮਪਿਊਟਰ, ਖੋਜ ਵਿਦਿਆ ਵਿਕਾਸ ਤੇ ਸਿਖਲਾਈ ਪਿਛਲੇ 25 ਸਾਲਾਂ ਤੋਂ ਸੰਸਥਾ ਨੂੰ ਦਿਨ ਬ ਦਿਨ ਮਜਬੂਤ ਕਰਨ ਲਈ ਕਾਰਜਸ਼ੀਲ ਹਨ।

**ਮਨੋਰਥ**

ਸੀ ਆਰ ਆਰ.ਆਈ.ਡੀ. ਦੇ ਮੈਮੋਰੈਂਡਮ ਆਫ ਆਰਟੀਕਲਜ ਆਫ ਐਸੋਸੀਏਸ਼ਨ ਦਸਤਾਵੇਜ ਵਿਚ ਹੇਠ ਲਿਖੇ ਮਨੋਰਥ ਅੰਕਿਤ ਹਨ :

(i) ਅਜਿਹਾ ਵਾਤਾਵਰਣ ਸਿਰਜਣਾ ਜਿਸ ਵਿਚ ਮਾਨਵ ਵਿਗਿਆਨ ਗਰੁਪ ਦੇ ਵਿਸ਼ਿਆ ਤੇ ਖੋਜ ਦਾ ਪ੍ਰਬੰਧ, ਅਗਵਾਈ ਤੇ ਵਾਧਾ ਹੋ ਸਕੇ। ਇਸ ਦੇ ਤਹਿਤ ਭਾਰਤੀ ਸਭਿਆਚਾਰ ਦਾ ਤੁਲਨਾਤਮਿਕ ਅਧਿਐਨ, ਸਮਾਜ ਵਿਗਿਆਨ ਕੁਦਰਤੀ ਵਿਗਿਆਨ ਉਦਯੋਗ ਖੇਤੀਬਾੜੀ ਤੇ ਅਜਿਹੇ ਖੇਤਰ ਜਿਸ ਬਾਰੇ ਸੈਂਟਰ ਫੈਸਲਾ ਕਰੇ, ਆ ਜਾਂਦੇ ਹਨ ;

(ii) ਇਕਤਰਤਾਵਾਂ ਲੈਕਚਰ, ਸੈਮੀਨਾਰ, ਗੋਸ਼ਟੀ, ਕਾਨਫਰੰਸ ਸਭਿਆਚਾਰਕ ਗਤੀਵਿਧੀਆਂ ਦਾ ਆਯੋਜਨ ਕਰਨਾ ; ਅਤੇ

(iii) ਸੈਂਟਰ ਦੇ ਉਦੇਸ਼ਾਂ ਦੀ ਪੂਰਤੀ ਲਈ ਪੁਸਤਕਾਂ ਅਖਬਾਰ, ਪੈਫਲੈਟ, ਮੋਨੋਗ੍ਰਾਫ, ਮੈਗਜੀਨ ਜਰਨਲਜ਼ ਜੋ ਲੋੜੀਂਦੇ ਸਮਝੇ ਜਾਂਦੇ ਹਨ ਨੂੰ ਮੰਗਵਾਉਣਾ, ਛਪਵਾਉਣਾ ਤੇ ਦਿਖਾਉਣਾ।

**ਪ੍ਰਕਿਰਿਆਵਾਂ**

CRRID ਦੀਆਂ ਵਿਭਿੰਨ ਪ੍ਰਕਿਰਿਆਵਾਂ ਹਮੇਸ਼ਾਂ ਵਧਦੀਆਂ ਹੀ ਰਹਿੰਦੀਆਂ ਹਨ। ਭਾਰਤ ਵਿਚ ਸਮਾਜ ਵਿਗਿਆਨ ਖੋਜ ਨੂੰ ਵਧਾਉਣਾ, ਦਰਪੇਸ਼ ਚੁਣੋਤੀਆਂ ਦਾ ਮੁਕਾਬਲਾ ਕਰਨਾ, ਸਿਧਾਂਤਕ ਪਹਿਲੂਆਂ ਤੇ ਮਜਬੂਤ ਪਕੜ ਤੇ ਪ੍ਰੋਜੈਕਟਾਂ ਦੀ ਸਰਪ੍ਰਸਤੀ ਲਈ ਸਰਕਾਰੀ ਗੈਰ ਸਰਕਾਰੀ ਏਜੰਸੀਆਂ ਨੂੰ ਪ੍ਰੇਰਿਤ ਕਰਨਾ ਇਸ ਦੀਆਂ ਪ੍ਰਕਿਰਿਆਵਾਂ ਵਿਚ ਸ਼ਾਮਲ ਹੈ ਵਿਤੀ ਏਜੰਸੀਆਂ ਦੀ ਸਿੱਖਿਆ ਤੇ ਸਰਕਾਰੀ ਨੀਤੀ ਘਾੜਿਆ ਨੇ ਇਸ ਦੇ ਰਵਾਇਤੀ ਅਧਿਆਪਨ ਵਿਚ ਤਬਦੀਲੀ ਲਿਆਂਦੀ। CRRID ਦੀ ਖੋਜ ਯੋਜਨਾ ਦੀ ਰੂਪ ਰੇਖਾ ਵਿਅਕਤੀਗਤ ਤੇ ਵਿਭਾਗ ਦੀ ਵਿਸ਼ੇਸ਼ਤਾ ਸਬੰਧੀ ਉਤਰਪੂਰਬ ਖਿਤੇ ਦੀਆਂ ਚੁਣੋਤੀਆਂ ਨੂੰ ਪੇਸ਼ ਕਰਦੀ ਹੈ। ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਪੰਜਾਬ, ਉਤਰਾਂਚਲ, ਪੱਛਮੀ ਉਤਰ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਭੂਗੋਲਿਕ ਇਲਾਕੇ CRRID ਤੋਂ ਲਾਭ ਲੈਂਦੇ ਹਨ। ਖੋਜ ਪ੍ਰੋਜੈਕਟਾਂ ਦੇ ਵਿੱਤ, ਡਾਟਾ ਇੱਕਤਰਤਾ ਤੇ ਵੰਡ ਨੇ – ਨਿਤਪ੍ਰਤੀ ਨੈਟਵਰਕਿੰਗ, ICSSR ਦੇ ਸਾਰੇ ਕੇਂਦਰਾਂ ਤੋਂ ਇਲਾਵਾ CRRID ਦੇ ਖੇਤਰ ਦੀਆਂ ਜਨਤਕ ਯੋਜਨਾ ਵਿਵਾਦ ਨਾਲ ਗੂੜੇ ਸਬੰਧ ਬਣਾਏ ਹਨ। ''ਜਨਤਕ ਯੋਜਨਾ ਵਿਵਾਦ' CRRID ਦੀ ਮਹੱਤਵਪੂਰਨ ਕਿਰਿਆ ਹੈ ਜਿਸ ਦੇ ਸਿਟੇ ਵਜੋਂ ਰਾਸ਼ਟਰੀ ਪੱਧਰ ਤੇ THINK TANK ਵਜੋਂ ਤੇਜ਼ੀ ਨਾਲ ਉਭਰ ਰਿਹਾ ਹੈ। ਇਸ ਵਿਚ ਵਿਦਿਅਕ ਸ੍ਰੇਣੀ, ਜੱਜ, ਉਦਯੋਗ, ਮੀਡੀਆ, ਅਫਸਰ ਸ਼ਾਹੀ, ਸਮਾਜ ਸੇਵਕ, ਰਾਜਨੀਤੀ ਦੇ ਨੇਤਾ ਸ਼ਾਮਲ ਹਨ। ਇਸ ਲੋੜ ਦੀ ਪੂਰਤੀ ਲਈ CRRID ਭਾਸ਼ਣ, ਵਰਕਸ਼ਾਪ, ਸੈਮੀਨਾਰ ਕਾਨਫਰੰਸ, ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਚੰਡੀਗੜ੍ਹ ਵਿਖੇ ਆਯੋਜਿਤ ਕਰਦੀ ਹੈ। ਸੰਸਾਰ ਭਰ ਤੋਂ ਮਹਿਮਾਨ ਵੱਡੇ ਪੱਧਰ ਤੇ ਹੋ ਰਹੀ ਖੋਜ, ਖਾਸ ਭਾਸ਼ਣ ਤੇ ਗੋਸ਼ਟੀਆਂ ਲਈ ਇਥੇ ਪੁਜਦੇ ਹਨ। ਗੈਰ ਰਵਾਇਤੀ ਪੱਧਰ ਦੀਆਂ ਪ੍ਰਕਿਰਿਆਵਾਂ ਲਈ CRRID ਜਾਣਿਆ ਜਾਂਦਾ ਹੈ। ਹਰ ਖਿਤੇ ਦੇ ਮਹਿਮਾਨ ਇਥੇ ਆ ਕੇ ਵਿਸ਼ੇਸ਼ ਰੁਚੀ ਦਿਖਾਉਂਦੇ ਹਨ। ਇਥੋਂ ਦੀ ਲਾਇਬਰੇਰੀ ਵਿਚ ਸਾਰੇ ਤਰ੍ਹਾਂ ਦੇ ਲੋਕਾਂ ਦਾ ਸੁਆਗਤ ਹੈ। ਲੋਕਾਂ ਦੇ ਫਾਇਦੇ ਲਈ ਖੋਜ ਨਤੀਜਿਆਂ ਦੀ ਵੰਡ ਕੀਤੀ ਜਾਂਦੀ ਹੈ। ਸਥਾਨਕ ਮੀਡੀਆ ਇਸ ਕੰਮ ਲਈ ਨਾਲ ਜੋੜਿਆ ਜਾਂਦਾ ਹੈ। CRRID ਦਾ ਆਪਣਾ ਪ੍ਰਕਾਸ਼ਨ ਵਿਭਾਗ ਹੈ। ਜਿਥੇ ਪੁਸਤਕਾਂ ਦੀ ਛਪਾਈ ਤੋਂ ਇਲਾਵਾ ਰੀਪੋਰਟਾਂ, ਮੋਨੋਗ੍ਰਾਫ ਸੰਪੂਰਨ ਖੋਜ ਅਧਿਐਨ ਤੇ, ਕਾਨਫਰੰਸ ਕ੍ਰਮ ਨੂੰ Man and development ਜਰਨਲ ਦੇ ਤਹਿਤ ਛਾਪਦਾ ਹੈ। ਰਾਜਨੀਤਕ, ਸਮਾਜਿਕ, ਆਰਥਿਕ, ਸਭਿਆਚਾਰਕ ਗਤੀਵਿਧੀਆਂ ਦਾ ਅਲੋਚਨਾਤਮਕ ਅਧਿਐਨ ਕਰਨ ਉਪਰੰਤ ਇਸ ਜਰਨਲ ਵਿਚ ਛਾਪਿਆ ਜਾਂਦਾ ਹੈ।

**ਪ੍ਰਾਥਮਿਕਤਾ (Thrust Areas)**

ਪੇਂਡੂ ਤੇ ਉਦਯੋਗਿਕ ਵਿਕਾਸ ਖੋਜ – ਸਮਾਜ ਤੇ ਆਰਥਿਕ ਢਾਂਚੇ ਵਿਚ ਰਖ ਕੇ ਵਿਕਸਿਤ ਕੀਤਾ ਜਾਂਦਾ ਹੈ। ਇਲਾਕੇ ਦੀਆਂ ਪ੍ਰਮੁੱਖ ਲੋੜਾਂ ਨੂੰ ਸਾਹਮਣੇ ਰਖ ਕੇ ਪ੍ਰਾਥਮਿਕਤਾਵਾਂ ਨਿਸਚਿਤ ਕੀਤੀਆਂ ਜਾਂਦੀਆਂ :

(i) ਜਰਾਇਤੀ ਢਾਂਚਾ ਤੇ ਤਬਦੀਲੀ
(ii) ਬੈਕਿੰਗ ਤੇ ਵਿੱਤ
(iii) ਸਿਵਲ ਸੁਸਾਇਟੀ ਤੇ ਪ੍ਰਬੰਧ
(iv) ਡੀਵੈਲਪਮੈਂਟ ਸਟਡੀਜ
(v) ਐਜੂਕੇਸ਼ਨ
(vi) ਉਦਯੋਗੀਕਰਣ ਤੇ ਰੁਜਗਾਰ
(vii) ਲੇਬਰ ਤੇ ਵਿਉਪਾਰ ਯੂਨੀਅਨਵਾਦ
(viii) ਮੈਨੇਜਮੈਟ ਆਫ਼ ਅਰਬਨ ਬੇਸਿਕ ਸਰਵਿਸ
(ix) ਪੰਚਾਇਤੀ ਰਾਜ ਸੰਸਥਾਵਾਂ ਤੇ ਪੇਂਡੂ ਵਿਕਾਸ
(x) ਸ਼ਾਤੀ ਸੁਰਖਿਆ ਤੇ ਝਗੜਾ ਨਿਵਾਰਣ
(xi) ਪਲਾਸਟਿਕ ਇਨਰਜੀ ਅਤੇ ਵਾਤਾਵਰਣ
(xii) ਜਨਸੰਖਿਆ, ਸਿਹਤ ਤੇ ਪਰਿਵਾਰ ਭਲਾਈ

**ਸਥਾਨ ਤੇ ਸਹੂਲਤਾਂ (Location and Facilities)**

ਬਹੁਤ ਵਧੀਆ ਮਾਹੋਲ ਮੁਹੱਈਆ ਕਰਵਾਉਣ ਲਈ ਸੁੰਦਰ ਸ਼ਹਿਰ ਵਿਖੇ ਇਸ ਸੰਸਥਾ ਨੂੰ ਸਥਾਪਿਤ ਕੀਤਾ ਗਿਆ। ਚੰਡੀਗੜ੍ਹ ਰੇਲਵੇ ਸਟੇਸ਼ਨ ਤੋਂ 5 ਕਿਲੋਮੀਟਰ ਸਥਾਨਕ ਏਅਰਪੋਰਟ ਤੋਂ 14 ਕਿਲੋਮੀਟਰ ਤੇ ਬਸ ਸਟੈਂਡ ਤੋਂ 3 ਕਿਲੋਮੀਟਰ ਤੇ ਸਥਿਤ ਹੈ ਜਿਥੇ ਹਰ ਪਾਸਿਓ ਅਸਾਨੀ ਨਾਲ ਪੁਜ ਸਕਦੇ ਹਾਂ। 1.75 ਏਕੜ ਵਿਚ ਫੈਲੇ ਹੋਏ ਇਸ ਕੈਂਪਸ ਵਿਚ ਬਾਗ ਬਗੀਚਾ, ਪਾਰਕ, ਕੈਫੇਟੇਰੀਆ ਹੈ। ਸੰਸਥਾ ਵਿਚ 20,000 ਸਿਰਲੇਖ 123 ਰਾਸ਼ਟਰੀ ਤੇ ਅੰਤਰਰਾਸ਼ਟਰੀ ਸਮਾਜ ਵਿਗਿਆਨ ਮੈਗਜੀਨ ਰਸਾਲਿਆਂ ਵਾਲੀ ਲਾਇਬਰੇਰੀ ਵਿਚ Internet, Audio Video Aids ਤੇ ਸੋਫਟਵੇਅਰ ਨਾਲ ਲੈਸ ਕੰਪਿਊਟਰ ਸੈਕਸ਼ਨ ਹੈ। ICSSR ਨੇ CRRID ਨੂੰ ਉਤਰੀ ਖੇਤਰ ਦਾ ਕੇਂਦਰ ਬਿੰਦੂ ਮੰਨਿਆ ਹੈ ਜਿਥੇ data ਦਾ ਨਿਰੀਖਣ, ਵਿਸ਼ਲੇਸ਼ਣ ਅਤੇ ਸਬੰਧਤ ਜਾਣਕਾਰੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਸੰਸਥਾ ਵਿਖੇ ਵਿਦੇਸ਼ੀ ਵਿਦਵਾਨ ਵੀ data procession ਸੇਵਾ ਲੈ ਸਕਦੇ ਹਨ। ਖੋਜਾਰਥੀਆਂ ਲਈ ਕਮਰੇ, ਪ੍ਰੋਜੈਕਟ ਕਮਰੇ, ਏਅਰ ਕੰਡੀਸ਼ਨ ਤੇ ਵਧੀਆ ਸਾਜੋ ਸਮਾਨ ਵਾਲੇ ਗੈਸਟ ਹਾਊਸ, ਕਾਨਫਰੰਸ ਹਾਲ, ਤੇ ਆਧੁਨਿਕ ਸਹੂਲਤਾਂ ਵਾਲੇ ਮੀਟਿੰਗ ਰੂਮ ਹਨ।

**ਪੁਸਤਕਾਲਾ :**

CRRID ਪੁਸਤਕਾਲਾ 1980 ਵਿਚ ਸਥਾਪਿਤ ਹੋਇਆ। ਖੋਜ ਲੋੜਾਂ ਨੂੰ ਇਹ ਪੁਸਤਕਾਲਾ ਸਮਰਪਿਤ ਹੈ ਤੇ ਪਾਠਕਾਂ ਨੂੰ ਬਹੁ ਪਸਾਰੀ ਚੋਣ ਉਪਲਬਧ ਕਰਵਾਉਂਦਾ ਹੈ। ਇਥੇ ਲਗਪਗ 21,000 ਸਿਰਲੇਖ ਜਿਸ ਵਿਚ ਜੀਵਨੀ ਸਾਹਿਤ, ਬੈਂਕ, ਕਮਪਿਊਟਰਾਂ, ਅਰਥ ਸ਼ਾਸ਼ਤਰ, ਸਿਖਿਆ, ਵਾਤਾਵਰਣ ਅਧਿਐਨ, ਲਿੰਗ ਅਧਿਐਨ, ਇਤਹਾਸ, ਰਾਜਨੀਤੀ, ਮਨੋਵਿਗਿਆਨ, ਪੇਂਡੂ ਵਿਕਾਸ, ਸਮਾਜ ਸ਼ਾਸ਼ਤਰ ਤੇ ਜਨ ਅੰਕੜਾ ਸਾਹਿਤ ਆਦਿ ਵਿਸ਼ਿਆਂ ਤੇ ਪੁਸਤਕਾਂ ਹਨ। ਬਹੁਤ ਸਾਰੇ ਸਮਾਜ ਵਿਗਿਆਨ ਦੇ ਰਸਾਲੇ ਤੇ ਮੈਗਜੀਨ ਹਨ। ਸੰਸਾਰ ਭਰ ਤੋ 122 ਰਸਾਲੇ ਇਥੇ ਪੁਜਦੇ ਹਨ। ਉਪਰੋਕਤ ਵਿਸ਼ਿਆਂ ਤੇ ਇਹ ਰਸਾਲੇ ਐਕਸਚੇਂਜ ਤੇ ਸਹਾਇਤਾ ਵਜੋਂ ਪ੍ਰਾਪਤ ਹਨ। ਕਦੇ ਕਦੇ ਸੰਸਥਾ ਨੂੰ ਹਮਦਰਦ ਟਰੱਸਟ ਤੇ ਦਾਨੀ ਪੁਰਸ਼ਾਂ ਤੋਂ ਪੁਸਤਕਾਂ ਤੇ ਜਰਨਲ ਮਿਲਦੇ ਹਨ। ਪੁਸਤਕਾਲੇ ਦੇ ਸਮਾਚਾਰ ਵਿਭਾਗ ਨੂੰ ਸਥਾਨਕ, ਖੇਤਰੀ ਤੇ ਰਾਸ਼ਟਰੀ ਹਿੰਦੀ ਪੰਜਾਬੀ ਤੇ ਇੰਗਲਿਸ਼ ਦੇ ਅਖਬਾਰ ਆਉਂਦੇ ਹਨ। ਲਾਇਬ੍ਰੇਰੀ ਵਿਚ Audio Video ਤੇ CD Rom Database ਦਾ ਸੰਗ੍ਰਹਿ ਵੀ ਹੈ।

**ਉਪਭੋਗਤਾ (Clientele)**

ਵੱਖ ਵੱਖ ਲੋੜਾਂ ਵਾਲੇ ਉਪਭੋਗਤਾਵਾਂ ਦੀ ਸੇਵਾ ਇਥੇ ਕੀਤੀ ਜਾਂਦੀ ਹੈ। ਖੋਜ ਵਿਭਾਗ ਤੋਂ ਇਲਾਵਾ ਪ੍ਰਮੁੱਖ ਵਿਦਵਾਨ ਸਖਸ਼ੀਅਤ ਅਤੇ ਨੀਤੀਵਾਨ ਇਥੇ ਆਉਂਦੇ ਹਨ। ਜੋ ਇਸ ਦੇ ਮੈਂਬਰ ਨਹੀਂ ਹਨ ਉਹਨਾਂ ਨੂੰ ਸੰਦਰਭ ਸੇਵਾ ਪ੍ਰਾਪਤ ਕਰਨ ਲਈ ਪਹਿਲਾਂ ਇਜ਼ਾਜਤ ਲੈਣੀ ਪੈਂਦੀ ਹੈ।

**ਪੁਸਤਕਾਲਾ ਕੰਪਿਊਟਰੀਕਰਣ**

ਪੁਸਤਕਾਲੇ ਦਾ ਕੰਪਿਊਟਰੀਕਰਣ US-MARC ਢਾਂਚੇ ਰਾਂਹੀ ਉਚਤਮ ਸੇਵਾਵਾਂ ਲਈ ਕੀਤਾ ਜਾ ਰਿਹਾ ਹੈ। Libsys ਦਾ window ਪਲੇਟਫਾਰਮ ਵਰਤਿਆ ਜਾ ਰਿਹਾ ਹੈ ਜਿਸ ਵਿਚ Acquistion, Cateloguing, online Public Access Catalogue, ਸਰਕੂਲੇਸ਼ਨ, Article Indexing ਤੇ System Administration ਆਦਿ ਸ਼ਾਮਲ।

**ਭਵਿੱਖੀ ਯੋਜਨਾਵਾਂ**

ਆਪਣੇ ਪਾਠਕਾਂ ਨੂੰ ਆਪਣੇ ਖੇਤਰ ਵਿਚ ਵਧੇਰੇ ਲਾਇਬ੍ਰੇਰੀ ਦੀਆਂ ਸੁਵਿਧਾ ਦੇਣਾ ਸੰਸਥਾ ਦੀ ਭਵਿੱਖਤੀ ਯੋਜਨਾ ਹੈ। ਨੈਟਵਰਕ ਰਾਂਹੀ ਸੋਮਿਆਂ ਦਾ ਆਦਾਨ ਪ੍ਰਦਾਨ ਕਰਨ ਲਈ ਦੂਸਰੇ ਪੁਸਤਕਾਲਿਆ ਦੀ Network ਰਾਂਹੀ ਪਹੁੰਚ, ਮੌਜੂਦਾ software ਨੂੰ Libsys 4 ਵਿਚ, web ਅਨਕੂਲ ਪੁਸਤਕਾਲਾ ਪ੍ਰਬੰਧ, ਜਿਸ ਵਿਚ ANSI Z39.50, ਸਰੱਚ ਇੰਜਨ, web OPAC TCP/IP ਨੈਟਵਰਕ ਲਈ ਪ੍ਰਬੰਧ, ਕੁਝ Online ਰਸਾਲਿਆਂ ਨੂੰ ਤਬਦੀਲ ਕਰਨ, ਬਾਰ ਕੋਡਿੰਗ ਰਾਂਹੀ ਪ੍ਰਲੇਖਨ ਦਾ ਆਦਾਨ ਪ੍ਰਦਾਨ ਕਰਨਾ ਵੀ ਸ਼ਾਮਲ ਹੈ। ਲਾਇਬ੍ਰੇਰੀ ਸਟਾਫ਼ ਦੀ ਯੋਗਤਾ ਤੇ ਰੁਚੀ ਵਧਾਉਣ ਲਈ ਵੱਖ-ਵੱਖ ਲਾਇਬ੍ਰੇਰੀਆਂ visit ਕਰਵਾਉਣੀਆਂ, ਵਰਕਸ਼ਾਪ, ਸੈਮੀਨਾਰ, ਕਾਨਫਰੰਸ ਤੇ ਨਿਰੰਤਰ ਵਟਾਂਦਰਾ ਰੀਪੋਰਟਾਂ ਖੋਜ ਕਾਨਫਰੰਸਾਂ ਨਾਲ ਕਰਵਾਉਣਾ, ਭਵਿੱਖਤੀ ਯੋਜਨਾਵਾਂ ਹਨ।

ਹੋਰ ਜਾਣਕਾਰੀ ਲਈ ਹੇਠ ਲਿਖੀਆਂ ਵੈਬਸਾਈਟਾਂ ਵੇਖੋ :

1. www.icssr.org
2. www.iegindia.org
3. www.nehrumemorial.com
4. www.ichrindia.org
5. www.tiss.edu
6. www.crrid.res.in

**ਪਾਠ ਨੰਬਰ : 2.5** **ਲੇਖਕ : ਡਾ. ਆਰ.ਕੇ. ਭੱਟ**
**ਅਨੁਵਾਦਕ ਡਾ. ਬਰਿਜਿੰਦਰ ਕੌਰ**

# ਅੰਤਰਰਾਸ਼ਟਰੀ ਪੱਧਰ ਤੇ ਸਮਾਜ ਵਿਗਿਆਨ ਦੀਆਂ ਸੰਸਥਾਵਾਂ ਦੀਆਂ ਖੋਜ ਸਰਗਰਮੀਆਂ
## (Research Activities of organisation in the field of Social Sciences : International)

**ਬਣਤਰ**


11.0 ਉਦੇਸ਼
11.1 ਜਾਣ-ਪਛਾਣ
11.2 ਇੰਟਰ ਨੈਸ਼ਨਲ ਕਮੇਟੀ ਫਾਰ ਸ਼ੋਸ਼ਲ ਸਾਇੰਸ ਇੰਨਫਰਮੇਸ਼ਨ ਐਂਡ ਡਾਕੂਮਨਟੇਸ਼ਨ (ICSSD)
11.3 ਯੂਨੈਸਕੋ (UNESCO)
11.4 ਯੂਨੈਸਕੋ ਤੇ ਲਾਇਬਰੇਰੀਆਂ
11.5 ਇੰਟਰਨੈਸ਼ਨਲ ਪੋਲੀਟੀਕਲ ਸਾਇੰਸ ਐਸੋਸੀਏਸ਼ਨ (IPSA)
11.6 ਇੰਟਰਨੈਸ਼ਨਲ ਸ਼ੋਸ਼ੋਲੋਜੀਕਲ ਐਸੋਸੀਏਸ਼ਨ (ISA)
11.7 ਇੰਟਰਨੈਸ਼ਨਲ ਸ਼ੋਸ਼ਲ ਸਾਇੰਸ ਕੌਂਸਲ (ISSC)
11.8 ਲੰਡਨ ਸਕੂਲ ਆਫ ਇਕਨੋਮਿਕਸ ਐਂਡ ਪੋਲੀਟੀਕਲ ਸਾਇੰਸ


### 11.0 ਉਦੇਸ਼ (Objectives)

ਇਸ ਪਾਠ ਦਾ ਉਦੇਸ਼ ਸਮਾਜ ਵਿਗਿਆਨ ਨਾਲ ਜੁੜੀਆ ਕੁਝ ਅੰਤਰਰਾਸ਼ਟਰੀ ਸੰਸਥਾਵਾਂ ਬਾਰੇ ਗਿਆਨ ਦੇਣਾ ਹੈ।

### 11.1 ਜਾਣ ਪਛਾਣ (Introduction)

ਸਮਾਜ ਵਿਗਿਆਨ ਦੇ ਖੇਤਰ ਵਿਚ ਖੋਜ ਨੇ ਸਾਹਿਤ ਦੇ ਵਿਕਾਸ ਤੇ ਵਾਧੇ ਵਿਚ ਬਹੁਤ ਵਧੀਆ ਕਾਰਜ ਕੀਤਾ ਹੈ। ਸਮਾਜ ਵਿਗਿਆਨ ਦੇ ਵਿਸ਼ੇ ਵਿਚ ਖੋਜ ਨੂੰ ਉਤਸ਼ਾਹਿਤ ਕਰਨ ਲਈ ਕਈ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸੰਸਥਾਵਾਂ ਹੋਂਦ ਵਿਚ ਆਈਆਂ ਹਨ ਜੋ ਆਪਣੀਆਂ ਪ੍ਰਕਿਰਿਆਵਾਂ ਰਾਹੀਂ ਸਾਹਿਤ ਨੂੰ ਵਧਾਉਂਦੀਆਂ ਹਨ। ਉਹਨਾਂ ਵਿਚੋਂ ਕੁੱਝ ਪ੍ਰਮੁੱਖ ਸੰਸਥਾਵਾਂ ਦਾ ਜਿਕਰ ਕਰਨਾ ਇਥੇ ਜਰੂਰੀ ਹੋਵੇਗਾ :-

### 11.2 ਇੰਟਰਨੈਸ਼ਨਲ ਕਮੇਟੀ ਫਾਰ ਸ਼ੋਸ਼ਲ ਸਾਇੰਸਜ ਇੰਨਫਰਮੇਸ਼ਨ ਐਂਡ ਡਾਕੂਮਨਟੇਸ਼ਨ (ਆਈ.ਸੀ.ਐਸ.ਐਸ.ਡੀ) (International Committee for Social Science Information and Documentation)

ਯੂਨੈਸਕੋ ਦੀ ਪ੍ਰੇਰਨਾ ਸਦਕਾ ਇਹ ਸੈਂਟਰ 1950 ਵਿਆਂ ਵਿਚ ਸਥਾਪਤ ਕੀਤਾ ਗਿਆ।ਨਾਨ ਗਵਰਨਮੈਂਟ ਸੰਸਥਾ (ਐਨ.ਜੀ.ਓ) ਹੋਣ ਕਾਰਨ ਇਸ ਕਮੇਟੀ ਨੂੰ ਸਲਾਹਕਾਰ ਦਾ ਰੁਤਬਾ ਦਿੱਤਾ ਗਿਆ। ਇਸ ਦੌਰਾਨ ਇਸ ਨੇ ਕਈ ਕਾਰਜ ਕੀਤੇ। 'ਨੀਤੀ ਘਾੜਤ ਸੰਸਥਾ' ਦੇ ਤੌਰ ਤੇ ਇਹ ਸੰਸਥਾ ਵਿਕਸਿਤ ਹੋਈ ਜੋ ਬਿਬਲੀਓਗ੍ਰਾਫੀ, ਪ੍ਰਲੇਖਨ ਸੇਵਾ, ਤਕਨੀਕੀ ਨਿਯਮ ਅਤੇ ਸੰਸਥਾਗਤ ਹਦਾਇਤ ਨਾਮੇ ਤਿਆਰ ਕਰਦੀ ਹੈ।

ਸਮਾਜ ਵਿਗਿਆਨ ਦੇ ਅੰਤਰਰਾਜੀ ਸੰਗਠਨਾਂ ਦੇ ਨੁਮਾਇੰਦੇ ਅਤੇ ਵਿਸ਼ਾ ਮਾਹਰ ਆਪਣੀ ਵਿਦਿਅਕ ਯੋਗਤਾ ਦੇ ਅਧਾਰ ਤੇ ਇਸ ਕਮੇਟੀ ਦੇ ਮੈਂਬਰ ਨਾਮਜਦ ਹੁੰਦੇ ਹਨ। ਭੂਗੋਲਿਕ ਅਧਾਰ ਤੇ ਵੀ ਮੈਂਬਰਸ਼ਿਪ ਦਿਤੀ ਜਾਂਦੀ ਹੈ। ਇਸ ਦੇ ਸਥਾਈ ਮੈਂਬਰਾਂ ਵਿਚ – ਆਈ.ਐਸ.ਏ., ਆਈ.ਪੀ.ਐਸ.ਏ., ਆਈ.ਏ.ਐਲ.ਐਸ., ਆਈ.ਈ.ਏ., ਆਈ.ਯੂ.ਏ.ਈ.ਐਸ. ਅਤੇ ਇੰਟਰਨੈਸ਼ਨਲ ਯੂਨੀਅਨ ਫਾਰ ਸਾਇੰਟਫਿਕ ਸਟਡੀਜ ਆਫ ਪਾਪੂਲੇਸ਼ਨ, ਇੰਟਰਨੈਸ਼ਨਲ ਯੂਨੀਅਨ ਆਫ ਸਾਈਕਾਲੋਜੀਕਲ ਸਟੱਡੀਜ਼ (ਆਈ.ਯੂ.ਪੀ.ਐਸ.) ਦੀ ਐਸੋਸੀਏਸ਼ਨ ਆਫ਼ ਡਿਵੈਲਪਮੈਂਟ ਰੀਸਰਚ ਐਂਡ ਟ੍ਰੇਨਿੰਗ ਇਨਸਟੀਚਿਊਟਸ ਆਫ਼ ਏਸ਼ੀਆ ਐਂਡ ਦੀ ਪੈਸੀਫਿਕ, ਏ.ਡੀ.ਆਈ.ਪੀ.ਏ., ਦੀ ਕੌਂਸਿਲ ਫਾਰ ਡਿਵੈਲਪਮੈਂਟ ਫਾਰ ਸੋਸ਼ਲ ਸਾਇੰਸ ਰੀਸਰਚ ਇਨ ਅਫਰੀਕਾ (CODESRIA), ਦੀ ਇਨਟਕੋਸਨਲ ਫੈਡਰੇਸ਼ਨ ਆਫ਼ ਲਾਇਬਰੇਰੀ ਐਸੋਸੀਏਸ਼ਨ (ਇਫਲਾ), ਐਫ.ਆਈ.ਡੀ. (FID), ਆਈ.ਐਨ.ਏ.ਐਸ.ਪੀ. (INASP) ਅਤੇ ਇਨਟਰਨੈਸ਼ਨਲ ਸੋਸ਼ਲ ਸਾਇੰਸ ਕੌਂਸਿਲ ਹਨ।

ਇਸ ਕਮੇਟੀ ਨੇ ਆਪਣੀ 40 ਸਾਲਾਂ ਤੋਂ ਵੱਧਦੀ ਹੋਂਦ ਵਿਚ ਬਹੁਤ ਸਾਰੇ ਟੀਚੇ ਪ੍ਰਾਪਤ ਕੀਤੇ ਹਨ। ਇਸ ਦੀਆਂ ਅਨੇਕਾਂ ਪ੍ਰਾਪਤੀਆਂ ਵਿਚੋਂ ਇੰਟਰਨੈਸ੍ਨਲ ਬਿਬਲੀਓਗ੍ਰਾਫੀ ਆਫ ਸੋਸਲ ਸਾਇੰਸ ਦੀਆਂ 4 ਜਿਲਦਾਂ ਵਿਚ ਸੰਸਾਰ ਭਰਦੀਆਂ ਅਰਥ ਸ੍ਰਾਸ੍ਰਤਰ, ਰਾਜਨੀਤੀ, ਸਮਾਜਸ੍ਰਾਸਤਰ, ਸਮਾਜਿਕ ਸਭਿਆਚਾਰ ਨਾਲ ਸੰਬੰਧਿਤ ਸਰਗਰਮੀਆਂ ਦੇ ਪ੍ਰਲੇਖਾਂ ਨੂੰ ਲਿਆ ਜਾਂਦਾ ਹੈ। 90ਵਿਆਂ ਦੌਰਾਨ ਸੰਸਾਰ ਭਰ ਵਿੱਚ ਹੋ ਰਹੀਆਂ ਰਾਜਨੀਤੀ ਆਰਥਿਕ ਤੇ ਸਮਾਜਿਕ ਸਭਿਆਚਾਰਕ ਤਬਦੀਲੀਆਂ ਕਾਰਨ ਬੌਧਿਕ ਖੇਤਰ ਵਿੱਚ ਤਬਦੀਲੀ ਆਈ ਤੇ ਨਵੀ ਸੰਚਾਰ ਸੁਵਿਧਾ ਦੇ ਤਰੀਕਿਆਂ ਨਾਲ ਕਮੇਟੀ ਨੇ ਆਪਣੀ ਨਵੀਂ ਪੇਸ੍ਰਕਸ੍ਰ ਤਿਆਰ ਕੀਤੀ ਜਿਸ ਨੂੰ Position/paper Mission Statement 1992 ਦਾ ਸਿਰਲੇਖ ਦਿੱਤਾ ਗਿਆ ਹੈ।

ਇਹ ਸੰਸਥਾ ਸਮਾਜ ਵਿਗਿਆਨ ਖੋਜ ਅਤੇ ਖੋਜ ਨੀਤੀ ਵਿਚਕਾਰ ਸੰਬੰਧ ਨਿਸਚਿਤ ਕਰਦੀ ਹੈ। ਇਕ ਪਾਸੇ ਇਹ ਸੰਸਥਾ ਸਮਾਜ ਵਿਗਿਆਨ ਸੂਚਨਾ ਤੇ ਪ੍ਰਲੇਖਨ ਅਤੇ ਦੂਜੇ ਪਾਸੇ ਗਿਆਨ ਉਤਪਾਦ ਇਕਾਈ ਤੱਥਾ ਵਿੱਚ ਤਾਲਮੇਲ ਕਰਵਾਉਂਦੀ ਹੈ। ਇਹ ਸਮਾਜ ਵਿਗਿਆਨ ਨੂੰ ਸੂਬਾਈ ਪੱਧਰ ਤੋਂ ਅੰਤਰ ਰਾਸ੍ਰਟਰੀ ਪੱਧਰ ਤੇ ਲਾਗੂ ਕਰਨਾ, ਘਟ ਵਿਕਸਿਤ ਦੇਸ੍ਰਾ ਵਿੱਚ ਵਰਕਸ੍ਰਾਪ, ਸੈਮੀਨਾਰ, ਮੁਢਲੇ ਤੇ ਸੈਕੰਡਰੀ ਸੋਮਿਆ ਰਾਹੀਂ ਸਮਾਜ ਵਿਗਿਆਨ ਸੰਬੰਧੀ ਖੋਜ ਨੂੰ ਵਧਾਉਣ ਦਾ ਉਪਰਾਲਾ ਵੀ ਕਰਦੀ ਹੈ। ਯੂਨੈਸਕੋ ਦੀ ਸਲਾਹ ਨਾਲ ਆਈ. ਸੀ. ਐਸ. ਐਸ. ਡੀ. ਇੰਟਰਨੈਸ੍ਰਨ ਬਿਬਲੀਓਗ੍ਰਾਫੀ ਆਫ਼ ਸੋਸ਼ਲ ਸਾਇੰਸਿਜ਼ ਨੂੰ ਵੱਖ ਵੱਖ ਅੰਤਰਰਾਸ਼ਟਰੀ ਸੂਚਨਾ ਕੇਂਦਰਾਂ ਵਿਚ ਮੁਫਤ ਵੰਡਣ ਦੀ ਸੇਵਾ ਕਰਦੀ ਹੈ। ਇਹ ਸੰਸਥਾ ਯੂਨੈਸਕੋ ਦੇ Most ਪ੍ਰੋਗਰਾਮ ਨਾਲ ਤਰਕਸ੍ਰੀਲ ਸਮਝੌਤਾ ਕਰਨ ਦੀ ਕੋਸ੍ਰਿਸ੍ਰ ਹੈ।

ਇਹ ਸੰਸਥਾ ਸਮਾਜ ਵਿਗਿਆਨ ਨਾਲ ਸਬੰਧਤ ਸੂਚਨਾ ਨੂੰ ਮੰਗ ਤੇ ਵੰਡ ਦੇ ਅਧਾਰ ਤੇ ਨੈਟਵਰਕ ਕਾਨਫਰੰਸ ਤੇ ਛਪਾਈ ਰਾਹੀ ਪੂਰਿਆ ਕਰਦੀ ਹੈ। The inter play of Research and information in MOST 1994, The MOST clearing House, line more data sharing in international comparative S.S Research with in the context of MOST (1996) ਆਦਿ ਬਹੁਤ ਹੀ ਸਫਲਤਾਪੂਰਵਕ ਮੰਗ ਦੀ ਪੂਰਤੀ ਕਰ ਰਹੇ ਹਨ। ICSSD unesco/Most CLASCO Latin American Regional Training Telework Shop ਆਦਿ ਪ੍ਰਲੇਖਨ Most ਦੇ ਸੂਚਨਾ ਤੇ Clearing House ਲਈ ਦੇਣ ਦੇ ਰਹੇ ਹਨ। 1992 ਦੀ ਤਿਆਰ ਨੀਤੀ ਖਰੜੇ ਤੇ ਮਿਸ੍ਰਨ ਸਟੇਟਮੈਂਟ 1992 ਦੇ ਆਧਾਰ ਤੇ ICSSD ਹੋਰ ਪ੍ਰਫੁਲਿਤ ਹੋਵੇਗੀ। ਖੋਜ ਅਤੇ ਯੋਜਨਾ ਲਈ ਵਿਸ੍ਰੇ ਦੇ ਮੁਢਲੇ ਤੇ ਦੂਸਰੇ ਸੋਮਿਆਂ ਲਈ ਸਕਤਰੇਤ ਅਤੇ CLEARING House ਨਾਲ ਤਾਲਮੇਲ ਰਖੇਗੀ ਤਾਂ ਜੋ ਨੈਟ ਵਰਕ ਨੂੰ ਪ੍ਰੇਰਿਆ ਜਾ ਸਕੇ। Most ਦੇ ਵਿਕਾਸ ਲਈ ICSSD ਦੀ ਬਹੁਤ ਮਹੱਤਵਪੂਰਣ ਦੇਣ ਹੈ।

www.icssd.org

**11.3 ਯੂਨਾਈਟਿਡ ਨੇਸ਼ਨਜ਼ ਐਜੂਕੇਸ਼ਨਲ, ਸਾਈਂਟਿਫਿਕ ਐਂਡ ਕਲਚਰਲ ਆਰਗੇਨਾਜੇਸ਼ਨ (ਯੂਨੈਸਕੋ) (United Nations Educational, Scientific and Cultural Organization) :**

www.unesco.org.

ਭਾਰਤ ਅਤੇ ਹੋਰ ਵਿਕਸ੍ਰਿਤ ਦੇਸ੍ਰਾਂ ਲਈ ਸਮਾਜ ਵਿਗਿਆਨ ਸਾਹਿਤ, ਲਾਇਬਰੇਰੀਆਂ ਅਤੇ ਪਰਲੇਖਨ ਕੇਂਦਰਾਂ ਦੇ ਵਿਕਾਸ ਲਈ ਯੂਨੈਸਕੋ ਨੇ ਬਹੁਤ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਯੂਨੈਸਕੋ ਦੀ ਸਥਾਪਨਾ

ਅੰਤਰਰਾਜੀ, ਬੋਧਿਕ ਸਹਿਯੋਗ, ਮੈਂਬਰ ਰਾਜਾਂ ਦੇ ਵਿਕਾਸ ਵਿੱਚ ਤੇਜੀ ਲਿਆਉਣ ਲਈ ਸਹਾਇਤਾ, ਸ਼ਾਤੀ, ਮਨੁੱਖੀ ਅਧਿਕਾਰ ਤੇ ਅੰਤਰ-ਰਾਸ਼ਟਰੀ ਆਪਸੀ ਸਮਝ ਨੂੰ ਪ੍ਰੇਰਿਤ ਕਰਨ ਲਈ ਕੀਤੀ ਗਈ ਹੈ ਇਸਦੇ ਸੰਵਿਧਾਨ ਦਾ ਆਰਟੀਕਲ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਯੂਨੈਸਕੋ ਸਮਾਜ ਵਿਗਿਆਨ ਸਮੱਗਰੀ ਦੀ ਸੰਭਾਲ ਕਰੇਗੀ, ਪ੍ਰਸਾਰਿਤ ਵਿਗਿਆਨ ਨੂੰ ਵਧਾਏਗੀ, ਰਾਸ਼ਟਰ ਦੀਆਂ ਬੌਧਿਕ ਪ੍ਰੀਕ੍ਰਿਆਵਾਂ ਵਿੱਚ ਸਮਝੌਤਾ ਕਰਕੇ ਸੂਚਨਾ ਦੀ ਸਮੱਗਰੀ ਦਾ ਅਦਾਨ-ਪ੍ਰਦਾਨ ਕਰਵਾਏਗੀ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸੰਨ 4 ਨਵੰਬਰ, 1946 ਵਿਚ ਯੂਨੈਸਕੋ ਦੀ ਸਥਾਪਨਾ ਇਸ ਮੰਤਵ ਨਾਲ ਕੀਤੀ ਗਈ ਕਿ ਮਨੁੱਖਤਾ ਦੀ ਭਲਾਈ ਹਿਤ ਅੰਤਰਰਾਸ਼ਟਰੀ ਪਧਰ ਤੇ ਵਿਗਿਆਨਕ ਅਤੇ ਸੰਸਕ੍ਰਿਤ ਸਬੰਧਾਂ ਵਿਚ ਸੁਧਾਰਾਂ ਨੂੰ ਮਜਬੂਤ ਕੀਤਾ ਜਾਵੇ। ਇਸ ਤਰ੍ਹਾਂ UNESCO ਦਾ ਮੁੱਖ ਉਦੇਸ਼ ਚਿਰ-ਸਥਾਈ ਸ਼ਾਂਤੀ ਅਤੇ ਨਿਰੰਤਰ ਵਿਕਾਸ ਕਰਨਾ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਮਨੁੱਖੀ ਸਰੋਤਾਂ ਦਾ ਵਿਕਾਸ ਕੀਤਾ ਜਾਵੇ ਅਤੇ ਸੁਤੰਤਰਤਾ ਦੀ ਕੀਮਤ ਨੂੰ ਜਾਣਿਆ ਜਾ ਸਕੇ। ਸਵੈ ਅਭਿਆਨ, ਨਿਆਂ ਅਤੇ ਗਿਆਨ ਦੀ ਵੰਡ ਹੋ ਸਕੇ।ਸਤੰਬਰ 2016 ਤੱਕ UNESCO ਦੇ 195 ਰਾਜ ਮੈਂਬਰ ਅਤੇ 10 ਐਸੋਸੀਏਟ ਮੈਂਬਰ ਹਨ। ਸੰਸਥਾ 2 ਸਾਲਾਂ ਵਿੱਚ ਇਕ ਵਾਰ ਜਰਨਲ ਕਾਨਫਰੰਸ ਆਯੋਜਿਤ ਕਰਦੀ ਹੈ, ਜਿਸ ਵਿੱਚ ਸਰਗਰਮੀਆਂ ਤੇ ਦਿਸ਼ਾ ਨਿਰਦੇਸ਼ ਨਿਰਧਾਰਿਤ ਕੀਤੇ ਜਾਂਦੇ ਹਨ। ਇਸਦਾ ਪ੍ਰਬੰਧਕੀ ਵਿਭਾਗ ਸਾਲ ਵਿੱਚ 2 ਵਾਰ ਇਕੱਤਰਤਾ ਕਰਦਾ ਹੈ ਜੋ ਵਿੱਤ ਅਤੇ ਨਿਰਧਾਰਿਤ ਪ੍ਰੋਗਰਾਮਾਂ ਦੀ ਜਾਂਚ ਪੜਤਾਲ ਕਰਦਾ ਹੈ। ਯੂਨੈਸਕੋ ਦਾ ਹੈਡ ਆਫ਼ਿਸ ਪੈਰਿਸ (ਫਰਾਂਸ) ਵਿੱਚ ਹੈ। ਇਸ ਦੇ 29 ਸਥਾਨਕ ਦਫ਼ਤਰ 23 ਰਾਸ਼ਟਰੀ ਦਫ਼ਤਰ ਤੇ 3 ਤਾਲਮੇਲ ਦਫ਼ਤਰ ਹਨ।

ਯੂਨੈਸਕੋ ਦਾ ਦਿੱਲੀ ਸਥਿਤ ਦਫ਼ਤਰ ਏਸ਼ੀਆ ਦੀ ਵਿਕੇਂਦਰਿਤ ਸੰਸਥਾ ਹੈ, ਜੋ 1948 ਵਿੱਚ ਸਥਾਪਿਤ ਕੀਤੀ ਗਈ। ਸਥਾਪਨਾ ਵੇਲੇ ਇਹ ਦੱਖਣੀ ਕੇਂਦਰੀ ਏਸ਼ੀਆਂ ਦੇ ਵਿਗਿਆਨ ਅਤੇ ਤਕਨੀਕ ਸਰਗਰਮੀਆਂ ਲਈ 14 ਦੇਸ਼ਾਂ ਨਾਲ ਸਬੰਧਿਤ ਸੀ। ਜਿੰਨਾਂ, ਵਿੱਚ ਅਫ਼ਗਾਨਿਸਤਾਨ, ਬੰਗਲਾਦੇਸ, ਈਰਾਨ, ਭੂਟਾਨ, ਭਾਰਤ, ਮੰਗੋਲੀਆ, ਮਾਈਨਾਮਾਰ (ਬਰਮਾ), ਨੇਪਾਲ, ਪਾਕਿਸਤਾਨ ਅਤੇ ਸ੍ਰੀ ਲੰਕਾ ਸ਼ਾਮਿਲ ਸਨ। ਸੰਸਥਾਂ ਨੇ ਸੰਚਾਰ ਪ੍ਰੋਗਰਾਮ ਵੀ ਈਜਾਦ ਕੀਤਾ ਅਤੇ ਵਿਦਿਅਕ ਸਭਿਆਚਾਰ ਸ਼ਾਮਿਲ ਕਰਕੇ ਸਰਗਰਮੀਆਂ ਵਿੱਚ ਹੋਰ ਵਾਧਾ ਕਰ ਲਿਆ ਗਿਆ ਹੈ। UNESCO ਦੀ ਕੇਂਦਰੀ ਕਰਨ ਨੀਤੀ ਦੇ ਤਹਿਤ ਦਿੱਲੀ ਦਫ਼ਤਰ ਨੂੰ Cluster Office ਦਾ ਰੁੱਤਬਾ ਦਿੱਤਾ ਗਿਆ ਹੈ। ਇਹ ਦਫ਼ਤਰ ਅਜਿਹਾ ਸਥਾਨ ਹੈ ਜਿਥੋਂ ਯੂਨੈਸਕੋ ਦੀਆਂ ਸਾਰੀਆਂ ਪ੍ਰਕ੍ਰਿਆਵਾਂ ਦੀ ਵੰਡ ਵੰਡਾਈ ਹੁੰਦੀ ਹੈ। ਵਿਭਿੰਨ ਵਿਸ਼ਿਆਂ ਵਾਲੀ ਸੰਸਥਾ ਹੈ ਜੋ 2 ਸਾਲਾ ਸਮੂਹਕ ਪ੍ਰੋਗਰਾਮ ਦਿੰਦੀ ਹੈ। ਇਹ ਸੰਸਥਾਗਤ ਤੇ ਸਮੂਹਕ ਉਦੇਸ਼ਾਂ ਨਾਲ ਤਾਲਮੇਲ ਰੱਖਦੀ ਹੈ। ਰਾਸ਼ਟਰੀ ਅਤੇ ਰਾਜਾਂ ਦੇ ਰਿਜਨਲ ਬਿਊਰੋ, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਹੋਰ ਹਿੱਸੇਦਾਰਾਂ ਨਾਲ ਜਿਥੇ ਮਸ਼ਵਰਿਆਂ ਵਿੱਚ ਤਾਲਮੇਲ ਰੱਖਿਆ ਜਾਂਦਾ ਹੈ ਉਥੇ ਉਨ੍ਹਾਂ ਨੂੰ ਪੂਰਾ ਕਰਨ ਦਾ ਯਤਨ ਵੀ ਕਰਦਾ ਹੈ, ਸ੍ਰੀ ਲੰਕਾ ਨੇਪਾਲ, ਮਾਲਦੀਪ, ਭੂਟਾਨ, ਭਾਰਤ, ਬੰਗਲਾਦੇਸ਼ ਆਦਿ ਸਾਰੇ ਦਿੱਲੀ ਦਫ਼ਤਰ ਨਾਲ ਸਬੰਧਿਤ ਹਨ। ਇਸ ਸਮੇਂ ਦੌਰਾਨ ਇਹ ਦਫ਼ਤਰ ਬਤੌਰ Asia Pacfic ਬਿਓਰੋ ਲਈ ਕਮਿਊਨੀਕੇਸ਼ਨ ਐਂਡ ਇਨਫਮੇਸ਼ਨ ਲਈ ਕੰਮ ਕਰਦਾ ਹੈ। ਸਥਾਨਿਕ ਸਲਾਹਕਾਰਾਂ ਰਾਹੀਂ ਯੋਜਨਾਵਾਂ ਦੀ ਪਹਿਲ ਨੂੰ ਇਸ ਤਰ੍ਹਾਂ ਨਿਰਧਾਰਤ ਕੀਤਾ ਜਾਂਦਾ ਹੈ ਤਾਂ ਜੋ ਦੇਸ਼ ਦੇ ਸਮੂਹਾਂ ਦੀਆਂ ਲੋੜਾਂ ਪੂਰੀਆ ਕੀਤੀਆਂ ਜਾ ਸਕਣ।

**11.4 ਯੂਨੈਸਕੋ (UNESCO) ਅਤੇ ਲਾਇਬ੍ਰੇਰੀਆਂ :-** ਪਹਿਲੇ ਵਿਸ਼ਵਯੁੱਧ ਤੋਂ ਹੋਏ ਨੁਕਸਾਨ ਨੂੰ ਪੂਰਨ ਲਈ ਯੂਨੈਸਕੋ ਨੇ ਆਪਣੇ ਮੈਂਬਰ ਰਾਜਾਂ ਨੂੰ ਲਾਇਬ੍ਰੇਰੀ ਅਤੇ ਸੂਚਨਾਂ ਕੇਂਦਰਾਂ ਨੂੰ ਮੁੜ ਉਸਾਰਨ ਵਿਚ ਮਦਦ ਕੀਤੀ। ਪਰ ਹੌਲੀ-ਹੌਲੀ ਮੈਂਬਰ ਰਾਜਾਂ ਲਈ ਲਾਇਬ੍ਰੇਰੀ ਸਾਹਿਤ ਅਤੇ ਪ੍ਰਲੇਖਨ ਦਾ ਕੰਮ ਵੱਧ ਗਿਆ। ਯੂਨੈਸਕੋ ਲਾਇਬਰੇਰੀਆਂ ਵਿਚ ਪ੍ਰਲੇਖਨ ਸੇਵਾ ਅਤੇ ਹੱਥ ਲਿਖਤਾਂ ਦੀ ਸਾਂਭ ਸੰਭਾਲ ਲਈ ਵੀ ਮਦਦ ਦਿੰਦੀ ਹੈ। ਫੰਡਾਂ ਦੀ ਬਹੁਤਾਤ ਤੇ UNESCO ਦੀ ਮਦਦ ਸਦਕਾ ਲਾਇਬ੍ਰੇਰੀ ਅਤੇ ਪ੍ਰਲੇਖਨ ਸੇਵਾ, ਪੁਸਤਕ ਉਤਸਾਹ ਤੇ ਵਟਾਂਦਰਾ, ਕਰਮਚਾਰੀ ਵਿਕਾਸ ਤੇ ਕਿੱਤਾ ਪ੍ਰਬੰਧ ਵਿੱਚ ਮੈਂਬਰ ਰਾਜਾਂ ਨੂੰ ਬਹੁਤ ਲਾਭ ਪ੍ਰਾਪਤ ਹੋਇਆ। ਇਹ ਕ੍ਰਿਆਵਾਂ ਯੂਨੈਸਕੋ ਦੇ ਜਰਨਲ ਸੂਚਨਾ ਪ੍ਰੋਗਰਾਮ ਅਧੀਨ ਆਉਂਦੀਆਂ ਹਨ।

ਸਨ 1976 ਵਿਚ ਯੂਨੈਸਕੋ ਦੀ ਜਨਰਲ ਕਾਨਫਰੰਸ ਦੌਰਾਨ ਯੂਨੀਸਿਸਟ ਅਤੇ ਨੋਟਿਸ ਪ੍ਰੋਗਰਾਮਾਂ ਨੂੰ ਇਕੱਠਾ ਕਰਕੇ ਜਨਰਲ ਇਨਫਰਮੇਸ਼ਨ ਪ੍ਰੋਗਰਾਮ (PGI) ਬਣਾਈ ਗਈ । ਇਹ ਹੇਠ ਲਿਖੇ ਕਾਰਨਾਂ ਕਰਕੇ ਵਿਕਾਸਸ਼ੀਲ ਦੇਸ਼ਾਂ ਦੀਆਂ ਲਾਇਬ੍ਰੇਰੀਆਂ ਤੇ ਪ੍ਰਲੇਖਨ ਕੇਂਦਰਾਂ ਨੂੰ ਨਵੀਂ ਦਿੱਖ ਪ੍ਰਾਪਤ ਹੋਈ।

(i) ਰਾਸ਼ਟਰੀ ਤੇ ਪ੍ਰਦੇਸ਼ਕ ਨੀਤੀਆਂ ਤੇ ਯੋਜਨਾਵਾਂ ਨੂੰ ਬਣਾਉਣਾ ਤੇ ਲਾਗੂ ਕਰਨਾ।

(ii) ਸੂਚਨਾ ਦੀ ਬਣਤਰ ਤੇ Data ਇੱਕਠਾ ਕਰਨ ਲਈ ਵਿੱਧੀਆਂ, ਨਿਯਮ ਤੇ ਸਟੈਂਡਰਡ ਲਾਗੂ ਕਰਨਾ ; ਅਤੇ

(iii) ਵਿਸ਼ੇ ਮਾਹਿਰਾਂ ਤੇ ਸੂਚਨਾਂ ਉਪਭੋਗਤਾਵਾਂ ਦੀ ਸਿਖਲਾਈ ਤੇ ਸਿੱਖਿਆ ਨੂੰ ਪ੍ਰੇਰਿਤ ਕਰਨਾ।

ਭਾਰਤ ਵਿੱਚ ਯੂਨੈਸਕੋ ਨੇ ਲਾਇਬਰੇਰੀ ਅਤੇ ਪ੍ਰਲੇਖ ਕੇਂਦਰਾਂ ਦੇ ਵਿਕਾਸ ਲਈ ਮਹੱਤਵਪੂਰਨ ਰੋਲ ਅਦਾ ਕੀਤਾ। ਸਿੱਖਿਆ, ਸਭਿਆਚਾਰ, ਵਿਗਿਆਨ, ਤਕਨੀਕ, ਲਾਇਬ੍ਰੇਰੀ ਤੇ ਸੂਚਨਾ ਵਿਗਿਆਨ ਦੇ ਖੇਤਰ ਵਿੱਚ ਯੂਨੈਸਕੋ ਨੇ Indian National Commision for Coperation ਰਾਹੀ ਪ੍ਰਕ੍ਰਿਆ ਕੀਤੀ। ਇਸ ਕਮਿਸ਼ਨ ਨੇ ਦੇਸ਼ ਭਰ ਵਿੱਚ ਲਗਭਗ 125 UNESCO ਕਲੱਬ ਖੋਲ੍ਹੇ। ਕਲੱਬਾਂ ਰਾਹੀ ਯੂਨੈਸਕੋ ਅਤੇ ਯੂ.ਐਨ. ਦੀਆਂ ਨੀਤੀਆਂ ਸਬੰਧੀ ਸੂਚਨਾ ਪ੍ਰਸਾਰਿਤ ਕੀਤੀ ਜਾਂਦੀ ਹੈ ਅਤੇ ਵਿਸ਼ਵਸ਼ਾਂਤੀ ਤੇ ਹੋਰ ਸਰਗਰਮੀਆਂ ਲਈ ਪ੍ਰੋਗਰਾਮ ਬਣਾਏ ਜਾਂਦੇ ਹਨ। ਇਸ ਤਰ੍ਹਾਂ ਯੂਨੈਸਕੋ ਕਮਿਸ਼ਨ ਭਾਰਤ ਅਤੇ ਯੂਨੈਸਕੋ ਵਿੱਚ ਤਾਲਮੇਲ ਕਰਵਾਉਂਦਾ ਹੈ। ਪਬਲਿਕ ਲਾਇਬ੍ਰੇਰੀ ਪ੍ਰਬੰਧ ਅਧੀਨ ਯੂਨੈਸਕੋ ਵਲੋਂ ਸਥਾਪਿਤ ਦਿੱਲੀ ਪਬਲਿਕ ਲਾਇਬ੍ਰੇਰੀ ਏਸ਼ੀਆਂ ਦੀ 1951 ਵਿੱਚ ਬਣੀ ਸਭ ਤੋਂ ਵੱਡੀ ਲਾਇਬ੍ਰੇਰੀ ਹੈ। ਲਾਇਬ੍ਰੇਰੀ ਦਾ ਸੰਗ੍ਰਿਹ ਪਹਿਲੇ ਸਾਲ ਦੌਰਾਨ ਹੀ ਲੱਖ ਤੋਂ ਵੱਧ ਗਿਆ। ਰਾਜਧਾਨੀ ਵਿੱਚ ਇਸ ਦੀਆਂ ਕਈ ਬ੍ਰਾਂਚਾ ਹਨ।

**ਇਨਸਡਾਕ (INSDOC) ਹੁਣ ਨਿਸਕੇਯਰ (NISCAIR)** ਭਾਰਤ ਸਰਕਾਰ ਵੱਲੋਂ ਸਥਾਪਿਤ ਯੂਨੈਸਕੋ (UNESCO) ਦੀ ਬਹੁਤ ਵੱਡੀ ਦੇਣ ਹੈ। ਇਸ ਦੇ ਵਿਆਪਕ ਪ੍ਰੋਗਰਾਮ ਤਹਿਤ ਭਾਰਤ ਸਰਕਾਰ ਤੇ ਯੂਨੈਸਕੋ ਦਰਮਿਆਨ ਇਹ ਸਮਝੌਤਾ ਹੋਇਆ ਕਿ ਤਕਨੀਕੀ ਸਹਾਇਤਾ ਦੇਣ ਦੇ ਲਈ ਇਕ ਇਕ ਵਿਸ਼ਾ ਵਿਸੇਸ਼ਗ ਵੱਖਰੀ ਵੱਖਰੀ ਵਿਸ਼ਾ ਸੰਸਥਾਂ ਵੱਲੋਂ ਭੇਜਿਆ ਜਾਵੇਗਾ। ਇਹ ਵਿਸ਼ੇ ਹਨ : ਪ੍ਰਲੇਖਨ ਤੇ ਐਬਸਟਰੈਕਟਿੰਗ, ਫੋਟੋਗ੍ਰਾਫ਼ੀ ਤੇ ਇਕ ਵਿਗਿਆਨ ਐਬਸਟ੍ਰੈਕਟਿੰਗ ਤੇ ਅਨੁਵਾਦ ਲਈ। ਇਸ ਤੋਂ ਇਲਾਵਾ UNESCO ਨੇ 24000 ਡਾਲਰ ਦੇ ਸਾਜ਼ੋ ਸਮਾਨ ਅਤੇ 12000 ਡਾਲਰ ਰਸਾਲਿਆਂ ਲਈ ਦਿੱਤੇ। 3 ਵਜੀਫ਼ੇ ਭਾਰਤੀ ਮਾਹਿਰਾਂ ਲਈ ਦਿੱਤੇ ਜੋ ਵਿਦੇਸ਼ ਵਿਚ ਜਾ ਕੇ ਵਿਗਿਆਨਿਕ ਪ੍ਰਲੇਖਨ ਦੀਆਂ ਤਕਨੀਕਾਂ ਸਿੱਖਣ ਨਿਸਾਤ ਦੀ ਸਥਾਪਨਾ ਭਾਰਤ ਵਿੱਚ ਯੂਨੈਸਕੋ ਦੀ ਇੱਕ ਹੋਰ ਦੇਣ ਹੈ। ਭਾਰਤ ਸਰਕਾਰ ਦੀ ਬੇਨਤੀ ਤੇ 1972 ਵਿੱਚ ਯੂਨੈਸਕੋ ਦੇ ਮਾਹਿਰ ਡਾ. ਪੀਟਰ ਲੇਜ਼ਰ ਆਏ ਅਤੇ ਉਸਦੀਆਂ ਤਜਵੀਜਾਂ ਦੇ ਅਨੁਸਾਰ ਨਿਸਾਤ (NISSAT) ਰਿਵਾਇਤੀ ਤੌਰ ਤੇ ਸਤੰਬਰ 1977 ਵਿੱਚ ਆਰੰਭ ਹੋਇਆ। NISSAT ਮੁੱਖ ਤੌਰ ਤੇ ਸੇਵਾ ਦੇ ਪ੍ਰਬੰਧ ਰਾਹੀ ਸੂਚਨਾ ਸਰੋਤ ਅਤੇ ਸੇਵਾ ਵਿਚਲੇ ਅੰਤਰ ਨੂੰ ਮਿਟਾਉਣ ਲਈ ਵਚਨਬੱਧ ਹੈ। ਇਸਦੇ ਵਿਭਾਗੀ ਸੈਂਟਰ ਬਹੁਤ ਵਧੀਆਂ ਕੰਮ ਕਰ ਰਹੇ ਹਨ। ਹਰ ਵਿਭਾਗੀ ਸੈਂਟਰ ਕੋਲ ਲੋੜ ਅਨੁਸਾਰ ਛਪੀ ਤੇ ਅਣਛਪੀ ਸਮੱਗਰੀ ਹੈ। ਜਿਸ ਵਿੱਚ ਰਸਾਲੇ ਤੇ ਖੋਜ ਰਿਪੋਰਟਾਂ ਸ਼ਾਮਿਲ ਹਨ।ਖੋਜ ਅਤੇ ਉਸਾਰੀ (R & D) ਸੇਵਾਵਾਂ ਅਧੀਨ ਨਿਸਾਤ (NISSAT) ਕਾਫ਼ੀ ਸਰਗਰਮ ਹੈ। ਇਸਦੇ ਪ੍ਰੋਗਰਾਮਾਂ ਨੂੰ ਭਾਰਤ ਸਰਕਾਰ ਹੁਣ ਕੋਈ ਸਹਾਇਤਾ ਨਹੀਂ ਦਿੰਦੀ।

ਵਿਗਿਆਨ ਤੇ ਤਕਨੀਕ ਤੋਂ ਇਲਾਵਾ ਸਮਾਜ ਵਿਗਿਆਨ ਵਿੱਚ ਵੀ ਯੂਨੈਸਕੋ ਨੇ ਯੋਗਦਾਨ ਦਿੱਤਾ ਹੈ। ਯੂਨੈਸਕੋ ਦਾ ਏਸ਼ੀਆ ਪੈਸਿਫਿਕ ਨੈਟਵਰਕ ਸਮਾਜ ਵਿਗਿਆਨ ਦੇ ਖੇਤਰ ਵਿਚ ਬਹੁਤ ਵਧੀਆ ਕੰਮ ਕਰ ਰਿਹਾ ਹੈ।

ਯੂਨੈਸਕੋ CDS-ISIS ਸਾਫਟਵੇਅਰ ਅਤੇ ਸੀ.ਸੀ.ਐਫ਼ (CCF) ਭਾਰਤ ਵਿਚ ਬਹੁਤ ਉਪਯੋਗੀ ਹੋ ਰਹੇ ਹਨ। ਹਜ਼ਾਰਾਂ ਲਾਇਬ੍ਰੇਰੀਆਂ ਇਸ ਦੀ ਵਰਤੋਂ ਕਰ ਰਹੀਆਂ ਹਨ। ਯੂਨੈਸਕੋ (UNESCO) ਦੀਆਂ ਕੋਸ਼ਿਸ਼ਾਂ ਨਾਲ CD Rom Data Base ਤਿਆਰ ਕੀਤੇ ਗਏ ਹਨ। ਜਿਸ ਨਾਲ ਚਲੰਤ ਜਾਗਰੁਕਤਾ (Current Awareness) ਸੇਵਾ ਦਿਤੀ ਜਾਂਦੀ ਹੈ। ਯੂਨੈਸਕੋ ਦੀ ਮਦਦ ਨਾਲ ਭਾਰਤ ਵਿਚ ਥੀਸਾਰਸ ਬਣਾਉਣ, ਸੂਚਨਾ ਪ੍ਰਣਾਲੀਆਂ ਅਤੇ ਡਾਟਾ ਭੰਡਾਰਣ ਆਦਿ ਬਾਰੇ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ।

ਕਿੱਤਾਕਾਰੀ ਸਿਖਲਾਈ ਲਈ ਯੂਨੈਸਕੋ ਨੇ ਦਿੱਲੀ ਯੂਨੀਵਰਸਿਟੀ ਵਿੱਚ ਇੰਸਟੀਚਿਊਟ ਆਫ਼ ਲਾਇਬ੍ਰੇਰੀ ਸਾਇੰਸ ਦੀ ਸਥਾਪਨਾ ਕੀਤੀ। 1964 ਵਿੱਚ ਯੂਨੈਸਕੋ ਨੇ ਸਹਾਇਤਾ ਦੇਣੀ ਬੰਦ ਕਰ ਦਿੱਤੀ। ਸਿੱਟੇ

ਵਜੋਂ ਇੰਸਟੀਚਿਊਟ ਆਫ਼ ਲਾਇਬ੍ਰੇਰੀ ਸਾਇੰਸ ਨੂੰ ਦਿਲੀ ਯੂਨੀਵਰਸਿਟੀ ਦੇ ਲਾਇਬ੍ਰੇਰੀ ਡਿਪਾਰਟਮੈਂਟ ਵਿੱਚ ਸ਼ਾਮਿਲ ਕਰ ਦਿਤਾ। ਹੁਣ ਤੱਕ ਅਨੇਕਾਂ ਵਿਦਿਆਰਥੀ ਇਥੋਂ ਲਾਇਬ੍ਰੇਰੀ ਸਾਇੰਸ ਵਿੱਚ ਬੈਚੂਲਰ, ਮਾਸਟਰ, ਐਮ.ਫਿਲ, ਤੇ ਪੀ.ਐਚ.ਡੀ ਕਰ ਚੁੱਕੇ ਹਨ ਅਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸੇਵਾ ਕਰ ਰਹੇ ਹਨ।

ਸਿਖਿਆ, ਸਭਿਆਚਾਰ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰਾਂ ਵਿਚ ਯੂਨੈਸਕੋ ਦੇ ਪ੍ਰੋਗਰਾਮਾਂ ਅਤੇ ਕਾਰਵਾਈਆਂ ਨੇ ਵੀ ਦੇਸ਼ ਵਿਚ ਲਾਇਬਰੇਰੀਆਂ ਦੇ ਵਿਕਾਸ ਵਿਚ ਮਦਦ ਦਿਤੀ ਹੈ। ਉਦਾਹਰਣ ਵਜੋਂ ਯੂਨੈਸਕੋ ਨੇ ਦਿਲੀ ਵਿਖੇ ਯੂਨੈਸਕੋ ਰੀਸਰਚ ਸੈਂਟਰ ਆਨ ਸੋਸ਼ਲ ਐਂਡ ਇਕਨਾਮਿਕ ਡਿਵੈਲਪਮੈਂਟ ਇਨ ਸਾਊਥ ਏਸ਼ੀਆ, ਏਸ਼ੀਅਨ ਇਨਸਟੀਚਿਊਟ ਆਫ਼ ਐਜੂਕੇਸ਼ਨ ਪਲੈਨਰਜ ਐਂਡ ਐਡਮਿਨਿਸਟਰੈਟਰਜ਼ ਅਤੇ ਸੈਂਟਰ ਫਾਰ ਐਜੂਕੇਸ਼ਨ ਟੈਕਨਾਲੋਜੀ ; ਜੋਧਪੁਰ ਵਿਖੇ ਸੈਂਟਰ ਏਰਿਡ ਜੋਨ ਇਨਸਟੀਚਿਊਟ ਤੇ ਕਈ ਸੰਸਥਾਵਾਂ ਰਾਹੀ ਸਿੱਖਿਆ ਸੱਭਿਆਚਾਰ ਤੇ ਹੋਰ ਖੇਤਰਾਂ ਵਿੱਚ ਯੋਗਦਾਨ ਪਾਇਆ ਹੈ। ਇਨ੍ਹਾਂ ਸੰਸਥਾਵਾਂ ਦੀਆਂ ਲਾਇਬਰੇਰੀਆਂ ਨੂੰ ਯੂਨੈਸਕੋ ਨੇ ਬਹੁਤ ਮਦਦ ਦਿਤੀ ਹੈ।

ਵਿਕਾਸਸ਼ੀਲ ਦੇਸ਼ਾਂ ਵਿੱਚ ਲਾਇਬ੍ਰੇਰੀ ਅਤੇ ਸੋਸ਼ਲ ਸਾਇੰਸ ਦੇ ਲਿਟਰੇਚਰ ਦੇ ਵਾਧੇ ਲਈ ਯੂਨੈਸਕੋ ਨੇ ਬਹੁਤ ਕੰਮ ਕੀਤੇ। ਖਾਸ ਕਰਕੇ ਸੈਮੀਨਾਰ ਆਯੋਜਿਤ ਕਰਨੇ, ਤਕਨੀਕੀ ਮਦਦ, ਸੂਚਨਾਂ ਤੇ ਗਿਆਨ ਦੇ ਭੰਡਾਰੇ ਨੂੰ ਵਧਾਉਣਾ ਤੇ ਵੰਡਣਾ। ਯੂਨੈਸਕੋ ਵਲੋਂ ਗਰੀਬ ਦੇਸ਼ਾਂ ਦੀਆਂ ਲਾਇਬ੍ਰੇਰੀਆਂ ਨੂੰ ਵਿੱਤੀ ਸਹਾਇਤਾ, ਸਾਂਝੇ ਸਮਾਨ ਅਤੇ ਜਰਨਲਜ ਦਾ ਸੰਗ੍ਰਹਿ ਕਰਨ ਲਈ ਵਿਤੀ ਸਹਾਇਤਾ ਦੇਣੀ ਬਹੁਤ ਹੀ ਸ਼ਲਾਘਾਯੋਗ ਦੇਣ ਹੈ।

**11.5 ਅੰਤਰਰਾਸ਼ਟਰੀ ਰਾਜਨੀਤੀ ਵਿਗਿਆਨ ਐਸੋਸੀਏਸ਼ਨ (IPSA) (International Political Science Association www.ipsa.co.in):-** 1949 ਵਿੱਚ ਯੂਨੈਸਕੋ ਦੀ ਸਰਪ੍ਰਸਤੀ ਹੇਠ ਆਈ.ਪੀ.ਐਸ.ਏ. (IPSA) ਦਾ ਸੰਗਠਨ ਹੋਇਆ। ਉਦੋਂ ਤੋਂ ਹੀ ਇਸ ਦੇ ਅੰਗਾਂ ਵਜੋਂ ਰਾਸ਼ਟਰੀ ਰਾਜਨੀਤੀ ਵਿਗਿਆਨ ਦੇ ਸੰਗਠਨਾਂ ਦੀ ਰੂਪ ਰੇਖਾ ਸਿਰਜੀ ਗਈ। ਇਸ ਦੇ ਬਾਨੀ ਮੈਂਬਰਾਂ ਵਿੱਚ ਅਮਰੀਕਾ, ਕੈਨੇਡਾ, ਫਰਾਂਸ ਤੇ ਭਾਰਤ ਦੇ ਰਾਜਨੀਤੀ ਵਿਗਿਆਨ ਸੰਗਠਨ ਸ਼ਾਮਲ ਹਨ। 1950 ਵਿੱਚ ਚਾਰ ਹੋਰ ਰਾਸ਼ਟਰੀ ਸੰਸਥਾਵਾਂ ਇਸ ਵਿੱਚ ਜੁੜ ਗਈਆਂ। ਇਹ ਸਨ ਇਸਰਾਈਲ, ਪੋਲੈਂਡ, ਸਵੀਡਨ, ਬ੍ਰਿਟੇਨ ਜਦ ਕਿ ਆਸਟੀਰੀਆ, ਬੈਲਜੀਅਮ, ਗਰੀਸ ਅਤੇ ਮੈਕਸੀਕੋ 1951 ਵਿੱਚ ਸ਼ਾਮਿਲ ਹੋਏ। 1956 ਵਿੱਚ 6 ਹੋਰ ਦੇਸ਼, ਬਰਾਜੀਲ, ਫਿਨਲੈਂਡ, ਜਰਮਨੀ, ਇਟਲੀ, ਜਪਾਨ ਤੇ ਯੈਗੋਸਵਾਲੀਆ ਇਸ ਦੇ ਮੈਂਬਰ ਬਣ ਗਏ। 1950 ਦੇ ਦਹਾਕੇ ਵਿੱਚ 10 ਹੋਰ ਰਾਸ਼ਟਰੀ ਸੰਗਠਨ ਦੇ ਮੈਂਬਰ ਬਣ ਗਏ। ਆਸਟਰੇਲੀਆ ਤੇ ਨੀਦਰਲੈਂਡ 1954, ਲੰਕਾ, ਕਿਊਬਾ, ਸੋਵੀਅਤ ਯੂਨੀਅਨ 1955, ਮਿਸਰ ਤੇ ਨਾਰਵੇ 1956, ਲੈਬਨਾਨ ਤੇ ਸਪੇਨ 1958 ਤੇ 1959 ਵਿੱਚ ਸਵਿਟਜ਼ਰਲੈਂਡ ਮੈਂਬਰ ਬਣੇ। ਇਸ ਸਮੇਂ ਕੇਵਲ 42 ਸੰਸਥਾਵਾਂ ਹੀ ਮੈਂਬਰ ਹਨ ਕਿਉਂਕਿ ਕੁਝ ਰਾਸ਼ਟਰੀ ਸੰਸਥਾਵਾਂ ਨੇ ਮੈਂਬਰਸ਼ਿਪ ਵਾਪਿਸ ਲੈ ਲਈ ਹੈ।

ਆਈ.ਪੀ.ਐਸ.ਏ. (IPSA) ਨੂੰ ਫ਼ੀਸ ਦੇਣ ਦੇ ਸਬੰਧ ਵਿੱਚ ਸਮੂਹਿਕ ਮੈਂਬਰਾਂ ਨੂੰ ਉਨ੍ਹਾਂ ਦੀ ਫੀਸ ਦੇਣ ਦੀ ਸਮਰੱਥਾ ਦੇ ਆਧਾਰ ਤੇ ਕਈ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। 1960ਵਿਆਂ ਤੋਂ ਮੈਂਬਰਾਂ ਦੀ ਵੰਡ ਯੂਨੈਸਕੋ ਬਜਟ ਵਿਚ ਪਾਏ ਯੋਗਦਾਨ ਦੇ ਸਾਪੇਖ (relative) ਹੈ। ਹਰ ਇਕ ਰਾਸ਼ਟਰੀ ਸਮੂਹਕ ਸੰਸਥਾ ਆਈ.ਪੀ.ਐਸ.ਏ. (IPSA) ਦੇ ਇਕ, ਦੋ ਜਾਂ ਤਿੰਨ ਮੈਂਬਰਾਂ ਦੇ ਰੂਪ ਵਿਚ ਪ੍ਰਤਿਨਿਧਤਾ ਕਰ ਸਕਦੀ ਹੈ। ਕੌਂਸਲ ਗਾਈਡ ਲਾਈਨ ਨਿਰਧਾਰਿਤ ਕਰਦੀ ਹੈ ਅਤੇ ਪ੍ਰਬੰਧਕੀ ਕਮੇਟੀ ਦੀ ਚੋਣ ਕਰਦੀ ਹੈ, ਜਿਹੜੀ ਕਿ ਸੰਸਥਾ ਦਾ ਕੰਮ ਕਾਜ ਸੰਭਾਲਦੀ ਹੈ।

1950ਵਿਆਂ ਦੇ ਸ਼ੁਰੂ ਵਿੱਚ ਵਿਅਕਤੀਗਤ ਅਤੇ ਸੰਸਥਾਗਤ ਦੋ ਹੋਰ ਕਿਸਮ ਦੇ ਮੈਂਬਰ ਇਸ ਦੇ ਨਾਲ ਜੁੜੇ। 1952 ਵਿੱਚ 52 ਵਿਅਕਤੀਗਤ ਮੈਂਬਰਾਂ ਤੋਂ ਇਸ ਵਿੱਚ ਨਿਰੰਤਰ ਵਾਧਾ ਹੋਇਆ। 1960 ਦੇ ਅੰਤ ਤੇ 1970 ਦੇ ਆਰੰਭ ਵਿੱਚ ਇਹ ਵਿਅਕਤੀਗਤ ਮੈਂਬਰ ਤਕਰੀਬਨ 400 ਤੋਂ 500 ਤਕ ਹੋ ਗਏ। 1970 ਤੋਂ ਹੁਣ ਤੱਕ 1000 ਤੋਂ ਵੱਧ ਮੈਂਬਰ ਹਨ। ਰਾਜਨੀਤੀ ਵਿਗਿਆਨ ਦੇ ਸਹਿਯੋਗੀ ਮੈਂਬਰ 1960 ਤੋਂ ਹੁਣ ਤੱਕ 100 ਤੋਂ ਵੱਧ ਹਨ। IPSA ਦੀ ਮੁੱਖ ਅਕਾਦਮਿਕ ਕਾਰਵਾਈ ਵਿਦਵਾਨਾਂ ਦੀ ਇੱਕਤਰਤਾ ਕਰਨੀ ਹੈ, ਸੰਮੇਲਨ-ਛੋਟੇ ਛੋਟੇ ਪ੍ਰੋਗਰਾਮਾਂ ਤੋਂ ਬਹੁਤ ਵੱਡੇ ਅੰਤਰਰਾਜ਼ੀ ਸੰਮੇਲਨ ਬਣਨ ਲੱਗੇ ਹਨ ਜਿਸ ਵਿੱਚ 2000 ਤੋਂ ਵੱਧ ਡੈਲੀਗੇਟ ਪੁੱਜਦੇ ਹਨ। ਇੰਨ੍ਹਾਂ ਸੰਮੇਲਨਾਂ ਤੋਂ ਬਿਨਾਂ IPSA ਇਕੱਤਰਤਾਵਾਂ ਨੂੰ ਮਾਨਤਾ ਦਿੰਦੀ ਹੈ ਜਿਵੇਂ ਕਿ ਗੋਲਮੇਜ ਕਾਨਫਰੰਸ ਦੇ

ਵਰਕਸ਼ਾਪਾ ਲਗਾਉਣੀਆਂ, ਖੋਜ ਕਮੇਟੀ ਤੇ ਸਟੱਡੀਜ਼ ਗਰੁੱਪ ਤਿਆਰ ਕਰਨੇ, ਤਿੰਨ ਸਾਲਾ ਮਹਾਂ ਸੰਮੇਲਨਾਂ ਦੀ ਸੂਚੀ ਦਾ ਪ੍ਰਬੰਧ, ਖੋਜ ਕਮੇਟੀ ਤੇ ਸਟੱਡੀਜ਼ ਗਰੁੱਪ ਦਾ ਪ੍ਰਬੰਧ, ਨਿਊਜ਼ ਲੈਟਰ ਅਤੇ ਹੋਰ ਪ੍ਰਕਾਸ਼ਨਾਵਾਂ ਦੇ ਅੰਕ ਲੜੀਬੱਧ ਕਰਨੇ ਆਦਿ ਕੰਮ ਕਰਦੀ ਹੈ।

ਪ੍ਰਕਾਸ਼ਨਾਵਾਂ ਦੇ ਖੇਤਰ ਵਿੱਚ IPSA ਦੀ ਬਹੁਤ ਭਾਰੀ ਦੇਣ ਹੈ। ਸੰਸਥਾਂ ਦੀ ਆਪਣੀ ਹੀ ਇਕ ਪ੍ਰਕਾਸ਼ਨ ਯੋਜਨਾ ਹੈ। 1951 ਵਿੱਚ ਇੰਟਰਨੈਸ਼ਨਲ ਪੁਲੀਟੀਕਲ ਸਾਇੰਸ ਐਬਸਟਰੈਕਟ ਜੋ ਸਾਲ ਵਿੱਚ 6 ਵਾਰ ਸਾਹਮਣੇ ਆਉਂਦੀ ਹੈ ਅਤੇ 1995 ਤੋਂ CD Rom ਵਿੱਚ ਵੀ ਉਪਲੱਬਧ ਕਰਵਾਈ ਜਾਂਦੀ ਹੈ। 1980 ਤੋਂ IPS Review ਤੀਮਾਹੀ ਛਾਪਿਆ ਗਿਆ ਜੋ ਖੇਤਰ ਦੇ ਸਾਰੇ ਵਿਸ਼ਿਆਂ ਨੂੰ ਸ਼ਾਮਿਲ ਕਰਦਾ ਹੈ। ਪੁਸਤਕ ਲੜੀ 1970 ਤੋਂ ਆਰੰਭ ਕੀਤੀ ਗਈ ਜੋ Advances in Political Sciences : An International Series ਦੇ ਨਾਂ ਤੇ ਆਰੰਭ ਹੋਈ। IPSA ਦਾ ਆਪਣਾ News Letter PARTICIPATIONS ਦੇ ਨਾਮ ਤੇ ਛਾਪਿਆ ਜਾਂਦਾ ਹੈ।

**ਬਣਤਰ** :

| | | | | |
|---|---|---|---|---|
| INDIVIDUAL MEMBERS | | COLLECTIVE MEMBERS (national poli.sc.associations) | | INSTITUTIONAL MEMBERS |
| | ↘ | ↓ | | |
| RESEARCH COMMITTEES *ELECT THE RC LIAISON REPRESENTATIVE | → | IPSA COUNCIL *ELECTS THE VOTING MEMBERS OF THE EC | → | COUNCIL IS COMPOSED OF : - Collective Members - Individual Members |
| ↓ | | ↓ | | |
| RC LIASION REPRESENTATIVE (1) *EC NON VOTING MEMBER | → | | ← | EDITORS (5) *EC NON VOTING MEMBERS |
| | | | | |
| EC SUB-COMMITTEE * CHAIRS OF THESE SUB-COMMITTEES ARE CHOSEN AMONG VOTING MEMBERS OF THE EC. | ← | IPSA EXECUTIVE COMMITTEE | → ← | SECRETARIAT (2) *SECRETARY GENERAL (NAMED BY THE EC) AND THE ADMINISTRATOR OF THE SECRETARIAT ARE NON-VOTING MEMBERS OF THE EC |

**ਪ੍ਰਬੰਧਕੀ ਕਮੇਟੀ** :

ਆਈ.ਪੀ.ਐਸ.ਏ. (IPSA) ਦੇ ਸੰਵਿਧਾਨ ਅਨੁਸਾਰ ਪ੍ਰਬੰਧਕੀ ਕਮੇਟੀ ਦੇ ਘੱਟ ਤੋਂ ਘੱਟ 12 ਤੇ ਵੱਧ ਤੋਂ ਵੱਧ 18 ਮੈਂਬਰ ਹੋਣੇ ਚਾਹੀਦੇ ਹਨ, ਜਿਸ ਵਿਚ ਪ੍ਰਧਾਨ ਤੇ ਸਾਬਕਾ ਪ੍ਰਧਾਨ ਵੀ ਸ਼ਾਮਲ ਹਨ। R.C. Liasion ਅਤੇ ਵੋਟ ਨਾ ਪਾਉਣ ਵਾਲੇ ਨੁਮਾਇੰਦੇ ਵੀ ਮੀਟਿੰਗ ਵਿਚ ਆਉਂਦੇ ਹਨ। ਸੈਕਟਰੀ ਜਰਨਲ, ਪ੍ਰਬੰਧਕ, ਚੇਅਰਮੈਨ IPSA Publications ਅਤੇ IPSA ON LINE ਦੇ Editor ਵੀ ਸ਼ਾਮਲ ਹੁੰਦੇ ਹਨ। ਪ੍ਰਬੰਧਕ ਕਮੇਟੀ ਵਿਅਕਤੀਗਤ ਮੈਂਬਰਾਂ ਦੇ ਪੱਧਰ ਨਿਸ਼ਚਿਤ ਕਰਦੀ ਹੈ। ਇਹਨਾਂ ਦਾ ਕੁੱਲ ਨੰਬਰ 30% ਤੋਂ ਵੱਧ ਨਹੀਂ ਹੋਣਾ ਚਾਹੀਦਾ ਜਿਨ੍ਹਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚੋਂ ਲਿਆ ਜਾਂਦਾ ਹੈ :

- ਵਿਅਕਤੀਗਤ ਤੇ ਸੰਗਠਿਤ ਮੈਂਬਰ ਉਹਨਾਂ ਦੇਸ਼ਾਂ ਜਾਂ ਇਲਾਕਿਆਂ ਤੋਂ ਲੈਣੇ ਜਿਨ੍ਹਾਂ ਦੇ ਕੋਈ ਪਹਿਲਾ ਸੰਯੁਕਤ ਮੈਂਬਰ ਨਾ ਹੋਣ।
- ਆਈ.ਪੀ.ਐਸ.ਏ. (IPSA), ਖੋਜ ਕਮੇਟੀਆਂ ਅਤੇ ਸਟੱਡੀ ਗਰੁੱਪਾਂ ਦੇ ਚੇਅਰਪਰਸਨ ਤੇ ਸੈਕਟਰੀ ; ਅਤੇ
- ਆਈ.ਪੀ.ਐਸ.ਏ. ਦੀ ਆਪਣੀ ਪ੍ਰਕਾਸ਼ਨਾਵਾਂ ਦਾ ਸੰਪਾਦਕੀ ਮੰਡਲ।

ਕੌਂਸਲ ਮੈਂਬਰ 3 ਸਾਲ ਵਿਚ IPSA ਦੇ ਵਿਸ਼ਵ ਸੰਮੇਲਨ ਵਿਚ ਇਕਤਰ ਹੋਣਗੇ।

## ਕਾਰਜਕਾਰੀ ਕਮੇਟੀ ਦੀਆਂ ਉਪ ਕਮੇਟੀਆਂ

ਕਾਰਜਕਾਰੀ ਕਮੇਟੀ ਉਪ-ਕਮੇਟੀਆਂ ਦੀ ਸਥਾਪਨਾ ਕਰਦੀ ਹੈ। ਉਹਨਾਂ ਦੇ ਉਹੀ ਅਧਿਕਾਰ ਹੁੰਦੇ ਹਨ ਜੋ ਪ੍ਰਬੰਧਕੀ ਕਮੇਟੀ ਉਹਨਾਂ ਨੂੰ ਦਿੰਦੀ ਹੈ। 8 ਉਪ ਕਮੇਟੀਆਂ ਹੇਠ ਲਿਖੇ ਅਨੁਸਾਰ ਹਨ :

1. ਕਮੇਟੀ ਆਨ ਆਰਗੀਨਾਈਜੇਸ਼ਨ ਐਂਡ ਪ੍ਰੋਸੀਜ਼ਰ।
2. ਖੋਜ ਤੇ ਸਿਖਲਾਈ ਕਮੇਟੀ।
3. 2006 ਕਾਂਗਰਸ ਪ੍ਰੋਗਰਾਮ ਕਮੇਟੀ।
4. ਮੈਂਬਰਸ਼ਿਪ ਦੇਣ ਵਾਲੀ ਕਮੇਟੀ।
5. ਪੁਰਸਕਾਰ ਦੇਣ ਵਾਲੀ ਕਮੇਟੀ।
6. ਕਮੇਟੀ ਆਨ ਪਾਰਟੀਸੀਪੇਸ਼ਨ
7. ਬਜਟ ਕਮੇਟੀ
8. ਪਰਮਾਨੈਂਟ ਵਰਕਿੰਗ ਗਰੁਪ ਆਨ ਪਬਲੀਕੇਸ਼ਨ

## ਸੰਪਾਦਕ

ਸੰਪਾਦਕ ਕਾਰਜਕਾਰੀ ਕਮੇਟੀ ਦੇ ਨਾਨ ਵੋਟਿੰਗ ਮੈਂਬਰ ਹੁੰਦੇ ਹਨ, ਉਹ ਹੇਠ ਲਿਖੇ ਅਨੁਸਾਰ ਹਨ :

- ਇਨਟਰਨੈਸ਼ਨਲ ਪੁਲੀਟੀਕਲ ਸਾਇੰਸ ਐਬਸਟ੍ਰੈਕਟ (International Political Science Abstract) (IPSA) ਦੇ ਐਡੀਟਰ ਤੇ ਸਹਾਇਕ ਐਡੀਟਰ
- ਇਨਟਰਨੈਸ਼ਨਲ ਪੁਲੀਟੀਕਲ ਸਾਇੰਸ ਰਿਵਿਊ (Intenational Political Science Review) (IPSR) ਦੇ ਦੋਵੇਂ ਸਹਾਇਕ ਐਡੀਟਰ
- ਆਈ.ਪੀ.ਐਸ.ਏ. ਆਨਲਾਈਨ (IPSA ONLINE) ਅਤੇ (IPSA ਇੰਟਰਨੈਟ ਸਰਚ ਇੰਜਨ ਦੇ ਨੁਮਾਇੰਦੇ)

## ਸਕਤਰੇਤ

ਸਕੱਤਰ ਜਨਰਲ ਪ੍ਰਬੰਧ ਕਮੇਟੀ ਦਾ ਪ੍ਰਤਿਨਿਧਿੱਤਵ ਕਰਦਾ ਹੈ, ਉਹ IPSA ਦਾ ਪ੍ਰਬੰਧਕ ਵੀ ਹੁੰਦਾ ਹੈ ਅਤੇ ਪ੍ਰਬੰਧਕੀ ਕਮੇਟੀ ਦੀਆਂ ਇਕੱਤਰਤਾਵਾਂ ਦੌਰਾਨ ਸੈਕਟਰੀ ਦਾ ਕੰਮ ਕਰਦਾ ਹੈ। ਉਹ ਮੀਟਿੰਗ ਦੇ ਕਾਰਜ ਦੇ ਵੇਰਵੇ ਦਾ ਜੁੰਮੇਵਾਰ ਹੁੰਦਾ ਹੈ। IPSA WORLD CONGRESS ਤੇ ਹੋਰ ਇੱਕਤਰਤਾਵਾਂ ਵੀ ਉਹ ਹੀ ਕਰਵਾਉਦਾ ਹੈ।

## 11.6 ਇਨਟਰਨੈਸ਼ਨਲ ਸੋਸ਼ੋਲੋਜੀਕਲ ਐਸੋਸੀਏਸ਼ਨ (ਆਈ.ਐਸ.ਏ.) (International Sociological Association) :

ਇਹ ਸਮਾਜ ਸ਼ਾਸ਼ਤਰ ਤੇ ਸਮਾਜ ਵਿਗਿਆਨ ਵਿਸ਼ੇ ਦੀ ਲਾਭ ਨਾ ਕਮਾਉਣ ਵਾਲੀ ਸੰਸਥਾ ਹੈ ਇਹ ਵੀ ਯੂਨੈਸਕੋ ਦੀ ਸਰਪ੍ਰਸਤੀ ਹੇਠ 1949 ਵਿਚ ਬਣਾਈ ਗਈ ਸੀ। ਇਸ ਦਾ ਮਨੋਰਥ ਵਿਚਾਰਧਾਰਾ ਦੀ ਵਿਭਿੰਨਤਾ, ਵਿਗਿਆਨਕ ਸੋਚ ਜਾਂ ਸਿਧਾਂਤਕ ਰਾਏ ਤੋਂ ਉੱਪਰ ਉਠ ਸੰਸਾਰ ਦੇ ਵੱਖ ਵੱਖ ਸਮਾਜ ਸ਼ਾਸ਼ਤਰੀਆਂ ਦੀ ਰਾਵਾਂ ਨੂੰ ਪੇਸ਼ ਕਰਨਾ ਅਤੇ ਸਮਾਜ ਸ਼ਾਸ਼ਤਰੀ ਗਿਆਨ ਦਾ ਪਰਸਾਰ ਕਰਨਾ ਹੈ। ਇਸਦੇ 109 ਦੇਸ਼ ਮੈਂਬਰ ਹਨ। ਇਹ ਇਨਟਰਨੈਸ਼ਨਲ ਸੋਸ਼ਲ ਸਾਇੰਸ ਕੌਂਸਿਲ ਦਾ ਮੈਂਬਰ ਹੈ ਤੇ ਯੂਨੈਸਕੋ ਵਲੋਂ ਇਸ ਨੂੰ ''ਗੈਰ ਸਰਕਾਰੀ ਸੰਸਥਾ'' ਦਾ ਅਹੁਦਾ ਪ੍ਰਾਪਤ ਹੈ। ਇਸੇ ਤਰ੍ਹਾਂ ਇਸ ਨੂੰ ਸੰਯੁਕਤ ਰਾਸ਼ਟਰ ਦੀ ਇਕਨਾਮਿਕ ਐਂਡ ਸੋਸ਼ਲ ਕੌਂਸਿਲ ਵਲੋਂ ''ਵਿਸ਼ੇਸ਼ ਸਲਾਹਕਾਰੀ'' ਖਿਤਾਬ ਹਾਸਲ ਹੈ।

ਇਸ ਦੇ ਮੈਂਬਰਾਂ ਵਲੋਂ 5-11 ਸਤੰਬਰ 1949 ਨੂੰ Oslo ਵਿਖੇ ਜੋ ਸੰਵਿਧਾਨਕ ਸੰਮੇਲਨ ਆਯੋਜਿਤ ਕੀਤਾ ਗਿਆ, ਜਿਸ ਦੌਰਾਨ ਇਸ ਦੀ ਸਥਾਪਨਾ ਹੋਈ। ਆਈ.ਐਸ.ਏ. (ISA) ਕੌਂਸਲ ਦੀ ਕ੍ਰਮਵਾਰ 1970 ਵਿਚ ਵਾਰਨਾ, 1974 ਵਿਚ ਟੋਰਾਂਟੋ, 1978 ਉਪਾਸਨਾ, 1982 ਵਿਚ ਮੈਕਸੀਕੋ ਅਤੇ 1984 ਵਿਚ ਨਵੀਂ ਦਿਲੀ ਵਿਖੇ ਹੋਈਆਂ ਮੀਟਿੰਗਾਂ ਵਿਚ ਸੰਵਿਧਾਨਕ ਸੋਧਾਂ ਕੀਤੀਆਂ ਗਈਆਂ, ਜਿਨ੍ਹਾਂ ਸਾਰੀਆਂ ਸੋਧਾਂ ਨੂੰ 1993 ਵਿਚ ਗਾਵਲੇ (ਸਵੀਡਨ) ਵਿਚ ਹੋਈ ਮੀਟਿੰਗ ਵਿਚ ਪਰਵਾਨ ਕਰ ਲਿਆ ਗਿਆ।

**ਪ੍ਰਕਾਸ਼ਨਾਵਾਂ**


1. ਇੰਟਰਨੈਸ਼ਨਲ ਸ਼ੋਸ਼ਿਆਲੋਜੀ
2. ਆਈ.ਐਸ.ਰੀਵੀਓ ਆਫ ਬੁਕਸ
3. ਕਰੰਟ ਸ਼ੋਸ਼ਿਆਲੋਜੀ
4. ਸੇਜ ਸਟੱਡੀਜ ਇਨ ਇਨਟਰਨੈਸ਼ਨਲ ਸੋਸ਼ਿਆਲੋਜੀ
5. ਈ-ਬੁਲੇਟਿਨ
6. ਰੀਜਨਲ ਕਾਨਫਰੈਂਸਿਜ਼
7. ਹਿਸਟਰੀ ਆਫ ਆਈ.ਐਸ.ਏ. : 1949-1997
8. ਬੁਕਸ ਆਫ ਦਾ ਸੈਨਚੂਰੀ

ਆਈ.ਐਸ.ਏ. ਦੇ ਕਾਰਜਾਂ ਦੀ ਨਿਗਰਾਨੀ ਅਸੈਂਬਲੀ ਆਫ ਕੌਂਸਿਲ ਰਾਂਹੀ ਕੀਤੀ ਜਾਂਦੀ ਹੈ, ਜਿਸ ਵਿਚ ਕੌਂਸਲ ਆਫ ਨੈਸਨਲ ਐਸੋ: ਤੇ ਰੀਸਰਚ ਕੌਂਸਲ ਦੇ ਮੈਂਬਰ ਹੁੰਦੇ ਹਨ। ਕੌਂਸਿਲ ਆਫ ਨੈਸ਼ਨਲ ਅਸੈਂਬਲੀ ਵਿਚ ਇਕ ਮੈਂਬਰ ਹਰੇਕ ਮੈਂਬਰ ਦੇਸ਼ ਦਾ ਤੇ ਖੋਜ ਕੌਂਸਿਲ ਵਿਚ ਖੋਜ ਕਮੇਟੀ ਅਤੇ ISA ਦੀ ਵਿਗਿਆਨ ਕਮੇਟੀ ਦੇ ਸਹਿਯੋਗੀ ਮੈਂਬਰ ਸ਼ਾਮਲ ਹਨ। ਇਸ ਦੇ ਨਿਯਮ "Aims & Requirement For Research Committee" ਵਿਚ ਦਸੇ ਗਏ ਹਨ। ਹਰੇਕ ਪਲਾਨ ਦੇ ਸਮੇਂ ਵਿਚ ਵਿਸ਼ਵ ਸੰਮੇਲਨ ਦੌਰਾਨ ਅਸੈਬਲੀ ਪ੍ਰਧਾਨ ਤੇ ਵਾਈਸ-ਪ੍ਰਧਾਨ ਚੁਣੇ ਜਾਂਦੇ ਹਨ। ਹਰੇਕ ਕੌਂਸਿਲ 8 ਕਾਰਜਕਾਰੀ ਮੈਂਬਰ ਚੁਣਦੀ ਹੈ। ਕਾਰਜਕਾਰੀ ਕਮੇਟੀ ਮੀਟਿੰਗਾਂ ਦਾ ਕੰਮ ਕਾਜ ਦੇਖਦੀ ਹੈ, ਜਦੋਂਕਿ ਐਸੋਸੀਏਸ਼ਨ ਦੀ ਸਕੱਤਰੇਤ ਮੀਟਿੰਗਾਂ ਦੇ ਫੈਸਲਿਆਂ ਨੂੰ ਲਾਗੂ ਕਰਵਾਉਂਦੀ ਹੈ ਅਤੇ ਹੋਰ ਪ੍ਰਬੰਧਕੀ ਕੰਮ-ਕਾਜ਼ ਵੇਖਦੀ ਹੈ। ਕਾਰਜਕਾਰੀ ਕਮੇਟੀ ਦੇ ਮੈਂਬਰ ਹੇਠ ਲਿਖੀਆਂ ਵਿਚੋ ਇਕ ਜਾਂ ਦੂਜੀ ਕਮੇਟੀ ਦੀ ਪ੍ਰਤਿਨਿਧਤਾ ਕਰਦੇ ਹਨ :

- ਰੀਸਰਚ ਕੋਆਰਡੀਨੇਟਿੰਗ ਕਮੇਟੀ
- ਨੈਸ਼ਨਲ ਐਸੋਸੀਏਸ਼ਨ ਲਾਇਅਨ ਕਮੇਟੀ
- ਪ੍ਰੋਗਰਾਮ ਕਮੇਟੀ
- ਮੈਂਬਰਸ਼ਿਪ ਐਂਡ ਫਾਇਨਾਂਸ ਕਮੇਟੀ
- ਪਬਲੀਕੇਸ਼ਨ ਕਮੇਟੀ
- ਆਈ.ਐਸ.ਏ. ਡੈਲੀਗੇਟਸ ਆਫ਼ ਆਈ.ਐਸ.ਏ. ਟੂ ਅਦਰ ਇੰਟਰਨੈਸ਼ਨਲ ਆਰਗੇਨਾਈਜੇਸ਼ਨਜ਼

ਮੈਡ੍ਰਿਡ (Madrid) ਯੂਨੀਵਰਸਿਟੀ ਦਾ ਰਾਜਨੀਤੀ ਅਤੇ ਸ਼ੋਸ਼ਿਆਲੋਜੀ ਵਿਭਾਗ ਇਸ ਸੰਸਥਾ ਦੀ ਸਕੱਤਰੇਤ ਦੀ ਮੇਜ਼ਬਾਨੀ ਕਰਦਾ ਹੈ। ਐਸੋਸੀਏਸ਼ਨ ਦੀਆਂ ਕਾਰਵਾਈਆਂ ਅਤੇ ਕੰਮਾਂ ਤੇ ਆਉਣ ਵਾਲੇ ਖਰਚਿਆਂ ਦੀ ਪੂਰਤੀ ਲਈ 90% ਮੈਂਬਰਸ਼ਿਪ ਫੀਸਾਂ ਅਤੇ ਪ੍ਰਕਾਸ਼ਨਾਵਾਂ ਦੀ ਵੇਚ ਅਤੇ 10% ਯੂਨੈਸਕੋ ਵਲੋਂ ਪ੍ਰਾਪਤ ਗ੍ਰਾਂਟ ਵਿਚੋਂ ਕੀਤੀ ਜਾਂਦੀ ਹੈ।

**ਪ੍ਰਬੰਧ ਦੀ ਬਣਤਰ**




## 11.7 ਇਨਟਰਨੈਸ਼ਨਲ ਸ਼ੋਸ਼ਲ ਸਾਇੰਸ ਕੌਂਸਲ (ISSC) (International Social Science Council) :

ਇਹ ਅੰਤਰਰਾਸ਼ਟਰੀ ਪੱਧਰ ਦੀ ਲਾਭ ਨਾ ਕਮਾਉਣ ਵਾਲੀ ਸੰਸਥਾ ਹੈ ਜਿਸ ਦਾ ਮੁੱਖ ਦਫ਼ਤਰ ਯੂਨੈਸਕੋ ਹਾਊਸ, ਪੈਰਿਸ ਵਿਚ ਹੈ। ਇਸ ਦਾ ਉਦੇਸ਼ ਸਾਰੇ ਸੰਸਾਰ ਵਿਚ ਸਮਾਜਿਕ ਅਤੇ ਵਿਵਹਾਰਕ ਵਿਗਿਆਨਾਂ ਦਾ ਵਿਕਾਸ ਕਰਕੇ ਮਨੁੱਖੀ ਸਮਾਜ ਨੂੰ ਪ੍ਰਫੁੱਲਤ ਕਰਨਾ ਹੈ। ਇਸ ਦੀ ਪੂਰਤੀ ਲਈ ਇਨਟਰਨੈਸ਼ਨਲ ਸੋਸ਼ਲ ਸਾਇੰਸ ਕੌਂਸਲ ਸਾਰੇ ਸੰਸਾਰ ਦੀਆਂ ਸਮਾਜਿਕ ਅਤੇ ਵਿਵਹਾਰਕ ਵਿਗਿਆਨਾਂ ਨਾਲ ਜੁੜੀਆਂ ਸੰਸਥਾਵਾਂ ਅਤੇ ਵਿਦਵਾਨਾਂ ਨੂੰ ਅੱਤਰ-ਵਿਸ਼ਾ ਅਤੇ ਬਹੁ-ਵਿਸ਼ਾ (Multi Discipline) ਖੋਜ ਕੰਮ ਕਰਨ ਲਈ ਪ੍ਰੇਰਣਾ ਅਤੇ ਸਹਿਯੋਗ ਦਿੰਦੀ ਹੈ। ਇਸ ਦੀ ਸਥਾਪਨਾ ਯੂਨੈਸਕੋ ਦੀ 1951 ਵਿਚ ਹੋਈ ਛੇਵੀਂ ਜਨਰਲ ਕਾਨਫਰੈਂਸ ਵਲੋਂ ਪਾਸ ਕੀਤੇ ਮਤੇ (Resolution) ਵਜੋਂ ਸੰਨ 1952 ਵਿਚ ਕੀਤੀ ਗਈ। ਸੰਨ 1972 ਵਿਚ ਕੌਂਸਿਲ ਨੂੰ 11 ਅੰਤਰਰਾਸ਼ਟਰੀ ਐਸੋਸੀਏਸ਼ਨਾਂ ਦਾ ਸੰਘ (Federation) ਬਣਾਇਆ ਗਿਆ। ਹੁਣ ਇਹ ਗਿਣਤੀ 11 ਤੋਂ ਵੱਧ ਕੇ 14 ਹੋ ਗਈ ਹੈ। 1992 ਵਿਚ ਨਵਾਂ ਸੰਵਿਧਾਨ ਲਾਗੂ ਕੀਤਾ ਗਿਆ ਜਿਸ ਅਨੁਸਾਰ ਇਸ ਵਿਚ ਰਾਸ਼ਟਰੀ ਅਤੇ ਖੇਤਰੀ ਸੰਗਠਨਾਂ ਦਾ ਪ੍ਰਾਵਧਾਨ ਰਖਿਆ ਗਿਆ ਹੈ।

ਇਸ ਦੀ ਬਣਤਰ ਇਸ ਪ੍ਰਕਾਰ ਹੈ :

(i) **ਮੈਂਬਰ ਐਸੋਸੀਏਸ਼ਨਾਂ** : ਅੰਤਰਰਾਸ਼ਟਰੀ ਗੈਰ-ਸਰਕਾਰੀ ਐਸੋਸੀਏਸ਼ਨਾਂ ਅਤੇ ਸਮਾਜ ਵਿਗਿਆਨਾਂ ਅਤੇ ਵਿਵਹਾਰਕ -ਵਿਗਿਆਨਾਂ ਨਾਲ ਸਬੰਧਤ ਸੰਗਠਨ ;

**(ii)** **ਮੈਂਬਰ ਸੰਸਥਾਵਾਂ** : ਪ੍ਰਤਿਨਿਧੀ ਰਾਸ਼ਟਰੀ ਸਾਇੰਸ ਕੌਂਸਿਲਾਂ ਅਤੇ ਸਾਇੰਸ ਅਕਾਦਮੀਆਂ ਦੇ ਸਬੰਧਤ ਭਾਗ ਅਤੇ ਸਮਾਜ ਵਿਗਿਆਨਾਂ ਦੀਆਂ ਪ੍ਰਤਿਨਿਧੀ ਸੰਸਥਾਵਾਂ ਅਤੇ ਕੌਂਸਿਲਾਂ ; ਅਤੇ

**(iii)** **ਸਹਿਯੋਗੀ ਮੈਂਬਰ** : ਇਨਟਰਨੈਸ਼ਨਲ ਸੋਸ਼ਲ ਸਾਇੰਸ ਕੌਂਸਲ ਦੀਆਂ ਗਤੀਵਿਧੀਆਂ ਵਿਚ ਸਹਿਯੋਗ ਦੇਣ ਹਿਤ ਰਾਸ਼ਟਰੀ, ਖੇਤਰੀ ਅਤੇ ਰਾਸ਼ਟਰੀ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਇਸ ਦੀ ਬਣਤਰ ਵਿਚ ਸ਼ਾਮਲ ਹੁੰਦੀਆਂ ਹਨ।

ਇਨਟਰਨੈਸ਼ਨਲ ਸੋਸ਼ਲ ਸਾਇੰਸ ਕੌਂਸਲ ਦੀ ਜਨਰਲ ਬਾਡੀ ਜਿਸਦੇ ਕੰਮਕਾਜ਼ ਅਤੇ ਫੈਸਲੇ ਲੈਣ ਵਾਲੀ ਅਧਿਕਾਰਤ ਸੰਸਥਾ ਹੈ। ਕਾਰਜਕਾਰਣੀ ਕੌਂਸਿਲ ਦੇ ਕੰਮਕਾਜ ਅਤੇ ਜਨਰਲ ਬਾਡੀ ਦਾ ਕੰਮ ਵੇਖਦੀ ਹੈ।

**ਉਦੇਸ਼ (Mission)** :

ਸਮਾਜ ਵਿਗਿਆਨ ਲਈ ਵਿਕਾਸ ਨੂੰ ਜਾਰੀ ਰਖਣਾ ਤੇ ਉਤਸ਼ਾਹਿਤ ਕਰਨਾ : 21ਵੀਂ ਸਦੀ ਵਿੱਚ ਸਮਾਜ ਵਿਗਿਆਨ ਤੇ ਸਮਾਜ ਨੀਤੀ ਬਾਰੇ ਵਿਆਨਾ ਸੰਮੇਲਨ ਜੋ ਕਿ ISSC ਦੀ 50ਵੀਂ ਵਰੇਗੰਢ ਮਨਾਉਣ ਲਈ ਸੱਦਿਆ ਗਿਆ ਸੀ ਤੇ ਨਿਰਧਾਰਿਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਦਾ ਨਿਸ਼ਾਨਾ ਮਿਥਿਆ ਸੀ, ਤਾਂ ਜੋ ਪਾਰਦਰਸ਼ਤਾ, ਸਰਬਵਿਆਪਕਤਾ ਤੇ ਨੀਤੀ ਸਿਧਾਂਤ ਵਧੇਰੇ ਪ੍ਰੌੜ੍ਹ ਹੋਣ। ਵਰਲਡ ਸੋਸ਼ਲ ਸਾਇੰਸ ਦੇ ਸਹਿਯੋਗ ਨਾਲ ਬਣੇ ਢਾਂਚੇ ਨੂੰ ਲਾਗੂ ਕਰਨ ਲਈ ਹੇਠ ਲਿਖੇ ਕਦਮ ਚੁੱਕੇ ਗਏ :

(i) ਅੰਤਰ ਰਾਸ਼ਟਰੀ ਸਮਾਜ ਵਿਗਿਆਨ ਖੋਜ ਨੂੰ ਨਿਰੰਤਰ ਤੇ ਵਿਕਾਸਮਈ ਬਣਾਉਣ।

(ii) ਸਮਾਜ ਨਿਆਂ, ਲੋਕਤੰਤਰ ਤੇ ਸ਼ਾਤੀ

(iii) ਵਿਸ਼ੇ ਦੀ ਉਪਭੋਗਤਾ ਸੰਬੰਧੀ ਯੂ.ਐਨ ਤੇ ਯੂਨੈਸਕੋ ਦੁਆਰਾ ਸਮਾਜ ਵਿਗਿਆਨਾਂ ਦੇ ਵਿਕਾਸ ਅਤੇ ਵਰਤੋ ਪ੍ਰੋਗਰਾਮਾਂ ਦੀ ਪ੍ਰੌੜ੍ਹਤਾ ਕਰਨੀ।

(iv) ਸਮਾਜ ਵਿਗਿਆਨ ਸਬੰਧੀ ਗਿਆਨ ਪੈਦਾ ਕਰਨ ਵਾਲੀਆਂ ਕਾਰਜ ਨੀਤੀਆਂ ਨੂੰ ਪ੍ਰੇਰਿਤ ਕਰਨਾ ਜੋ ਵਿਗਿਆਨਕ ਗੁਣ ਤੇ ਨੀਤੀ ਅਧਾਰਿਤ ਹੋਣ।

(v) ਦਰਸ਼ਨ ਸ਼ਾਸਤਰ, ਮਨੁੱਖੀ ਅਧਿਐਨ ਅਤੇ ਕੁਦਰਤੀ ਵਿਗਿਆਨਾਂ ਦੀ ਮਦਦ ਨਾਲ ਅੰਤਰ ਵਿਸ਼ਾ ਖੋਜ ਨੂੰ ਉਤਸਾਹਿਤ ਕਰਨਾ।

(vi) ਇਸ ਦੀ ਸਮਰੱਥਾ ਵਧਾਉਣ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਹਿਮਾਇਤ ਕਰਨੀ।

**ਕਾਰਜ ਵਿਧੀ (Strategies) :**

ਕੌਂਸਿਲ ਦੁਆਰਾ ਮਿੱਥੇ ਉਦੇਸ਼ਾਂ ਦੀ ਪੂਰਤੀ ਲਈ ਹੇਠ ਲਿਖੀ ਕਾਰਜ ਵਿਧੀ ਨਿਯਤ ਕੀਤੀ ਗਈ :

(i) ਸਮਾਜ ਵਿਗਿਆਨ ਦੇ ਪ੍ਰਬੰਧ ਅਤੇ ਵਿਕਾਸ ਵਿਚ ਅੰਤਰਰਾਸ਼ਟਰੀ, ਰਾਸ਼ਟਰੀ ਹੈ : ਅਤੇ ਖੇਤਰੀ ਪੱਧਰ ਦੇ ਕੰਮ ਕਰ ਰਹੀਆਂ ਸੰਸਥਾਵਾਂ ਦੀਆਂ ਕਾਰਵਾਈਆਂ ਨੂੰ ਉਤਸਾਹਿਤ ਕਰਨ ਲਈ ''ਵਰਲਡ ਸੋਸ਼ਲ ਸਾਇੰਸ ਇਨੀਸ਼ਿਏਟਿਵ (WSSI) ਦਾ ਵਿਕਾਸ ਕਰਨਾ।

(ii) ਨਵੇਂ ਗਲੋਬਲ ਮਸਲਿਆਂ ਦੇ ਅਧਿਐਨ ਲਈ ਦਰਸ਼ਨ ਸ਼ਾਸਤਰ, ਮਨੁੱਖੀ ਅਧਿਐਨਾਂ ਅਤੇ ਕੁਦਰਤੀ ਵਿਗਿਆਨਾਂ ਦੀ ਮਦਦ ਨਾਲ ਸਮਾਜ ਵਿਗਿਆਨਾਂ ਵਿਚ ਅੰਤਰ ਵਿਸ਼ਾ ਅਧਿਐਨ ਨੂੰ ਪ੍ਰੋਤਸਾਹਿਤ ਕਰਨਾ।

(iii) ਯੂਨੈਸਕੋ, ਯੂ.ਐਨ ਦੀ ਹੋਰ ਸੰਸਥਾਵਾਂ ਅਤੇ ਅੰਤਰ ਰਾਸ਼ਟਰੀ ਗੈਰ-ਸਰਕਾਰੀ ਸੰਸਥਾਵਾਂ ਦਰਮਿਆਨ ਸਹਿਯੋਗ ਵਧਾਉਣਾ।

(iv) ਸੰਸਾਰ ਦੇ ਵਿਕਾਸਸ਼ੀਲ ਦੇਸ਼ਾਂ ਵਿਚ ਖੋਜ ਅਧਿਆਪਨ ਅਤੇ ਸਿਖਲਾਈ ਲਈ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸਾਹਿਤ ਕਰਨਾ।

(v) ਕੌਂਸਿਲ ਦੀਆਂ ਸੰਚਾਰਣ, ਪ੍ਰਸਾਰਣ ਅਤੇ ਖੋਜ ਪ੍ਰੋਗਰਾਮਾਂ ਨੂੰ ਵਧਾਉਣਾ।

(vi) ਨੌਜਵਾਨ ਖੋਜੀਆਂ ਦੀ ਅੰਤਰਰਾਸ਼ਟਰੀ ਸਮਾਜ ਵਿਗਿਆਨ ਵਿਚ ਸਮੂਲੀਅਤ ਤੇ ਜੋਰ ਦੇਣਾ।

**ਪ੍ਰਕਿਰਿਆ :**

ਕੌਂਸਲ ਗੈਰ ਸਰਕਾਰੀ ਤੇ ਅੰਤਰ ਰਾਸ਼ਟਰੀ ਸੰਸਥਾਵਾਂ ਨਾਲ ਜਿਵੇਂ ਯੂਨੈਸਕੋ ਦਰਮਿਆਨ ਸਹਿਯੋਗ ਤੇ ਜੋਰ ਦਿੰਦੀ ਹੈ ਅਤੇ ਅੰਤਰ-ਵਿਸ਼ਾ ਖੋਜ ਪੋਜੈਕਟਾਂ ਨੂੰ ਉਤਸ਼ਾਹਿਤ ਕਰਦੀ ਹੈ। ਕੁਝ ਵਿਸ਼ੇਸ਼ ਕਾਰਵਾਈਆਂ ਹੇਠ ਲਿਖੇ ਅਨੁਸਾਰ ਹਨ :

- ਹਰ ਦੋ ਸਾਲ ਬਾਅਦ ਜਰਨਲ ਅਸੈਂਬਲੀ ਆਯੋਜਿਤ ਕਰਨੀ (25ਵੀਂ ਨਵੰਬਰ 2004 ਵਿਚ ਹੋਈ ਸੀ)
- ਆਈ ਐਸ ਐਸ ਸੀ ਵਲੋਂ ਗੋਸ਼ਟੀਆਂ ਆਯੋਜਿਤ ਕਰਨੀਆਂ
- ਕੌਂਸਿਲ ਵਲੋਂ ਅੰਤਰ-ਵਿਸ਼ਾ ਵਿਗਿਆਨਿਕ ਪ੍ਰੋਗਰਾਮਾਂ ਦੇ ਸਿਮਪੋਜ਼ੀਅਮ ਆਯੋਜਿਤ ਕਰਨੇ।
- ਰੀਸਰਚ ਪ੍ਰੋਜੈਕਟ

ਇਸ ਤੋਂ ਇਲਾਵਾ ਮੈਂਬਰ ਆਪਣੇ ਆਪ ਗੋਸ਼ਟੀਆਂ ਤੇ ਸੰਮੇਲਨ ਆਯੋਜਿਤ ਕਰਦੇ ਹਨ।

**ਪ੍ਰਕਾਸ਼ਨਾਵਾਂ**

(a) ਤਿਮਾਹੀ ਨਿਊਜ ਲੈਟਰ ਜੋ ਕਿ ਇੰਟਰਨੈਸ਼ਨਲ ਸ਼ੋਸਲ ਸਾਇੰਸ ਜਰਨਲ ਦੇ ਹਿਸੇ ਵਜੋਂ ਛਪਦਾ ਹੈ।
(b) ਸਲਾਨਾ ਪ੍ਰਕਿਰਿਆ ਰੀਪੋਰਟ
(c) ਹੈਂਡ ਬੁਕ
(d) ਰੀਸਰਚ ਮੋਨੋਗ੍ਰਾਫ :
  (i) Social Science at Crossroads. Proccedings of the international confrence on social science in 21st century. ਵਿਆਨਾ, ਆਸਟ੍ਰੀਆ 9-11 ਦਸੰਬਰ 2002. Leszek A. Kosinski ਅਤੇ Kurt Pawlik ਤੇ ਇਸ ਦੀ ਸੰਪਾਦਨਾ ਕੀਤੀ ਪੈਰਿਸ-2003
  (ii) ਇੰਟਰਨੈਸ਼ਨਲ ਸ਼ੋਸਲ ਸਾਇੰਸ ਦੇ 50 ਸਾਲ by Jannifer platt.
  (iii) ਇੰਨਰਨੈਸ਼ਨਲ ਸ਼ੋਸਲ ਸਾਇੰਸ ਕੌਂਸਲ ਪੈਰਿਸ 2002
  (iv) ਐਡਵਾਂਸਿਸ ਇਨ ਸੋਸ਼ੋਲੋਜੀਕਲ ਨੋਲਜ ਐਡੀਟਰ Nikolai Genov ਪੈਰਿਸ ISSC 2002
  (v) ਇੰਟਰ ਨੈਸ਼ਨਲ ਸ਼ੋਸਲ ਸਾਇੰਸ ਡੇਟਾ ਸਰਵਿਸ ਸਕੋਪ ਐਂਡ ਅਸੋਸੇਬਿਲਟੀ ਵਲੋਂ Ekkehard Mochmann. Cologne, 2002
  (vi) International S.S. Council Hand book 2002 paris
  (vii) Quels partenariats pour la ville? Approches internationate edited by Vincent Hoffmann-Martinot and Leszek A.Kosinski CERVL: Serie Vie Locale, No. 15 CISS/UNESCO. Les Edition Pedone, 1999.154pp.
  (viii) Poverty in the 1990's: The Responses of Urban Women. Ed. Fatima Meer. UNESCO/ISSC, Paris 1994.
  (ix) Le devenir de la famille. Djamchid Behnam. 1992.
  (x) New Directions in Conflict Theroy conflict Resolution and Conflict Transformation. Ed. Raimo Vayrynen. SAGE Pb 1991.
  (xi) Les Changements des Habitudes et des politiques alimentaires en CISS/CIPSH/CIUS, Paris 1991.
  (xii) Women in Science Ed. Veronica Stolte-Heiskanen.
  (xiii) Scientific Programme.
(e) News letters.

(f) Work Plans.

(g) Research Reports, Monographs.

**11.8 ਲੰਡਨ ਸਕੂਲ ਆਫ ਇਕਨੋਮਿਕ ਐਡ ਪੁਲੀਟੀਕਲ ਸਾਇੰਸ (London School of Economics and Political Science) :**

ਲੰਡਨ ਸਕੂਲ ਆਫ਼ ਇਕਨਾਮਿਕ ਐਂਡ ਪੁਲੀਟੀਕਲ ਸਾਇੰਸ ਦੀ ਸਥਾਪਨਾ 1895 ਵਿੱਚ ਮਾਗਟਨ ਸਟ੍ਰੀਟ ਵਿਖੇ ਘਟਨਾਵਾਂ ਅਤੇ ਵਸਤੂਆਂ ਦੇ ਕਾਰਨ ਜਾਨਣ ਦੇ ਉਦੇਸ਼ ਨਾਲ ਪ੍ਰੋਫੈਸਰ ਐਂਥੋਨੀ ਗਿੱਡਨ ਦੀ ਦੇਖ ਰੇਖ ਵਿਚ ਹੋਈ।

ਲੰਡਨ ਸਕੂਲ ਸਮਾਜ ਵਿਗਿਆਨ ਦੇ ਸਾਰੇ ਵਿਸ਼ਿਆਂ ਵਿਚ ਖੋਜ ਲਈ ਵਧੀਆ ਸੰਸਥਾ ਹੈ। ਇਹ ਸਕੂਲ ਲੰਡਨ ਸ਼ਹਿਰ ਦੇ ਕੇਂਦਰ ਵਿਚ ਬ੍ਰਿਟਿਸ਼ ਲਾਇਬਰੇਰੀ ਅਤੇ ਬ੍ਰਿਟਿਸ਼ ਮਿਊਜ਼ਿਅਮ ਤੋਂ ਥੋੜ੍ਹੇ ਹੀ ਫਾਸਲੇ ਤੇ ਸਥਿਤ ਹੈ। ਇਸ ਦੀ ''ਬ੍ਰਿਟਿਸ਼ ਲਾਇਬਰੇਰੀ ਆਫ਼ ਪੁਲੀਟੀਕਲ ਐਂਡ ਇਕਨਾਮਿਕ ਸਾਇੰਸ'' ਸ਼ਾਇਦ ਸਮਾਜ ਵਿਗਿਆਨੀ ਵਿਸ਼ਿਆਂ ਦੀ ਦੁਨੀਆਂ ਦੀ ਸਭ ਤੋਂ ਵਧੀਆ ਲਾਇਬਰੇਰੀ ਹੈ।

ਇਸ ਸਕੂਲ ਨੇ ਹਮੇਸ਼ਾ ਹੀ ਵਿਦੇਸ਼ੀ ਯਾਤਰੂਆਂ ਅਤੇ ਵਿਦਵਾਨਾਂ ਨੂੰ ਆਪਣੇ ਵਲ ਆਕਰਸ਼ਿਤ ਕੀਤਾ ਹੈ। ਇਸ ਸਮੇਂ ਸਾਰੇ ਵਿਦਿਆਰਥੀਆਂ ਦਾ ਇਕ ਤਿਹਾਈ ਅਤੇ ਅੱਧੇ ਗ੍ਰੈਜੂਏਟ ਵਿਦਿਆਰਥੀ ਵਿਦੇਸ਼ੀ ਹਨ। 90 ਤੋਂ ਵੱਧ ਦੇਸ਼ ਇਸ ਦੇ ਨੁਮਾਇੰਦੇ ਹਨ। ਹਰੇਕ ਸਾਲ ਲਗਭਗ 100 ਵਿਦਵਾਨ ਵਿਦੇਸ਼ਾਂ ਤੋਂ ਇਥੇ ਪੁੱਜਦੇ ਹਨ।

ਇਸ ਸਕੂਲ ਵਿਚ ਸਮਾਜ ਵਿਗਿਆਨ ਉਤੇ ਹੀ ਪੜ੍ਹਾਈ ਤੇ ਖੋਜ ਹੁੰਦੀ ਹੈ। ਕਿੱਤਾਕਾਰੀ ਯੋਗਤਾ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ। ਖੋਜ ਵਿੱਚ ਵਿਸ਼ੇਸ਼ਤਾ ਵਿਕਸਤ ਕਰਕੇ ਅਤੇ ਸਿਖਲਾਈ ਦੇ ਪੱਧਰ ਨੂੰ ਉਚਾ ਚੁਕਣ ਲਈ ਹੇਠ ਲਿਖੇ ਪ੍ਰਬੰਧ ਕੀਤੇ ਜਾਂਦੇ ਹਨ :

(i) ਲੰਡਨ ਯੂਨੀਵਰਸਿਟੀ ਦੇ ਐਮ.ਫਿਲ ਅਤੇ ਪੀ. ਐਚ. ਡੀ. ਦੇ ਖੋਜਾਰਥੀਆਂ ਦੀ ਨਿਗਰਾਨ ਬਣਦੀ ਹੈ ;

(ii) ਥੋੜੇ ਸਮੇਂ ਅਤੇ ਬਿਨਾ ਡਿਗਰੀ ਕੀਤੀ ਜਾਣ ਵਾਲੀ ਖੋਜ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ;

**ਉੱਚ ਪੱਧਰੀ ਸਿਖਲਾਈ** ਦੇ ਖੇਤਰ ਵਿਚ ਇਹ ਸਕੂਲ ਲੰਡਨ ਯੂਨੀਵਰਸਿਟੀ ਦੀ ਮਾਸਟਰ ਡਿਗਰੀਆਂ ਅਤੇ ਡਿਪਲੋਮਾ ਕੋਰਸਾਂ ਦੇ ਵਿਦਿਆਰਥੀਆਂ ਲਈ ਲੈਕਚਰ, ਕਲਾਸਾਂ, ਨਿਜੀ ਦੇਖਰੇਖ ਆਦਿ ਦਾ ਪ੍ਰਬੰਧ ਕਰਦਾ ਹੈ।

ਕਿਉਂਕਿ ਇਹ ਕਾਲਜ ਲੰਡਨ ਯੂਨੀਵਰਸਿਟੀ ਦਾ ਕਾਲਜ ਹੀ ਹੈ ਇਸ ਲਈ ਵਿਦਿਆਰਥੀ ਯੂਨੀਵਰਸਿਟੀ ਦੀਆਂ ਸਹੂਲਤਾਂ ਮਾਣ ਸਕਦੇ ਹਨ। ਜੋ ਵਿਦਿਆਰਥੀ ਅੰਤਰ ਕਾਲਜ ਪ੍ਰਬੰਧ ਹੇਠ ਦਰਜ ਹਨ ਉਹ ਇਥੇ ਰਹਿੰਦਿਆਂ ਦੂਸਰੇ ਕਾਲਜਾਂ ਦੀ ਸਹੂਲਤ ਵੀ ਲੈ ਸਕਦੇ ਹਨ।

ਉਪਰੋਕਤ ਤੋਂ ਇਲਾਵਾ ਵੱਖ ਵੱਖ ਪੱਧਰ ਦੀ ਵਿਆਪਕ ਖੋਜ ਨੂੰ ਉਤਸਾਹਿਤ ਕੀਤਾ ਜਾਂਦਾ ਹੈ। ਇਹ ਖੇਤਰ ਹੇਠ ਲਿਖੇ ਅਨੁਸਾਰ ਹਨ :

(i) ਇਨਟਰਨੈਸ਼ਨਲ ਅਧਿਐਨ ਕੇਂਦਰ

(ii) ਵਿਉਪਾਰ ਇਤਿਹਾਸ ਯੂਨਿਟ

(iii) ਅੰਤਰਰਾਜੀ ਸੈਂਟਰ ਫਾਰ ਇਕਨਾਂਮਿਕ ਐਂਡ ਰੀਲੇਟਿਡ ਡਸਿਪਲਿਨ

(iv) ਡਿਸੀਜ਼ਨ ਐਨਾਲੀਸਿਸ ਯੂਨਿਟ

(v) ਇੰਡਸਟਰੀਅਲ ਰੀਲੇਸ਼ਨਜ

(vi) ਗਰੇਟਰ ਲੰਡਨ ਗਰੁਪ

(vii) ਸੈਂਟਰ ਫਾਰ ਲੇਬਰ ਇਕਨਾਮਿਕਸ

**ਪ੍ਰਕਾਸ਼ਨਾਵਾਂ (Publications ) :**

(i) ਇਕਨੋਮਿਕਾ (ਤ੍ਰੈਮਾਸਿਕ ਜਰਨਲ ਆਫ਼ ਅਰਥਸ਼ਾਸ਼ਤਰ ਅੰਕੜਾ ਤੇ ਅਰਥ ਇਤਿਹਾਸ)

(ii) ਬ੍ਰਿਟਿਸ਼ ਜਰਨਲ ਆਫ ਸੋਸ਼ਿਆਲੋਜੀ

(iii) ਬ੍ਰਿਟਿਸ਼ ਜਰਨਲ ਆਫ ਇੰਡਸਟਰੀਅਲ ਰੀਲੇਸ਼ਨ ਤ੍ਰੈਮਾਸਿਕ

(iv) ਜਰਨਲ ਆਫ ਟਰਾਂਸਪੋਰਟ ਇਕਨਾਮਿਕਸ ਐਂਡ ਪਾਲਿਸੀ

(v) ਪਾਪੂਲੇਸ਼ਨ ਸਟਡੀਜ ਮਿਲੇਨੀਅਨਸ (ਸਾਲ ਵਿਚ ਤਿੰਨ ਵੇਰ)
(vi) ਆਈ. ਐਸ. ਈ. ਹੈਂਡਬੁਕ ਇਨ ਇਕਨਾਮਿਕਸ ਐਨਾਲੀਸਿਜ
(vii) ਗੋਰਮਿੰਟ ਐਂਡ ਅਪੋਜੀਸ਼ਨ (ਤ੍ਰੈਮਾਸਿਕ)
(viii) ਏ ਲੰਡਨ ਬਿਬਲੀਓਗ੍ਰਾਫੀ ਆਨ ਸੋਸ਼ਲ ਸਾਇੰਸਜ
(ix) ਵੇਰੀਅਸ ਸੀਰੀਜ਼ ਆਫ ਲੈਕਚਰਜ, ਡਿਸਕਸ਼ਨ ਪੇਪਰ, ਜੋਗਰਾਫੀਕਲ ਪੇਪਰ
(x) ਮੋਨੋਗ੍ਰਾਫ ਆਫ ਸ਼ੋਸ਼ਲ ਐਡਮਿਨਿਸਟਰੇਸ਼ਨ
(xi) ਗਰੇਟਰ ਲੰਡਨ ਪੇਪਰ

ਸਕੂਲ ਦੀ ਇਮਾਰਤ ਵਿਚ "Economist Book Shop" ਹੈ ਜਿਸ ਦੀ ਮਲਕੀਅਤ ਸਕੂਲ ਅਤੇ ਇਕਨਾਮਿਸਟ ਨਿਊਜ ਪੇਪਰ ਦੀ ਹੈ। ਇਸ ਵਿਚ ਸਮਾਜ ਵਿਗਿਆਨ ਸੰਬੰਧੀ ਪੁਸਤਕਾਂ ਦਾ ਬਹੁਤ ਵੱਡਾ ਸੰਗ੍ਰਹਿ ਹੈ। ਮੇਲ ਆਰਡਰ ਸੇਵਾ ਇਥੋਂ ਸਾਰੇ ਸੰਸਾਰ ਦੀਆਂ ਪੁਸਤਕਾਲਿਆਂ ਯੂਨੀਵਰਸਿਟੀ ਅਤੇ ਹੋਰ ਲਾਇਬਰੇਰੀਆਂ ਨੂੰ ਦਿੱਤੀ ਜਾਂਦੀ ਹੈ।

**ਸੇਵਾਵਾਂ :**

(i) ਸਕੂਲ ਵਿੱਚ ਦਾਖਲ ਹੋਣ ਵਾਲੇ ਸਾਰੇ ਵਿਦਿਆਰਥੀ ਉਤਸ਼ਾਹਿਤ ਸਮਾਜਿਕ ਜੀਵਨ ਦੇ ਮੌਕੇ ਪ੍ਰਾਪਤ ਕਰਦੇ ਹਨ। LSE Registred ਵਿਦਿਆਰਥੀਆਂ ਨੂੰ ਐਮ.ਫਿਲ, ਪੀ.ਐਚ.ਡੀ ਅਤੇ ਮਾਸਟਰ ਡਿਗਰੀ (M.Sc., M.A., LLM) ਤੇ ਕਈ ਵਿਸ਼ਿਆਂ ਤੇ ਡਿਪਲੋਮੇ ਯੂਨੀਵਰਸਿਟੀ ਆਫ਼ ਲੰਡਨ ਰਾਹੀਂ ਦਿੱਤੇ ਜਾਂਦੇ ਹਨ।

(ii) ਗਰੈਜੂਏਟ ਸਕੂਲ ਦੇ ਡੀਨ ਦੀਆਂ ਬਾਕੀ ਜੁੰਮੇਵਾਰੀਆਂ ਨਾਲ ਇਹ ਵਿਸ਼ੇਸ਼ ਜੁੰਮੇਵਾਰੀ ਹੈ ਕਿ ਉਹ ਹਰ ਇਕ ਵਿਦਿਆਰਥੀ ਨਾਲ ਆਪ ਨਿਜੀ ਤੋਰ ਤੇ ਸਲਾਹ ਮਸ਼ਵਰਾ ਕਰੇ।
ਸਕੂਲ ਕੈਲੰਡਰ (ਨਿਯਮਾਵਲੀ) ਵਿਚ ਲੈਕਚਰ ਅਤੇ ਸੈਮੀਨਾਰ ਬਾਰੇ ਪੂਰਨ ਜਾਣਕਾਰੀ ਦਿੱਤੀ ਹੁੰਦੀ ਹੈ ਕਿ ਸੈਮੀਨਾਰ ਕਦੋਂ ਤੇ ਕਿਥੇ ਆਯੋਜਿਤ ਕਰਨੇ ਹਨ। ਇਹ ਹਰ ਇਕ ਵਿਦਿਆਰਥੀ ਲਈ ਜ਼ਰੂਰੀ ਹੈ ਕਿ ਇਹਨਾਂ ਲੈਕਚਰਾਂ ਅਤੇ ਸੈਮੀਨਾਰਾਂ ਵਿਚ ਸ਼ਾਮਲ ਹੋਵੇ।

(iii) ਲੰਡਨ ਸਕੂਲ, ਭਾਸ਼ਾ ਅਧਿਐਨ ਲਈ ਸਹੂਲਤਾਂ ਪੇਸ਼ ਕਰਦਾ ਹੈ। ਫਰੈਂਚ, ਜਰਮਨ, ਰਸ਼ੀਅਨ, ਸਪੇਨਿਸ਼ ਭਾਸ਼ਾਵਾ ਛੋਟੇ ਅਤੇ ਵੱਡੇ ਪੱਧਰ ਤੇ ਸਿੱਖਣ ਲਈ ਦਿਸ਼ਾਨਿਰਦੇਸ਼ ਸਕੂਲ ਤੋਂ ਉਪਲਬਧ ਹਨ। ਇਥੇ ਇਕ ਭਾਸ਼ਾ ਲੈਬ ਹੈ ਜਿਸਨੂੰ ਵਿਦਿਆਰਥੀ ਨਿਜੀ ਪੜ੍ਹਾਈ ਜਾਂ ਅਧਿਆਪਨ ਲਈ ਵਰਤ ਸਕਦੇ ਹਨ। ਇਸ ਵਿੱਚ ਉਪਰੋਕਤ ਦਸੀਆਂ ਭਾਸ਼ਾਵਾਂ ਦੀ ਸਮਗਰੀ ਅਤੇ ਦੂਸਰੀਆਂ ਭਾਸ਼ਾਵਾਂ ਦੇ ਕੋਰਸਾਂ ਬਾਰੇ ਜਿਵੇਂ ਸਵੀਡਨ ਪੁਰਤਗਾਲੀ, ਜਾਪਾਨੀ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**ਲਾਇਬਰੇਰੀ :**

ਬ੍ਰਿਟਿਸ਼ ਲਾਇਬ੍ਰੇਰੀ ਆਫ ਪੋਲੀਟੀਕਲ ਐਂਡ ਇਕਨਾਮਿਕ ਸਾਇੰਸ ਸਕੂਲ ਦੀ ਮੁੱਖ ਲਾਇਬਰੇਰੀ ਹੈ। ਇਥੇ ਤਿੰਨ ਕਰੋੜ ਦਾ ਸੰਗ੍ਰਹਿ ਹੈ ਜਿਸ ਵਿੱਚ ਸਭ ਤੋਂ ਵੱਧ ਪੁਸਤਕਾਂ ਸਮਾਜ ਵਿਗਿਆਨ ਤੇ ਹਨ। ਅਰਥਸ਼ਾਸਤਰ, ਕਾਮਰਸ, ਵਿਉਪਾਰ ਪ੍ਰਬੰਧ, ਆਵਾਜਾਈ, ਅੰਕੜੇ, ਰਾਜਨੀਤੀ ਵਿਗਿਆਨ, ਲੋਕਪ੍ਰਸ਼ਾਸ਼ਨ, ਅੰਤਰਰਾਜੀ ਕਾਨੂੰਨ ਸਮਾਜਿਕ, ਆਰਥਿਕ ਅਤੇ ਇਤਿਹਾਸ ਦੇ ਅੰਤਰਰਾਸ਼ਟਰੀ ਵੱਖ ਵੱਖ ਪੱਖਾਂ ਤੇ ਬਹੁਤ ਸਮਗਰੀ ਹੈ। ਖੋਜਾਰਥੀਆਂ ਲਈ ਇਹ ਸੰਸਥਾ ਇਕ ਲੋੜੀਂਦਾ ਸੋਮਾ ਹੈ।

ਅਧਿਆਪਨ ਲਈ ਇਥੇ 27,000 ਦਾ ਸੰਗ੍ਰਹਿ ਹੈ, ਜਿਸ ਵਿਚ ਐਮ.ਏ, ਐਲ.ਐਲ.ਐਮ ਤੇ ਡਿਪਲੋਮੇ ਲਈ ਸਮੱਗਰੀ ਉਪਲਬਧ ਹੈ।

**ਸੇਵਾਵਾਂ :**

(i) ਲਾਇਬ੍ਰੇਰੀ ਸੰਗ੍ਰਹਿ ਵਿਚੋਂ ਪੁਸਤਕਾਂ ਜਾਰੀ ਕਰਵਾਈਆਂ ਜਾ ਸਕਦੀਆਂ ਹਨ। ਪਰ ਮੁੱਖ ਲਾਇਬਰੇਰੀ ਦਾ ਸੰਗ੍ਰਹਿ ਕੇਵਲ ਮਸ਼ਵਰੇ ਜਾਂ ਸੰਦਰਭ ਲਈ ਹੀ ਹੈ ;

(ii) 'ਗਾਈਡ ਟੂ ਲਾਇਬਰੇਰੀ' ਬਰੌਸ਼ਰ ਦਾ ਅਧਿਐਨ ਲਾਇਬਰੇਰੀ ਦਾ ਸੰਪੂਰਨ ਲਾਭ ਲੈਣ ਲਈ ਜ਼ਰੂਰੀ ਹੈ। ਕਿਸੇ ਵੀ ਸੇਵਾ ਕੇਂਦਰ ਤੋਂ ਇਸ ਦੀ ਮੁਫ਼ਤ ਕਾਪੀ ਲਈ ਜਾ ਸਕਦੀ ਹੈ ;

(iii) ਸਮਾਜ ਵਿਗਿਆਨ ਸੂਚਨਾ ਦੀਆਂ ਆਨਲਾਈਨ ਅਧਾਰਿਤ ਕੰਪਿਊਟਰ ਫਾਈਲਾਂ ਵੀ ਉਪਲਬਧ ਹਨ ;

(iv) ਲਾਇਬਰੇਰੀ ਟਾਇਪਿੰਗ ਰੂਮ ਦੀ ਸੁਵਿਧਾ ਦਿੰਦੀ ਹੈ ਜਿਥੇ ਵਿਦਿਆਰਥੀ ਆਪਣੀ ਮਸ਼ੀਨ ਲਿਆ ਕੇ ਵਰਤ ਸਕਦੇ ਹਨ। ਛੋਟੀਆਂ ਮਸ਼ੀਨਾਂ ਮੁਫ਼ਤ ਵਰਤਣ ਲਈ ਸੰਸਥਾ ਦਿੰਦੀ ਹੈ।

(v) ਛੇਵੀਂ ਮੰਜਿਲ ਦੀ 'Shaw Library' ਵਿਚ ਅਜਿਹੀਆਂ ਪੁਸਤਕਾਂ ਦਾ ਭੰਡਾਰਨ ਹੈ ਜੋ ਮਨੋਰੰਜਨ, ਕਲਾ, ਸਾਹਿਤ, ਸੰਗੀਤ ਆਦਿ ਨਾਲ ਸੰਬੰਧਿਤ ਹਨ। ਇਹ ਪੁਸਤਕਾਂ ਜਾਰੀ ਵੀ ਕਰਵਾਈਆਂ ਜਾ ਸਕਦੀਆਂ ਹਨ ਤੇ ਉਥੇ ਵੀ ਪੜ੍ਹੀਆਂ ਜਾ ਸਕਦੀਆਂ ਹਨ ;

(vi) ਯੂਨੀਵਰਸਿਟੀ ਲਾਇਬਰੇਰੀ ਵਿਚ ਸੈਨੇਟ ਹਾਊਸ ਦੀ ਚੌਥੀ ਮੰਜਿਲ ਤੋਂ ਦਾਖਲ ਹੋਇਆ ਜਾ ਸਕਦਾ ਹੈ। ਇਹ ਇਕ ਕਰੋੜ ਪੁਸਤਕਾਂ ਵਾਲੀ ਆਮ ਲਾਇਬਰੇਰੀ ਹੈ ਜਿਥੋਂ ਘਰ ਪੜ੍ਹਨ ਲਈ ਪੁਸਤਕਾਂ ਇਸ਼ੂ ਕਰਵਾਈਆਂ ਜਾ ਸਕਦੀਆਂ ਹਨ।

**ਕੰਪਿਊਟਰ ਸੈਕਸ਼ਨ :**

ਸਕੂਲ ਕੋਲ ਦੋ digital VAX 11/780 ਕੰਪਿਊਟਰ ਹਨ ਜਿਸ ਵਿਚ VMS ਹੈ ਜੋ ਅਧਿਆਪਨ ਕਾਰਜ ਅਤੇ ਛੋਟੀ ਖੋਜ ਲਈ ਵਰਤੋਂ ਵਿਚ ਆਉਂਦੇ ਹਨ। ਲੰਡਨ ਸਕੂਲ,-ਯੂਨੀਵਰਸਿਟੀ ਆਫ ਲੰਡਨ ਕੰਪਿਊਟਰ ਸੈਂਟਰ ਨਾਲ ਸੰਬੰਧਿਤ ਹੈ। ਇਸ ਵਿਚ 100 ਤੋਂ ਵੱਧ ਵਰਕ-ਸਟੇਸ਼ਨ ਹਨ। ਕੰਪਿਊਟਰ ਸਹੂਲਤਾਂ ਲਈ ਕੁਨੈਕਸ਼ਨ ਪ੍ਰਦਾਨ ਕਰਦੇ ਹਨ। ਇਥੇ ਵਿਭਿੰਨ ਪ੍ਰਕਾਰ ਦੇ ਮਾਈਕਰੋ ਕੰਪਿਊਟਰ ਵੀ ਹਨ ਜਿਸ ਵਿੱਚ IBC, PC ਅਤੇ BBC ਸ਼ਾਮਲ ਹਨ। ਇਥੇ ਬਹੁਤ ਸਾਰੇ software TSP, MINILAB, SCSS, GLIM, GINO, NAC, SCICONIC, MPCODE and INGRES ਆਦਿ Social Sciences ਨਾਲ ਸਬੰਧਿਤ ਹਨ, ਜੋ ਅੰਤਰਰਾਸ਼ਟਰੀ ਪੱਧਰ ਤੇ ਸਮਾਜ ਵਿਗਿਆਨ ਸਬੰਧੀ ਖੋਜ ਪ੍ਰਕਿਰਿਆਵਾਂ ਕਰਵਾਉਣ ਲਈ ਕਾਰਜਸ਼ੀਲ ਹਨ।

ਹੋਰ ਜਾਣਕਾਰੀ ਲਈ ਹੇਠ ਲਿਖੀਆਂ ਵੈਬਸਾਈਆਂ ਵੇਖੋ :

1. www.icssd.org.
2. www.usesco.org
3. www.ipsa.co.in
4. www.isa.sociology.org
5. www.lse.ac.uk

Type Setting :
Department of Distance Education, Punjabi University, Patiala.